ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 8 | Issue 49 | 26 December 2018 to 01 January 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ। ਖ਼ੁਦ ਬੜ੍ਹ ਕੇ ਗਲਾ ਤੇਗ਼ ਪਿ ਧਰਨਾ ਤੋ ਹੈ ਆਤਾ।

# ਸਫਰ-ਏ-ਸ਼ਹਾਦਤ : ਆਨੰਦਪੁਰ ਤੋਂ ਸਰਹਿੰਦ ਦੀ ਦੀਵਾਰ ਤੀਕ

- ਦਸਮੇਸ਼ ਪਿਤਾ ਦੇ ਸੁਨੇਹੇ ਨੂੰ ਸੁਣਨ ਦੀ ਬੇਲਾ
- ਪਤਿਤਪੁਣੇ ਦੇ ਹਨੇਰ 'ਚੋਂ ਨਿਕਲਣ ਲਈ ਸ਼ਹਾਦਤਾਂ ਦੇ ਇਤਿਹਾਸ ਦੀ ਲੋਅ ਜ਼ਰੂਰੀ
- ਸਿੱਖ ਵਿਹੜੇ 'ਚੋਂ ਡੋਗਰਾ-ਬਿਰਤੀ ਰਾਜਸੀ ਗੰਦ ਨੂੰ ਹੂੰਝਣ ਦੀ ਲੋੜ



ਸ਼ਹੀਦੀ ਸਭਾ ਮੌਕੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੁੰਦੇ ਹੋਏ ਸ਼ਰਧਾਲੂ।

**ਚਮਕੌਰ ਸਾਹਿਬ,ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਗੁਰੂਆਂ ਦੀ ਵਰੋਸਾਈ ਪੰਜਾਬ ਦੀ ਧਰਤੀ ਉਤੇ ਇਨ੍ਹੀਂ ਦਿਨੀਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਸਮੇਤ ਤਮਾਮ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾਵਾਂ ਚੱਲ ਰਹੀਆਂ ਹਨ। ਗੁਰੂ ਪਿਤਾ ਦੇ ਪਰਿਵਾਰ ਤੇ ਸਿੰਘਾਂ ਦੇ ਸ੍ਰੀ ਆਨੰਦਪੁਰ ਦੀ ਧਰਤੀ ਤੋਂ ਸ਼ੁਰੂ ਹੋਏ ਇਸ ਸਫਰ-ਏ-ਸ਼ਹਾਦਤ ਨੂੰ ਯਾਦ ਕਰਦਿਆਂ ਸਿੱਖ ਸੰਗਤ ਹਰ ਸਾਲ ਚੱਪੇ-ਚੱਪੇ 'ਤੇ ਸ਼ਹੀਦੀ ਸਭਾਵਾਂ ਰਾਹੀਂ ਸਿੱਖ ਇਤਿਹਾਸ ਦੇ ਉਸ ਭੀਆਵਲੇ ਸਮੇਂ ਨੂੰ ਆਤਮਸਾਤ ਕਰਦੀ ਆ ਰਹੀ ਹੈ। ਇਸ ਵਾਰ ਵੀ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਦੀ ਆਮਦ ਹੁੰਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਇਤਿਹਾਸਕ ਗੁਰਦੁਆਰਾ ਸ੍ਰੀ ਭੱਠਾ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਫ਼ਤਹਿਗੜ੍ਹ ਸਾਹਿਬ, ਸ੍ਰੀ ਜੋਤੀ ਸਰੂਪ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਖੇ ਨਤਮਸਤਕ ਹੋਏ ਅਤੇ ਹੋ ਰਹੇ ਹਨ। ਵੱਡੀ ਗਿਣਤੀ ਸੰਗਤਾਂ ਦੀ ਆਮਦ ਨੂੰ ਮੁੱਖ ਰਖ ਕੇ ਸ਼ਰਧਾਲੂਆਂ ਵਲੋਂ ਦਿਨ-ਰਾਤ ਅਤੁੱਟ ਲੰਗਰ ਵਰਤਾਏ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਪ੍ਰਬੰਧ ਕੀਤੇ ਗਏ ਹਨ, ਤਾਂ ਕਿ ਦੂਰੋਂ-ਦੂਰੋਂ ਆ ਰਹੀਆਂ ਸੰਗਤਾਂ ਨੂੰ ਕੋਈ ਮੁਸ਼ਕਲ ਨਾ ਆਵੇ। ਸਰਹਿੰਦ ਦੇ ਆਮ ਖ਼ਾਸ ਬਾਗ਼ ਵਿਖੇ ਹਰ ਰੋਜ਼ ਇਤਿਹਾਸਕ ਨਾਟਕ ਦਿਖਾਏ ਜਾ ਰਹੇ ਹਨ।

**ਦਸਮੇਸ਼ ਪਿਤਾ ਦੇ ਸੁਨੇਹੇ ਨੂੰ ਸੁਣਨ ਦੀ ਬੇਲਾ :** ਇਹ ਦਿਨ ਮਾਛੀਵਾੜੇ ਤੋਂ ਆਉਂਦੇ ਉਸ ਸੁਨੇਹੇ ਨੂੰ ਸੁਨਣ, ਮਹਿਸੂਸ ਕਰਨ ਅਤੇ ਜੇ ਹੋ ਸਕੇ ਤਾਂ ਮੰਨਣ ਦੇ ਦਿਨ ਹਨ, ਜਿਹੜਾ ਦਸਮੇਸ਼ ਪਿਤਾ ਨੇ ਆਪਣੇ ਮਾਲਕ ਪਰਮ ਪਿਤਾ ਨੂੰ ਮਾਛੀਵਾੜੇ ਦੇ ਜੰਗਲਾਂ ਵਿਚ ਸੂਲਾਂ ਦੀ ਸੇਜ ਉਤੇ, ਟਿੰਡ ਦਾ ਸਿਰਹਾਣਾ ਲਾ ਕੇ, ਸ਼ੂਕਦੀ ਠੰਡ ਵਿਚ ਆਪਣੇ ਸਮੁੱਚੇ ਪਰਿਵਾਰ ਅਤੇ ਜਾਨ ਤੋਂ ਪਿਆਰੇ ਸਮੂਹ ਸਿੰਘਾਂ ਤੋਂ ਵਿਛੜ ਕੇ ਦਿੱਤਾ ਸੀ। ਸੰਸਾਰ ਦੇ ਸਭ ਤੋਂ ਕਰੜੇ ਇਮਤਿਹਾਨ ਨੂੰ ਸਫ਼ਲਤਾ ਨਾਲ ਪਾਸ ਕਰਨ ਉਪਰੰਤ ਕਲਗੀਆਂ ਵਾਲੇ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਉਸ ਦੀ ਕ੍ਰਿਪਾ ਨੂੰ ਪਲ-ਪਲ ਲੋਚਿਆ ਸੀ। ਦਸਮੇਸ਼ ਪਿਤਾ ਨੇ ਆਪਣੇ ਸਰਬੰਸ ਨੂੰ ਵਾਰ ਕੇ ਅਤੇ ਸਮੁੱਚੇ ਖਾਲਸਾ ਪੰਥ ਤੋਂ ਵਿਛੜਣ ਉਪਰੰਤ ਵਾਹਿਗੁਰੂ ਨੂੰ ਆਪਣੇ ਅੰਗ-ਸੰਗ ਰਹਿਣ ਦੀ ਜੋਦੜੀ ਕੀਤੀ ਅਤੇ ਪ੍ਰਮਾਤਮਾ ਦੇ ਸਾਥ ਲਈ ਹਰ ਵਿਛੋੜੇ ਨੂੰ ਤੁੱਛ ਦੱਸਿਆ ਸੀ। ਉਸ ਮਹਾਨ ਗੁਰੂ, ਜਿਸ ਨੇ ਇਕ ਨਿਆਰੀ ਤੇ ਨਿਰਾਲੀ ਕੌਮ ਸਿਰਜਣ ਲਈ ਰੂਹਾਨੀ ਰੰਗਾਂ ਦੇ ਇਤਿਹਾਸਕ ਮਿਸ਼ਰਣ ਲਈ ਆਪਣੇ ਸਰਬੰਸ ਨੂੰ ਵਾਰਿਆ, ਉਸ ਮਹਾਨ ਗੁਰੂ ਦਾ ਮਾਛੀਵਾੜੇ ਦੇ ਜੰਗਲਾਂ ਤੋਂ ਆਇਆ ਸੁਨੇਹਾ ਅੱਜ ਉਸ

**ਬਾਕੀ ਸਫ਼ਾ 33 'ਤੇ**

## ਟਾਂਵਾ-ਟਾਂਵਾ ਦੀਪ ਜਗੇ...

**ਫਤਹਿਗੜ੍ਹ ਸਾਹਿਬ :** ਸੋਸ਼ਲ ਮੀਡੀਆ, ਸਿੱਖ ਪ੍ਰਚਾਰਕਾਂ ਦੇ ਪਰਚਾਰ ਦੇ ਅਸਰ ਕਾਰਨ ਇਸ ਵਾਰ ਸ਼ਹੀਦੀ ਜੋੜ-ਮੇਲ ਉਪਰ ਪਹਿਲਾਂ ਜਿਹੇ ਬਹੁਤੇ ਲੰਗਰ ਨਹੀਂ ਦਿਖਾਈ ਦਿੱਤੇ। ਕਈ ਦਿਨ ਪਹਿਲਾਂ ਹੀ ਇਸ ਵਾਰ ਲੰਗਰਾਂ ਦੇ ਸਰੂਪ ਤੇ ਮਰਿਆਦਾ ਬਾਰੇ ਜੋ ਪ੍ਰਭਾਵ ਮਿਲਣ ਲੱਗਾ ਸੀ, ਉਸ ਤੋਂ ਸਪਸ਼ਟ ਸੀ ਕਿ ਇਸ ਵਾਰ ਜੋੜ-ਮੇਲ ਉਪਰ ਜ਼ਿਆਦਾ ਲੰਗਰ ਸਿੱਖ ਮਰਿਆਦਾ ਦੇ ਅਨੁਕੂਲ ਹੋਣਗੇ।

**ਬਾਕੀ ਸਫ਼ਾ 33 'ਤੇ**

## ਇੰਡੋਨੇਸ਼ੀਆ ਵਿਚ ਸੁਨਾਮੀ ਨਾਲ ਮੌਤਾਂ ਦੀ ਗਿਣਤੀ 373 ਹੋਈ

**ਕੈਰੀਟਾ (ਇੰਡੋਨੇਸ਼ੀਆ) /ਬਿਊਰੋ ਨਿਊਜ਼ :** ਇੰਡੋਨੇਸ਼ੀਆ ਵਿਚ ਬੀਤੇ ਦਿਨ ਆਈ ਸੁਨਾਮੀ ਨਾਲ ਹੋਈਆਂ ਮੌਤਾਂ ਦੀ ਗਿਣਤੀ ਵਧ ਕੇ 373 ਨੂੰ ਪੁੱਜ ਗਈ ਹੈ ਜਦਕਿ ਜ਼ਖ਼ਮੀਆਂ ਦੀ ਗਿਣਤੀ 1459 ਨੂੰ ਟੱਪ ਗਈ ਹੈ। 128 ਦੇ ਕਰੀਬ ਲੋਕ ਅਜੇ ਵੀ ਲਾਪਤਾ ਹਨ। ਉਧਰ ਰਾਹਤ ਤੇ ਬਚਾਅ ਕਾਰਜਾਂ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਮਾਹਿਰਾਂ ਨੇ ਹਾਲਾਂਕਿ ਖੇਤਰ ਵਿਚ ਪਾਣੀ ਦੀਆਂ ਹੋਰ ਉੱਚੀਆਂ ਛੱਲਾਂ ਆਉਣ ਦੀ ਚੇਤਾਵਨੀ ਦਿੱਤੀ ਹੈ। ਰਾਹਤ ਕਾਮਿਆਂ ਵੱਲੋਂ ਸੁਨਾਮੀ ਦੀ ਮਾਰ ਆਏ ਖੇਤਰਾਂ 'ਚ ਰਾਹਤ ਕਾਰਜ ਜਾਰੀ ਹਨ ਤੇ ਇਸ ਦੌਰਾਨ ਮੈਦਾਨੀ ਇਲਾਕਿਆਂ ਨੂੰ ਖਾਲੀ ਕਰਾਉਂਦਿਆਂ ਹਜ਼ਾਰਾਂ ਲੋਕਾਂ ਨੂੰ ਸਿਖਰਲੇ ਮੈਦਾਨਾਂ ਵਿੱਚ ਪਹੁੰਚਾ ਦਿੱਤਾ ਗਿਆ ਹੈ।

**ਸੁਨਾਮੀ ਨਾਲ ਪਿੰਡਾਂ ਦੇ ਪਿੰਡ ਤਬਾਹ :** ਮੁਲਕ ਵਿਚ ਜਵਾਲਾਮੁਖੀ ਫਟਣ ਮਗਰੋਂ ਆਈ ਸੁਨਾਮੀ ਨਾਲ ਪਿੰਡਾਂ ਦੇ ਪਿੰਡ ਤਬਾਹ ਹੋ ਗਏ ਹਨ। ਕੁਝ ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੁਦਰਤ ਦੇ ਕਹਿਰ ਨੂੰ ਅੱਖੀਂ ਵੇਖਿਆ ਹੈ ਤੇ ਸਭ ਕੁਝ ਸਕਿੰਟਾਂ 'ਚ ਤਬਾਹ ਹੋ ਗਿਆ। ਮੋਟਰ ਬਾਈਕ 'ਤੇ ਬੈਠੇ ਆਸੇਪ ਸੁਨਾਰੀਆ ਨੂੰ ਪਾਣੀ ਦੀ ਉੱਚੀ ਸਾਰੀ ਲਹਿਰ ਵੱਲੋਂ ਚੁੱਕ ਕੇ ਵਗਾਹ ਮਾਰਨ ਤੋਂ ਪਹਿਲਾਂ ਉਹਨੂੰ ਕੰਨਾਂ 'ਚ ਮਹਿਜ਼ ਜ਼ੋਰਦਾਰ ਆਵਾਜ਼ ਹੀ ਸੁਣੀ। ਸੁਨਾਮੀ ਉਹਦੇ ਘਰ ਤੇ ਪਿੰਡ, ਜਿਸ ਨੂੰ ਉਹ ਸ਼ਨਿਚਰਵਾਰ ਰਾਤ ਤਕ ਆਪਣੀ ਮਾਤ ਭੂਮੀ

**ਬਾਕੀ ਸਫ਼ਾ 33 'ਤੇ**

## ਰਾਜੀਵ ਗਾਂਧੀ ਦੇ ਬੁੱਤ 'ਤੇ ਅਕਾਲੀਆਂ ਨੇ ਮਲੀ ਕਾਲਖ

### ਕਾਂਗਰਸੀ ਆਗੂ ਵੱਲੋਂ ਦਸਤਾਰ ਦੀ ਬੇਅਦਬੀ



**ਲੁਧਿਆਣਾ /ਬਿਊਰੋ ਨਿਊਜ਼ :** ਅਕਾਲੀ ਆਗੂਆਂ ਨੇ ਸ਼ਹਿਰ ਦੇ ਸਲੇਮ ਟਾਬਰੀ ਇਲਾਕੇ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਖ਼ ਮਲ਼ ਦਿੱਤੀ ਤੇ ਹੱਥਾਂ ਨੂੰ ਲਾਲ ਰੰਗ ਵਿਚ ਰੰਗ ਦਿੱਤਾ। ਕੁਝ ਸਮੇਂ ਬਾਅਦ ਇਕ ਕਾਂਗਰਸੀ ਲੀਡਰ ਨੇ ਗਾਂਧੀ ਦੇ ਬੁੱਤ ਨੂੰ ਦੁੱਧ ਨਾਲ ਧੋ ਕੇ ਸਾਫ਼ ਕੀਤਾ। ਸੱਜਣ ਕੁਮਾਰ ਨੂੰ ਸੰਨ 1984 ਦੇ ਸਿੱਖ ਕਤਲੇਆਮ ਦੇ ਦੋਸ਼ ਵਿਚ ਤਾ-ਉਮਰ ਕੈਦ ਤੋਂ ਬਾਅਦ ਅਕਾਲੀ ਲਗਾਤਾਰ ਰਾਜੀਵ ਗਾਂਧੀ ਤੋਂ ਭਾਰਤ ਰਤਨ ਵਾਪਿਸ ਲੈਣ ਦੀ ਮੰਗ ਕਰ ਰਹੇ ਹਨ, ਜਦਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗਾਂਧੀ ਪਰਿਵਾਰ ਦਾ ਬਚਾਅ ਕਰਦੇ ਆਏ ਹਨ। ਸਵੇਰੇ ਦੋ ਅਕਾਲੀ ਲੀਡਰਾਂ ਵੱਲੋਂ ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਖ਼ ਮਲ਼ਣ ਪਿੱਛੋਂ ਰਾਜੀਵ ਗਾਂਧੀ ਦੇ ਸੰਨ 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਹੋਣ ਨੂੰ ਇਸ ਦਾ ਕਾਰਨ ਦੱਸਿਆ। ਮਿਲੀ ਜਾਣਕਾਰੀ ਮੁਤਾਬਕ ਯੂਥ ਅਕਾਲੀ ਦਲ ਦੇ ਸੀਨੀਅਰ ਲੀਡਰ ਗੁਰਦੀਪ ਸਿੰਘ ਗੋਸ਼ਾ ਤੇ ਮੀਤਪਾਲ ਸਿੰਘ ਦੁੱਗਰੀ ਨੇ ਸਵੇਰੇ ਰਾਜੀਵ ਗਾਂਧੀ ਦੇ ਬੁੱਤ ਨੂੰ ਕਾਲੇ-ਲਾਲ ਰੰਗ ਵਿਚ ਰੰਗਣ ਤੋਂ ਬਾਅਦ ਕਿਹਾ ਕਿ ਰਾਜੀਵ ਗਾਂਧੀ ਸੰਨ 1984 'ਚ ਸਿੱਖਾਂ ਦੇ ਕਤਲਾਂ ਦਾ ਮਾਸਟਰਮਾਈਂਡ ਸੀ।

**ਬਾਕੀ ਸਫ਼ਾ 33 'ਤੇ**

## ਵਿਸ਼ਵ ਭਰ 'ਚ ਇਸਾਈ ਭਾਈਚਾਰੇ ਨੇ ਉਤਸ਼ਾਹ ਨਾਲ ਮਨਾਇਆ ਕ੍ਰਿਸਮਸ ਦਾ ਤਿਉਹਾਰ

### *ਪੋਪ ਨੇ ਲਾਲਚ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ*

**ਬੈਥਲੇਹਮ(ਯੇਰੂਸ਼ਲਮ)/ਬਿਊਰੋ ਨਿਊਜ਼ :** ਸੰਸਾਰ ਭਰ ਵਿਚ ਇਨ੍ਹੀਂ ਦਿਨੀ ਇਸਾਈ ਧਰਮ ਦੇ ਪਵਿੱਤਰ ਤਿਉਹਾਰ ਕ੍ਰਿਸਮਸ ਦੀ ਧੂਮ ਹੈ। ਕ੍ਰਿਸਮਸ ਮਨਾਉਣ ਲਈ ਵਿਸ਼ਵ ਭਰ ਤੋਂ ਹਜ਼ਾਰਾਂ ਸ਼ਰਧਾਲੂ ਭਗਵਾਨ ਯਸੂ ਦੇ ਜਨਮ ਅਸਥਾਨ ਬੈਥਲੇਹਮ ਪੁੱਜੇ ਜਿੱਥੇ ਕਈ ਸਾਲਾਂ ਬਾਅਦ ਲੋਕਾਂ ਨੇ ਕਾਫੀ ਉਤਸ਼ਾਹ ਨਾਲ ਇਹ ਤਿਉਹਾਰ ਮਨਾਇਆ। ਅਮਰੀਕੀ ਪ੍ਰਸ਼ਾਸਨ ਵੱਲੋਂ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਐਲਾਨਣ ਮਗਰੋਂ ਇੰਨੀ ਵੱਡੀ ਗਿਣਤੀ ਵਿਚ ਲੋਕ ਇੱਥੇ ਇਕੱਠੇ ਹੋਏ। 'ਮੈਂਜਰ ਸਕੁਏਅਰ' ਵਿਚ ਸੈਲਾਨੀ ਅਤੇ ਸਥਾਨਕ ਲੋਕ ਅੱਧੀ ਰਾਤ ਨੂੰ ਇਕੱਠੇ ਹੋਏ ਅਤੇ ਫਲਸਤੀਨੀ ਸਕਾਊਟ ਦੀ ਅਗਵਾਈ ਹੇਠ ਪਰੰਪਰਾਗਤ ਮਾਰਚ ਕੱਢਿਆ ਗਿਆ ਅਤੇ ਮਨਾਏ ਜਾਣ ਵਾਲੇ ਕ੍ਰਿਸਮਸ ਦੇ ਜਸ਼ਨ ਦਾ ਆਗਾਜ਼ ਕੀਤਾ ਗਿਆ।

**ਬਾਕੀ ਸਫ਼ਾ 33 'ਤੇ**




















1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅਜਮੇਰ ਸਿੰਘ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ
ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇੰਸਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
ਕੀਮਤਾਂ ਬਹੁਤ ਹੀ ਵਾਜਬ !
Free Buffet over 100 gallons
open 6am to midnight
Phone: 765-478-6300

# ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰ ਹਵਾਰਾ ਦੀ ਅਗਵਾਈ 'ਚ ਚੱਲਣ ਦੀ ਵਚਨਬੱਧਤਾ ਦੁਹਰਾਈ

## ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਹਵਾਰਾ ਦੀ ਪੱਕੀ ਰਿਹਾਈ ਲਈ ਠੋਸ ਕਦਮ ਚੁੱਕਣ ਦੀ ਬੇਨਤੀ

**ਨਿਊਯਾਰਕ/ਹੁਸਨ ਲੜੋਆ ਬੰਗਾ :** ਈਸਟ ਕੋਸਟ ਅਮਰੀਕਾ ਦੀਆਂ 85 ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੀ ਇੱਕਮੁੱਠਤਾ ਨਾਲ 3 ਸਾਲ ਪਹਿਲਾਂ ਹੋਂਦ ਵਿੱਚ ਆਈ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਵੱਲੋਂ ਸਥਾਨਕ 'ਵਰਲਡ ਫੇਅਰ ਮਰੀਨਾ' ਵਿਖੇ ਹੋਏ ਨੁਮਾਇੰਦਾ ਇਕੱਠ ਵਿੱਚ ਪਿੱਛਲੇ ਤਿੰਨ ਸਾਲਾਂ ਦਾ ਆਪਣਾ ਲੇਖਾ ਜੋਖਾ ਸੰਗਤਾਂ ਸਾਹਮਣੇ ਰੱਖਿਆ ਗਿਆ। ਇਸ ਵਿੱਚ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿਖੇ ਸਲਾਨਾ ਸਿੱਖ ਡੇ ਪਰੇਡ ਦੀ ਸ਼ੁਰੂਆਤ, ਅਮਰੀਕੀ ਕਾਂਗਰਸ ਵੱਲੋਂ 'ਨੈਸ਼ਨਲ ਸਿੱਖ ਡੇਂ' ਨੂੰ ਮਤਾ ਪਾ ਮਾਨਤਾ ਦੇਣੀ, ਸਿੱਖ ਮਸਲਿਆਂ ਵਿੱਚ ਦਖਲਅੰਦਾਜ਼ੀ ਵਿਰੁੱਧ ਭਾਰਤੀ ਨੁਮਾਇੰਦਿਆਂ ਤੇ ਅਮਰੀਕੀ ਗੁਰੂਘਰਾਂ ਵਿੱਚ ਪਾਬੰਦੀ ਅਤੇ ਸੰਨ 1984 ਦੀ ਸਿੱਖ ਨਸਲਕੁਸ਼ੀ ਨੂੰ ਪੈਨਸਿਲਵੇਨੀਆ ਅਤੇ ਕਨੈਕਟੀਕਟ ਦੀਆਂ ਸਟੇਟ ਅਸੈਂਬਲੀਆਂ ਵੱਲੋਂ ਮਾਨਤਾ ਜਹੇ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ । ਇਸ ਨੁਮਾਇੰਦਾ ਇਕੱਠ ਵਿੱਚ ਈਸਟ ਕੋਸਟ ਸਿੱਖ



ਕੋਆਰਡੀਨੇਸ਼ਨ ਕਮੇਟੀ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ ਤੇ ਸਰਬੱਤ ਖਾਲਸਾ-2015 ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ ਅਤੇ ਅਗਵਾਈ ਹੇਠ ਸੰਘਰਸ਼ ਜਾਰੀ ਰੱਖਣ ਲਈ ਵਚਨਬੱਧਤਾ ਮੁੜ ਦੁਹਰਾਈ ਗਈ। ਕੋਆਰਡੀਨੇਟਰ ਸ.ਹਿੰਮਤ ਸਿੰਘ ਅਤੇ ਹਰਜਿੰਦਰ ਸਿੰਘ ਪਾਈਨ ਹਿੱਲ ਵੱਲੋਂ ਕੋਆਰਡੀਨੇਸ਼ਨ ਕਮੇਟੀ ਦੇ ਕੀਤੇ ਗਏ ਕੰਮਾਂ ਅਤੇ ਅੱਗੇ ਦੀ ਰਣਨੀਤੀ ਬਾਰੇ ਵਿਚਾਰ ਸਾਂਝੇ ਕੀਤੇ ਗਏ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਰਡੀਨੇਟਰ ਡਾ.ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਅਮਰੀਕਨ ਸਿੱਖ ਕਾਕਸ ਵੱਲੋਂ ਅਮਰੀਕੀ ਸਰਕਾਰ ਤੱਕ ਪਹੁੰਚ ਕਰ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਅਤੇ ਜਥੇਦਾਰ ਹਵਾਰਾ ਦੀ ਅਗਵਾਈ ਹੇਠ 'ਵਰਲਡ ਸਿੱਖ ਪਾਰਲੀਮੈਂਟ' ਦੀ ਕਇਮੀ ਵੱਲ ਵਧ ਰਹੇ ਕਦਮ ਸਿੱਖ ਕੌਮ ਲਈ ਇੱਕ ਆਸ ਦੀ ਕਿਰਨ ਹਨ ਜਿਸ ਨੂੰ ਕਾਮਯਾਬ ਕਰਨ ਲਈ ਅਸੀਂ ਆਪਸੀ ਮੱਤਭੇਦਾਂ ਤੋਂ ਉੱਪਰ ਉੱਠ ਕੇ ਕੰਮ ਕਰੀਏ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਇਕੱਠ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਿੱਥੇ ਅੱਜ ਕੌਮ ਚਮਕੌਰ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰ ਰਹੀ ਹੈ, ਉਸੇ ਤਰ੍ਹਾਂ ਸੰਨ 1984 ਵਿੱਚ ਗਿਣਵੇਂ ਸਿੰਘਾਂ ਨੇ ਵੀ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਵਾਉਂਦਿਆਂ ਅਜ਼ਾਦੀ ਦੇ ਸੰਘਰਸ਼ ਨੂੰ ਬੁਲੰਦੀਆਂ ਉਤੇ ਲਿਆਂਦਾ। ਇਹ ਅੱਚ ਬਾਹਰਲੇ ਸਿੱਖਾਂ ਦੇ ਜ਼ਿੰਮੇ ਹੈ ਕਿ ਅਸੀਂ ਇਸ ਸੰਘਰਸ਼ ਦੀ ਇੱਕਮੁਠਤਾ ਨਾਲ ਅਗਵਾਈ ਕਰੀਏ । ਇਸ ਇਕੱਤਰਤਾ ਵਿੱਚ ਸਿੱਖਸ ਫਾਰ ਜਸਟਿਸ ਵੱਲੋਂ ਅਵਤਾਰ ਸਿੰਘ ਪੰਨੂੰ ਅਤੇ ਜਗਦੀਪ ਸਿੰਘ, ਅਕਾਲੀ ਦਲ (ਅ) ਵੱਲੋਂ ਸੁਰਜੀਤ ਸਿੰਘ ਕੁਲਾਰ ਅਤੇ ਜੋਗਾ ਸਿੰਘ, ਬਾਬਾ ਮੱਖਣ ਸ਼ਾਹ ਲੁਬਾਣਾ (ਨਿਊਯਾਰਕ) ਵੱਲੋਂ ਕੁਲਦੀਪ ਸਿੰਘ, ਸੰਤ ਸਾਗਰ ਗੁਰੂਘਰ (ਨਿਊਯਾਰਕ) ਵੱਲੋਂ ਬਾਬਾ ਸੱਜਣ ਸਿੰਘ, ਕਨੈਕਟੀਕਟ ਤੋਂ ਵੀਰ ਸਿੰਘ ਮਾਂਗਟ, ਮੈਸੇਚਿਊਸੈਟਸ ਤੋਂ ਗੁਰਨਿੰਦਰ ਸਿੰਘ ਧਾਲੀਵਾਲ, ਵਰਜੀਨੀਆ ਤੋਂ ਭਾਈ ਨਰਿੰਦਰ ਸਿੰਘ (ਸਿੱਖ ਯੂਥ ਆਫ ਅਮਰੀਕਾ) ਅਤੇ ਪਰਮਜੀਤ ਸਿੰਘ, ਇੰਡੀਆਨਾ ਤੋਂ ਭਾਈ ਸੰਤੋਖ ਸਿੰਘ, ਸਿੱਖ ਕਲਚਰਲ ਸੁਸਾਇਟੀ (ਨਿਊਯਾਰਕ) ਤੋਂ ਬਲਾਕਾ ਸਿੰਘ, ਦੁਆਬਾ ਸਿੱਖ ਅਸੋਸੀਏਸ਼ਨ ਤੋਂ ਬਲਜਿੰਦਰ ਸਿੰਘ, ਕਿਰਪਾਲ ਸਿੰਘ ਬਿਲਿੰਗ, ਮਾਤਾ ਸਾਹਿਬ ਕੌਰ (ਲਾਂਗ ਆਇਲੈਂਡ) ਤੋਂ ਬੀਬੀ ਹਰਪਾਲ ਕੌਰ, ਕੌਂਸਲ ਆਫ ਖਾਲਿਸਤਾਨ ਤੋਂ ਡਾ.ਬਖਸ਼ੀਸ਼ ਸਿੰਘ ਸੰਧੂ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਐਸੋਸੀਏਸ਼ਨ ਤੋਂ ਟਹਿਲ ਸਿੰਘ ਅਤੇ ਰਜਿੰਦਰ ਸਿੰਘ, ਗੁਰੂ ਰਵੀ ਦਾਸ ਸਭਾ (ਨਿਊਯਾਰਕ) ਵੱਲੋਂ ਪਰਮਜੀਤ ਸਿੰਘ ਅਤੇ ਨਿਰਮਲ ਸਿੰਘ, ਫਿਲਾਡਲਫੀਆ ਤੋਂ ਕੇਵਲ ਸਿੰਘ, ਸਿੱਖ ਸੈਂਟਰ ਆਫ ਨਿਊਯਾਰਕ ਤੋਂ ਜਸਪਾਲ ਸਿੰਘ ਅਤੇ ਚਰਨਜੀਤ ਸਮਰਾ ਤੇ ਪੰਥਕ ਸਿੱਖ ਸੁਸਾਇਟੀ ਆਦਿ ਨੇ ਆਈਆਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ।

## ਅਕਾਲੀ ਦਲ ਅੰਮਿਤਸਰ ਦੇ ਆਗੂ ਮੁਖਤਿਆਰ ਸਿੰਘ ਤੱਖਰ ਨਹੀਂ ਰਹੇ

**ਫਰੀਮੌਂਟ/ਬਿਊਰੋ ਨਿਊਜ਼ :** ਅਕਾਲੀ ਦਲ ਅੰਮ੍ਰਿਤਸਰ ਦੇ ਬਜ਼ੁਰਗ ਆਗੂ ਸ. ਮੁਖਤਿਆਰ ਸਿੰਘ ਤੱਖਰ ਪਿੰਡ ਰਾਮੂਵਾਲ, ਜਿਲ੍ਹਾ ਜਲੰਧਰ ਸਵਰਗ ਸਿਧਾਰ ਗਏ ਹਨ। ਉਹ 76 ਸਾਲਾਂ



ਦੇ ਸਨ। ਉਹਨਾਂ ਦੇ ਸਪੁੱਤਰ ਸ. ਜਸਵੀਰ ਸਿੰਘ ਤੱਖਰ, ਸੀਨੀਅਰ ਵਾਇਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਏ ਏ ਏ ਆਟੋ ਬਾਡੀ ਵਰਕਸ) ਵੱਲੋਂ ਇਹ ਦੁਖਦਾਈ ਜਾਣਕਾਰੀ ਦਿੱਤੀ ਗਈ ਹੈ।

ਤੱਖਰ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰ. 510-755-2132 ਤੇ 917-513-5513 ਉਪਰ ਸੰਪਰਕ ਕੀਤਾ ਜਾ ਸਕਦਾ ਹੈ। ਸ. ਪਰਮਜੀਤ ਸਿੰਘ ਦਾਖਾ, ਸੁਦੇਸ਼ ਅਟਵਾਲ, ਕੁਲਦੀਪ ਸਿੰਘ ਢੀਂਡਸਾ ਤੇ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਨੇ ਸ. ਮੁਖਤਿਆਰ ਸਿੰਘ ਦੇ ਵਿਛੋੜੇ ਉਪਰ ਦੁੱਖ ਪ੍ਰਗਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਹੈ ਕਿ ਉਹ ਤੱਖਰ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।




## ਭਾਰਤ ਵੱਲੋਂ ਅਮਰੀਕਾ 'ਚ ਨਵਾਂ ਰਾਜਦੂਤ ਨਿਯੁਕਤ

**ਨਵੀਂ ਦਿੱਲੀ/ਬਿਊਰੋ ਨਿਊਜ਼** :1984 ਬੈਚ ਦੇ ਭਾਰਤੀ ਵਿਦੇਸ਼ ਸੇਵਾ ਦੇ ਕੂਟਨੀਤਕ ਹਰਸ਼ ਵਰਧਨ ਸ਼੍ਰਿੰਗਲਾ ਨੂੰ ਅਮਰੀਕਾ 'ਚ ਨਵਤੇਜ ਸਰਨਾ ਦੀ ਥਾਂ ਭਾਰਤ ਦਾ ਨਵਾਂ ਸਫ਼ੀਰ ਨਿਯੁਕਤ ਕੀਤਾ ਗਿਆ ਹੈ। ਇਸ ਸਮੇਂ ਉਹ ਬੰਗਲਾਦੇਸ਼ 'ਚ ਭਾਰਤੀ ਹਾਈ ਕਮਿਸ਼ਨਰ ਵਜੋਂ ਸੇਵਾਵਾਂ ਨਿਭਾ ਰਹੇ ਹਨ।



ਆਈਸੀਸੀਆਰ ਦੀ ਡਾਇਰੈਕਟਰ ਜਨਰਲ ਰੀਵਾ ਗਾਂਗੁਲੀ ਦਾਸ ਨੂੰ ਬੰਗਲਾਦੇਸ਼ ਦਾ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ।

## ਸਿੱਖ ਟੈਕਸੀ ਡਰਾਈਵਰ 'ਤੇ ਹਥੌੜੇ ਨਾਲ ਹਮਲਾ ਕਰਨ ਵਾਲੇ ਗੋਰੇ ਨੂੰ 15 ਮਹੀਨੇ ਕੈਦ ਦੀ ਸਜ਼ਾ

**ਸਿਆਟਲ/ਬਿਊਰੋ ਨਿਊਜ਼** : ਸਿੱਖ ਟੈਕਸੀ ਡਰਾਈਵਰ 'ਤੇ ਹਥੌੜੇ ਨਾਲ ਹਮਲਾ ਕਰਨ ਵਾਲੇ ਵਿਅਕਤੀ ਨੂੰ ਜੇਲ੍ਹ ਦੀ ਸਜ਼ਾ ਹੋਈ ਹੈ। ਇਹ ਮਾਮਲਾ ਪਿਛਲ਼ੇ ਸਾਲ ਦਾ ਹੈ, ਜਦੋਂ ਸਿਆਟਲ ਵਿਚ 53 ਸਾਲ ਦੇ ਇਕ ਸਿੱਖ ਡਰਾਈਵਰ ਉਤੇ ਹਮਲਾ ਕਰ ਦਿੱਤਾ ਗਿਆ ਸੀ। ਇਸ ਸਬੰਧੀ ਅਦਾਲਤ ਨੇ ਰੋਗੀ ਬੈਂਸਨ ਨੂੰ ਦੋਸ਼ੀ ਕਰਾਰ ਦਿੰਦੇ ਹੋਏ 15 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਅਮਰੀਕਾ 'ਚ ਸਿੱਖਾਂ ਦੇ ਅਧਿਕਾਰ ਲਈ ਲੜਨ ਵਾਲੀ ਸੰਸਥਾ 'ਦ ਸਿੱਖ ਕੁਲੀਸ਼ਨ' ਮੁਤਾਬਕ ਦਸੰਬਰ 2017 'ਚ ਰੋਗੀ ਬੈਂਸਨ ਨੇ ਸਿੱਖ ਡਰਾਈਵਰ ਸਵਰਨ ਸਿੰਘ 'ਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ। ਬੈਂਸਨ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਸਵਰਨ ਸਿੰਘ 'ਤੇ ਇਹ ਹਮਲਾ ਉਸ ਸਮੇਂ ਕੀਤਾ ਗਿਆ ਸੀ ਜਦੋਂ ਉਨ੍ਹਾਂ ਨੇ ਬੈਂਸਨ ਅਤੇ ਉਸ ਦੀ ਮਾਂ ਨੂੰ ਛੱਡਣ ਲਈ ਇਕ ਅਪਾਰਟਮੈਂਟ ਦੇ ਬਾਹਰ ਆਪਣੀ ਗੱਡੀ ਖੜ੍ਹੀ ਕੀਤੀ ਸੀ। ਬੈਂਸਨ ਡਰਾਈਵਰ ਸੀਟ ਦੇ ਨਾਲ ਵਾਲੀ ਸੀਟ 'ਤੇ ਬੈਠਾ ਸੀ।ਬੈਂਸਨ ਨੇ ਗੱਡੀ ਸਾਫ਼ ਕਰਨ ਲਈ ਰੱਖੇ ਗਏ ਕੱਪੜੇ ਨਾਲ ਸਵਰਨ ਸਿੰਘ ਦਾ ਮੂੰਹ ਦਬਾਉਣ ਦੀ ਕੋਸ਼ਿਸ਼ ਕੀਤੀ। ਸਵਰਨ ਸਿੰਘ ਕਿਸੇ ਤਰ੍ਹਾਂ ਗੱਡੀ ਤੋਂ ਬਾਹਰ ਨਿਕਲੇ ਤਾਂ ਬੈਂਸਨ ਨੇ ਆਪਣੇ ਬੈਗ 'ਚੋਂ ਹਥੌੜਾ ਕੱਢ ਕੇ ਉਨ੍ਹਾਂ ਦਾ ਪਿੱਛਾ ਕੀਤਾ। ਉਸ ਨੇ ਸਵਰਨ ਸਿੰਘ ਦੇ ਸਿਰ 'ਤੇ ਕਈ ਹਮਲੇ ਕੀਤੇ ਸਨ। ਇਸ ਹਮਲੇ 'ਚ ਉਸ ਨੂੰ ਸੱਟਾਂ ਲੱਗੀਆਂ ਸਨ। ਘਟਨਾ ਦੇ ਤੁਰੰਤ ਬਾਅਦ ਬੈਂਸਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

# ਪਹਿਲੇ ਸਿੱਖ ਹੈਰੀ ਸਿੱਧੂ ਨੇ ਅਨਾਹੀਮ ਦੇ ਮੇਅਰ ਵਜੋਂ ਸਹੁੰ ਚੁੱਕੀ

**ਅਨਾਹੀਮ/ਹੁਸਨ ਲੜੋਆ ਬੰਗਾ** : ਦੱਖਣੀ ਕੈਲੀਫੋਰਨੀਆ ਵਿਚ ਉਸ ਸਮੇਂ ਇਤਿਹਾਸ ਰਚਿਆ ਗਿਆ ਜਦੋਂ ਇਸ ਸ਼ਹਿਰ 'ਚ ਪਹਿਲੇ ਸਿੱਖ ਹੈਰੀ ਸਿੱਧੂ ਨੇ ਅਨਾਹੀਮ ਸ਼ਹਿਰ ਦੇ ਮੇਅਰ ਵਜੋਂ ਸਹੁੰ ਚੁੱਕੀ। ਸਿੱਖਾਂ ਤੇ ਪੰਜਾਬੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਿੱਧੂ ਪਹਿਲਾ ਅਮਰੀਕੀ ਸਿੱਖ ਹੈ ਜੋ ਕੈਲੀਫੋਰਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ 10 ਵੇਂ ਸ਼ਹਿਰ ਅਨਾਹੀਮ ਦਾ ਮੇਅਰ ਬਣਿਆ ਹੈ। ਸਹੁੰ ਚੁੱਕ ਸਮਾਗਮ ਸਿਟੀ ਹਾਲ ਵਿਚ ਹੋਇਆ ਜੋ ਖਚਾ ਖਚ ਭਰਿਆ ਹੋਇਆ ਸੀ। ਉਨਾਂ ਨੂੰ ਅਹੁਦੇ ਦੀ ਸਹੁੰ ਉਰੇਂਜ ਕਾਊਂਟੀ ਦੇ ਸੁਪੀਰੀਅਰ ਕੋਰਟ ਜੱਜ ਮੈਗਨ ਵੈਗਨਰ ਨੇ ਚੁਕਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿੱਧੂ ਦੇ ਪਰਿਵਾਰਕ ਮੈਂਬਰ ਅਤੇ ਸਿੱਖ ਭਾਈਚਾਰੇ ਦੇ ਲੋਕ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਸਹੁੰ ਚੁੱਕਣ ਦੀ ਰਸਮ ਖਤਮ ਹੋਣ 'ਤੇ 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਏ



ਗਏ। ਇਸ ਮੌਕੇ ਸਿੱਧੂ ਨੇ ਕਿਹਾ ਕਿ ਮੈਂ 44 ਸਾਲ ਪਹਿਲਾਂ ਪੰਜਾਬ ਤੋਂ ਇਸ ਮਹਾਨ ਦੇਸ਼ ਵਿਚ ਆਇਆ ਸੀ। ਇਥੇ ਆ ਕੇ ਆਸ ਨਾਲੋਂ ਵੱਧ ਪ੍ਰਾਪਤੀ ਹੋਈ ਹੈ। ਉਨਾਂ ਕਿਹਾ ਕਿ ਮੇਅਰ ਵਜੋਂ ਅਨਾਹੀਮ ਨੂੰ ਸੁਪਨਿਆਂ ਦਾ ਸ਼ਹਿਰ ਬਣਾਉਣਾ ਮੇਰਾ ਮਿਸ਼ਨ ਹੋਵੇਗਾ।

## ਸ਼ੇਰੀਡਨ ਓਰੇਗੋਨ ਜੇਲ੍ਹ ਵਿਚੋਂ ਸਾਰੇ 124 ਪਰਵਾਸੀ ਬੰਦੀ ਰਿਹਾਅ

**ਓਰੇਗੋਨ/ਹੁਸਨ ਲੜੋਆ ਬੰਗਾ** : ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ 124 ਪ੍ਰਵਾਸੀਆਂ, ਜਿਨ੍ਹਾਂ ਨੂੰ ਰਸਮੀ ਤੌਰ 'ਤੇ ਸ਼ੇਰੀਡਨ ਓਰੇਗੋਨ ਸੰਘੀ ਸੁਧਾਰ ਕੇਂਦਰ (ਜੇਲ੍ਹ) ਵਿਚ ਰੱਖਿਆ ਗਿਆ ਸੀ, ਨੂੰ ਬੌਂਡ ਭਰਨ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਪ੍ਰਵਾਸੀਆਂ ਦੀ ਰਿਹਾਈ ਲਈ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਗ੍ਰਿਫਤਾਰ ਪ੍ਰਵਾਸੀਆਂ ਵਿਚ ਬਹੁਤ ਸਾਰੇ ਸਿੱਖ ਧਰਮ ਨਾਲ ਸਬੰਧ ਰੱਖਣ ਵਾਲੇ ਵਿਅਕਤੀ ਹਨ, ਜੋ ਸ਼ੇਰੀਡਨ ਸੁਧਾਰ ਕੇਂਦਰ ਵਿਚ ਆਪਣੀਆਂ ਧਾਰਮਿਕ ਰਵਾਇਤਾਂ ਨਿਭਾਉਣ 'ਚ ਅਸਮਰੱਥ ਹਨ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਅਨੁਸਾਰ ਰਾਜਸੀ ਸ਼ਰਨ ਮੰਗਣ ਵਾਲੇ 124 ਪ੍ਰਵਾਸੀਆਂ ਨੂੰ ਜੇਲ੍ਹ ਵਿਚੋਂ ਬਾਹਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

# ਰਾਜਦੂਤ ਨਵਤੇਜ ਸਿੰਘ ਸਰਨਾ ਨੂੰ ਵਿਦੇਸ਼ ਵਿਭਾਗ ਵੱਲੋਂ ਨਿੱਘੀ ਵਿਦਾਇਗੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ** : ਭਾਰਤ ਦੇ ਅਮਬੀਕਾ ਵਿਚ ਰਾਜਦੂਤ ਨਵਤੇਜ ਸਿੰਘ ਸਰਨਾ, ਜੋ 31 ਦਸੰਬਰ ਨੂੰ ਸੇਵਾ ਮੁਕਤ ਹੋ ਰਹੇ ਹਨ, ਨੂੰ ਅਮਰੀਕੀ ਵਿਦੇਸ਼ ਵਿਭਾਗ ਨੇ ਨਿੱਘੀ ਵਦਾਇਗੀ ਦਿੱਤੀ ਹੈ। ਇਸ ਸਬੰਧੀ ਸਮਾਗਮ ਵਾਸ਼ਿੰਗਟਨ, ਡੀਸੀ ਦੇ ਬਲੇਅਰ ਹਾਊਸ ਵਿਚ ਹੋਇਆ। ਬਲੇਅਰ ਹਾਊਸ ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਗੈਸਟ ਹਾਊਸ ਹੈ। ਸਰਨਾ ਨੇ ਆਪਣੀ 38 ਸਾਲ ਦੀ ਜਨਤਕ ਦੌਰਾਨ ਕੂਟਨੀਤੀ ਨਾਲ ਜੁੜੇ ਵੱਖ ਵੱਖ ਵਿਭਾਗਾਂ ਵਿਚ ਕੰਮ ਕੀਤਾ ਹੈ। ਸਮਾਗਮ ਦੌਰਾਨ ਅੰਬੈਸਡਰ ਸੀਨ ਲਾਲਰ ਚੀਫ ਪ੍ਰੋਟੋਕੋਲ ਅਮਰੀਕਾ ਨੇ ਸ. ਸਰਨਾ ਦੀ ਜਾਣ ਪਛਾਣ ਕਰਵਾਈ। ਭਾਰਤ ਦੇ ਵੈਸਟ ਕੋਸਟ ਦੇ ਕੌਂਸਲ ਜਨਰਲ ਸੰਜੇ ਪਾਂਡਾ ਨੇ ਸ. ਸਰਨਾ ਵੱਲੋਂ ਲੰਬੇ ਕੈਰੀਅਰ ਦੌਰਾਨ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਵਿਦੇਸ਼ ਵਿਭਾਗ ਵਿਚ ਦੱਖਣ ਤੇ ਕੇਂਦਰੀ ਏਸ਼ੀਆ ਦੇ ਪ੍ਰਿੰਸੀਪਲ ਡਿਪਟੀ ਸਹਾਇਕ ਸਕੱਤਰ ਅਲਾਈਸ ਵੈਲਜ ਨੇ ਸ. ਸਰਨਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਪ੍ਰਾਪਤੀਆਂ ਬਾਰੇ ਦੱਸਿਆ। ਉਨਾਂ ਨੇ ਜੂਨ-2017



ਵਿਚ ਜਦੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਇਥੇ ਮੀਟਿੰਗ ਹੋਈ ਸੀ, ਉਸ ਸਮੇਂ ਸ. ਸਰਨਾ ਵੱਲੋਂ ਨਿਭਾਈ ਭੂਮਿਕਾ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਸ. ਸਰਨਾ ਨੇ ਕਿਹਾ ਕਿ ਜੂਨ-2017 ਵਿਚ ਸ੍ਰੀ ਮੋਦੀ ਤੇ ਟਰੰਪ ਵਿਚਾਲੇ ਹੋਈ ਮੀਟਿੰਗ ਅਮਰੀਕਾ ਵਿਚ ਉਨਾਂ ਦੇ ਕੈਰੀਅਰ ਦਾ ਸਿਖਰ ਸੀ। ਇਸ ਮੀਟਿੰਗ ਦੇ ਸਿੱਟੇ ਬਹੁਤ ਹੀ ਸਾਰਥਕ ਨਿਕਲੇ ਸਨ ਤੇ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਸਮੇਤ ਹੋਰ ਖੇਤਰਾਂ ਵਿਚ ਸਬੰਧ ਮਜ਼ਬੂਤ ਹੋਏ ਹਨ। ਸ. ਸਰਨਾ ਨੇ ਕਿਹਾ ਕਿ ਅੱਜ ਅਸੀਂ ਪਿਛੇ ਮੁੜਕੇ ਵੇਖ ਸਕਦੇ ਹਾਂ ਤੇ ਕਹਿ ਸਕਦੇ ਹਾਂ ਕਿ ਬਹੁਤ ਵਧੀਆ ਹੋਇਆ, ਅਸੀਂ ਸੁਹਿਰਦ ਰਣਨੀਤਕ ਕੌਮਾਂਤਰੀ ਭਾਈਵਾਲ ਹਾਂ। ਵਿਦਾਇਗੀ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅਮਰੀਕੀ ਵਿਦੇਸ਼ ਵਿਭਾਗ ਦੇ ਉਚ ਅਧਿਕਾਰੀ ਹਾਜ਼ਰ ਸਨ।


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)　209 242 9569 (Dispatched)

209 564 8899 (Davinder Singh)　209 345 6968 (Ranthir Singh)

2101 MARTIN LUTHER KING JR WAY STOCKTON, CA 95205

### ਨਵੰਬਰ 1984 ਦਾ ਸਿੱਖ ਕਤਲੇਆਮ ਮਾਮਲਾ

# ਸਜ਼ਾਯਾਫਤਾ ਸੱਜਣ ਕੁਮਾਰ ਰਹਿਮ ਲਈ ਪਹੁੰਚਿਆ ਸੁਪਰੀਮ ਕੋਰਟ

## 31 ਦਸੰਬਰ ਤਕ 'ਸੱਜਣ' ਦਾ ਆਤਮ-ਸਮਰਪਣ ਕਰਨਾ ਜ਼ਰੂਰੀ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :** ਪਹਿਲੀ ਨਵੰਬਰ-1984 ਨੂੰ ਦਿੱਲੀ ਛਾਉਣੀ ਵਿੱਚ ਪੰਜ ਸਿੱਖਾਂ ਦੇ ਕਤਲ ਦੇ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਸਮੇਤ ਛੇ ਜਣਿਆਂ ਨੂੰ ਧਾਰਾ 302 ਤਹਿਤ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਅਤੇ ਤਾ-ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਈਕੋਰਟ ਵਲੋਂ ਸੱਜਣ ਕੁਮਾਰ ਨੂੰ ਆਤਮਸਮਰਪਣ ਕਰਨ ਲਈ ਵਾਧੂ ਸਮਾਂ ਨਾ ਦਿੱਤੇ ਜਾਣ ਕਰਕੇ ਉਨ੍ਹਾਂ ਵਲੋਂ ਸੁਪਰੀਮ ਕੋਰਟ ਤਕ ਪਹੁੰਚ ਕਰਕੇ ਰਹਿਮ ਦੀ ਅਪੀਲ ਦਾਖਿਲ ਕੀਤੀ ਗਈ ਹੈ । ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਦਿੱਲੀ ਛਾਉਣੀ ਦੇ ਰਾਜਨਗਰ ਇਲਾਕੇ ਵਿਚ ਵਾਪਰੇ ਪੰਜ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ



ਦੋਸ਼ੀ ਪਾਉਂਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ 31 ਦਸੰਬਰ ਤਕ ਆਪਣੇ ਆਪ ਨੂੰ ਆਤਮ ਸਮਰਪਣ ਕਰਨ ਦੇ ਹੁਕਮ ਦਿੱਤੇ ਸਨ। ਧਿਆਨਦੇਣ ਯੋਗ ਹੈ ਕਿ ਪਹਿਲੀ ਨਵੰਬਰ-1984 ਨੂੰ ਦਿੱਲੀ ਛਾਉਣੀ ਵਿੱਚ ਪੰਜ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਸੱਜਣ ਕੁਮਾਰ ਸਮੇਤ ਛੇ ਜਣਿਆਂ ਨੂੰ ਧਾਰਾ 302 ਤਹਿਤ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਅਦਾਲਤ ਵਲੋਂ ਸੱਜਣ ਕੁਮਾਰ ਨੂੰ ਉਮਰ ਕੈਦ ਦੇ ਨਾਲ ਪੰਜ ਲੱਖ ਰੁਪਏ ਜੁਰਮਾਨਾ ਅਦਾ ਕਰਨ ਦੇ ਵੀ ਹੁਕਮ ਹੋਏ ਹਨ। ਅਦਾਲਤ ਵੱਲੋਂ ਉਸ ਨੂੰ 31 ਦਸੰਬਰ ਤਕ ਆਤਮ ਸਮਰਪਣ ਕਰਨ ਦੇ ਹੁਕਮ ਦਿੱਤੇ ਗਏ ਹਨ ਅਤੇ ਉਦੋਂ ਤਕ ਦੇਸ਼ ਵਿੱਚੋਂ ਬਾਹਰ ਨਾ ਜਾਣ ਦੀ ਹਦਾਇਤ ਵੀ ਕੀਤੀ ਹੋਈ ਹੈ।

ਇਸ ਬਾਰੇ ਗੱਲਬਾਤ ਕਰਦਿਆਂ ਸੁਪਰੀਮ ਕੋਰਟ ਦੇ ਵਕੀਲ ਹਰਪ੍ਰੀਤ ਸਿੰਘ ਅਤੇ ਆਨੰਦ ਮਿਸ਼ਰਾ ਨੇ ਦੱਸਿਆ ਕਿ ਸੱਜਣ ਕੁਮਾਰ ਨੇ ਹਾਲੇ ਆਤਮ-ਸਮਰਪਣ ਨਹੀਂ ਕੀਤਾ, ਇਸ ਲਈ ਉਸ ਵਲੋਂ ਸੁਪਰੀਮ ਕੋਰਟ ਵਿਚ ਰਹਿਮ ਦੀ ਅਪੀਲ ਦਾਖਿਲ ਕਰਵਾਈ ਗਈ ਹੈ ਜੋ ਕਿ ਇਕਹਿਰੀ ਬੈਂਚ ਦੇ ਜੱਜ ਕੋਲ ਜਾਏਗੀ। ਇਸ ਲਈ ਸੁਣਵਾਈ ਘੱਟ ਤੋਂ ਘੱਟ ਚਾਰ ਹਫਤਿਆਂ ਵਿਚ ਹੋਵੇਗੀ ਤੇ ਸੱਜਣ ਕੁਮਾਰ ਕੋਲ ਸਮਾਂ 31 ਦਸੰਬਰ ਤਕ ਦਾ ਹੀ ਹੈ, ਇਸ ਲਈ ਉਸ ਨੂੰ ਹਰ ਹਾਲਤ ਵਿਚ ਜੇਲ੍ਹ ਜਾਣਾ ਹੀ ਪਵੇਗਾ।

# ਸ਼ਰਾਰਤੀ ਅਨਸਰਾਂ ਨੇ ਮਨਜੀਤ ਸਿੰਘ ਜੀਕੇ ਦੇ ਦਫਤਰ ਬਾਹਰ ਲਗੀ ਨੇਮ ਪਲੇਟ ਉਤਾਰੀ

**ਕਮੇਟੀ ਮੈਬਰਾਂ ਵਲੋਂ ਸ਼ਰਾਰਤੀ ਅਨਸਰਾਂ ਤੇ ਤੁਰੰਤ ਕਨੂੰਨੀ ਕਾਰਵਾਈ ਦੀ ਮੰਗ**

**ਨਵੀਂ ਦਿੱਲੀ 22 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਜੋ ਕਿ ਭ੍ਰਿਸ਼ਟਾਚਾਰ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਦੇ ਦਫਤਰ ਦੇ ਬਾਹਰ ਲੱਗੀ ਉਨ੍ਹਾਂ ਦੇ ਨਾਮ ਦੀ ਪਲੇਟ ਕੁਝ ਸ਼ਰਾਰਤੀ ਅਨਸਰਾਂ ਵਲੋਂ ਉਤਾਰ ਦਿੱਤੀ ਗਈ ਹੈ । ਮਿਲੀ ਜਾਣਕਾਰੀ ਅਨੁਸਾਰ ਇਹ ਸ਼ਰਾਰਤੀ ਅਨਸਰ ਹਮੇਸ਼ਾ ਕੁਝ ਨਾ ਕੁਝ ਗਲਤ ਕਰਕੇ ਖਬਰਾਂ ਵਿਚ ਬਣੇ ਰਹਿੰਦੇ ਹਨ ਅਤੇ ਸਿੱਖਾਂ ਦੇ ਅਕਸ ਨੂੰ ਢਾਹ ਲਗਾਉਂਦੇ ਰਹਿੰਦੇ ਹਨ। ਕਮੇਟੀ ਦੇ ਇਕ ਮੈਂਬਰ ਨੇ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ । ਉਨ੍ਹਾਂ ਕਿਹਾ ਕਿ ਪ੍ਰਧਾਨ ਸਾਹਿਬ ਦਾ ਮਾਮਲਾ ਅਦਾਲਤ ਅੰਦਰ ਚਲ ਰਿਹਾ ਹੈ ਤੇ ਉਨ੍ਹਾਂ ਵਲੋਂ ਚੋਣ ਅਧਿਕਾਰੀ ਨੂੰ ਚਿੱਠੀ ਲਿਖ ਕੇ ਜਲਦ ਚੋਣਾਂ ਕਰਵਾਏ ਜਾਣ ਦੀ ਵੀ ਮੰਗ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਜੀਕੇ ਚੋਣਾਂ ਰਾਹੀ ਹੀ ਕਮੇਟੀ ਦੇ ਪ੍ਰਧਾਨ ਬਣੇ ਹਨ ਤੇ ਉਨ੍ਹਾਂ ਨੂੰ ਚੋਣਾਂ ਰਾਹੀ ਹੀ ਹਟਾਇਆ ਜਾਣਾ ਚਾਹੀਦਾ ਹੈ ਨਾ ਕਿ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ, ਇਸ ਤਰ੍ਹਾਂ ਦੀ ਗਲਤ ਕਾਰਵਾਈ ਕਰਨ ਦਾ ਅਧਿਕਾਰ ਕਿਸੇ ਨੂੰ ਵੀ ਨਹੀਂ ਹੈ। ਕਮੇਟੀ ਦੇ ਹੋਰ ਮੈਂਬਰਾਂ ਨੇ ਵੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਤੇ ਇਨ੍ਹਾਂ ਸ਼ਰਾਰਤੀ ਅਨਸਰਾਂ ਤੇ ਤੁਰੰਤ ਕਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ ।

# ਰਾਜ ਨਹੀਂ ਸੇਵਾ : ਰੱਜ-ਰੱਜ ਲਏ ਬਾਦਲਾਂ ਨੇ ਸਰਕਾਰੀ ਹੈਲੀਕਾਪਟਰ ਦੇ ਝੂਟੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਸੱਤਾ ਦਾ ਆਨੰਦ ਮਾਣਦਿਆਂ ਬਾਦਲਾਂ ਨੇ ਆਪਣੇ ਦਸ ਸਾਲਾਂ ਦੇ ਰਾਜ ਦੌਰਾਨ ਸਰਕਾਰੀ ਹੈਲੀਕਾਪਟਰ ਦੇ ਰੱਜ-ਰੱਜ ਝੂਟੇ ਲਏ। ਬਾਦਲਾਂ ਨੇ ਪੰਜਾਬ ਦੇ ਸਰਕਾਰੀ ਖਜ਼ਾਨੇ ਵਿਚੋਂ ਇਨ੍ਹਾਂ ਝੂਟਿਆਂ 'ਤੇ 157 ਕਰੋੜ ਰੁਪਏ ਖਰਚ ਦਿੱਤੇ ਸਨ। ਬਾਦਲ ਪਿਓ ਪੁੱਤਰ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰ ਦੇ ਹੋਰ ਜੀਅ ਵੀ ਹਵਾਈ ਝੂਟੇ ਮਾਣਦੇ ਰਹੇ ਹਨ। ਇਨ੍ਹਾਂ ਤੋਂ ਇਲਾਵਾ ਭਾਜਪਾ ਦੇ ਕੌਮੀ ਆਗੂਆਂ ਨੂੰ ਸਿਆਸੀ ਰੈਲੀਆਂ ਵਿਚ ਲਿਆਉਣ ਲਈ ਵੀ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਕੀਤੀ ਜਾਂਦੀ ਰਹੀ ਸੀ ਅਤੇ ਦੋ ਵਾਰ ਆਰਟ ਆਫ ਲਿਵਿੰਗ ਵਾਲੇ ਸ੍ਰੀ ਸ੍ਰੀ ਰਵੀਸ਼ੰਕਰ ਖ਼ਾਤਰ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ ਸੀ।



ਬਾਦਲਾਂ ਨੂੰ ਸੱਤਾ ਤੋਂ ਲਾਹਿਆਂ ਦੋ ਸਾਲ ਹੋਣ ਵਾਲੇ ਹਨ ਪਰ ਉਨ੍ਹਾਂ ਦੇ ਬਾਲਾਸਰ ਫਾਰਮ ਅਤੇ ਬਾਬਿਆਂ ਦੇ ਡੇਰਿਆਂ ਦੇ ਹਵਾਈ ਗੇੜਿਆਂ ਦਾ ਖਰਚਾ ਅਜੇ ਤਕ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਿਹਾ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਪਹਿਲਾਂ ਸਫ਼ਾਈ ਦਿੱਤੀ ਸੀ ਕਿ ਇਹ ਸਾਰੇ ਹਵਾਈ ਗੇੜੇ ਲੋਕ ਹਿੱਤ ਵਿਚ ਲਾਏ ਗਏ ਸਨ ਪਰ ਇਸ ਨਾਲ ਮਹਾਲੇਖਾਕਾਰ (ਕੈਗ) ਦੀ ਤਸੱਲੀ ਨਹੀਂ ਹੋਈ। ਵਿਭਾਗ ਵੱਲੋਂ ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਕੈਗ ਨੇ ਆਪਣੇ ਲੇਖੇ-ਜੋਖੇ ਵਿਚ ਇਨ੍ਹਾਂ ਖਰਚਿਆਂ 'ਤੇ ਸਹੀ ਪਾਉਣ ਤੋਂ ਇਨਕਾਰ ਕਰ ਦਿੱਤਾ ਹੈ। ਅਕਤੂਬਰ ਮਹੀਨੇ ਕੈਗ ਨੇ ਆਪਣੇ ਨੋਟ ਵਿਚ ਕਿਹਾ ਸੀ ਕਿ 'ਵਿਭਾਗ ਵਲੋਂ ਦਿੱਤਾ ਗਿਆ ਸਪੱਸ਼ਟੀਕਰਨ ਤਸੱਲੀਬਖ਼ਸ਼ ਨਹੀਂ ਹੈ।'

ਰੋਪੜ ਦੇ ਆਰਟੀਆਈ ਕਾਰਕੁਨ ਦਿਨੇਸ਼ ਚੱਢਾ ਨੇ ਸ਼ਿਕਾਇਤ ਕੀਤੀ ਸੀ ਕਿ ਬਿਲਾਂ ਅਤੇ ਹੈਲੀਕਾਪਟਰ ਦੀ ਲਾਗ ਬੁੱਕਾਂ ਵਿਚ ਉਡਾਣਾਂ ਦੇ ਮੰਤਵ ਵਾਲਾ ਖ਼ਾਨਾ ਖਾਲੀ ਛੱਡ ਦਿੱਤਾ ਜਾਂਦਾ ਰਿਹਾ ਹੈ। ਇਸ 'ਤੇ ਕੈਗ ਨੇ ਸੰਨ 20 13 ਤੋਂ ਸੰਨ 2016 ਦਰਮਿਆਨ ਰਿਕਾਰਡ ਦੀ ਪੁਣਛਾਣ ਕਰ ਕੇ ਪਾਇਆ ਕਿ ਇਸ ਦੌਰਾਨ ਹਵਾਈ ਉਡਾਣਾਂ 'ਤੇ 26 ਕਰੋੜ ਰੁਪਏ ਖਰਚ ਕੀਤਾ ਗਿਆ ਸੀ। ਉਧਰ, ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਇਹ ਕਹਿ ਕੇ ਆਪਣਾ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਵੀਵੀਆਈਪੀਜ਼ ਨੂੰ ਸਮਰੱਥ ਅਧਿਕਾਰੀਆਂ ਤੋਂ ਮਿਲੇ ਹੁਕਮਾਂ ਮੁਤਾਬਕ ਹੀ ਹੈਲੀਕਾਪਟਰ ਮੁਹੱਈਆ ਕਰਵਾਇਆ ਸੀ ਤੇ ਉਡਾਣ ਦਾ ਮੰਤਵ ਸਰਕਾਰੀ ਕੰਮਕਾਜ ਤਕ ਸੀਮਤ ਸੀ ਤੇ ਉਡਾਣ ਤੋਂ ਬਾਅਦ ਪ੍ਰਵਾਨਗੀ ਲਈ ਟੂਰ ਨੋਟ ਸਬੰਧਤ ਅਧਿਕਾਰੀਆਂ ਨੂੰ ਭਿਜਵਾ ਦਿੱਤਾ ਗਿਆ ਸੀ। ਸ੍ਰੀ ਚੱਢਾ ਨੇ ਕਿਹਾ, "ਕਾਂਗਰਸ ਨੇ ਵਿਰੋਧੀ ਧਿਰ ਵਿਚ ਹੁੰਦਿਆਂ ਬਾਦਲ ਪਰਿਵਾਰ ਵਲੋਂ ਸਰਕਾਰੀ ਹੈਲੀਕਾਪਟਰ ਦੀ ਦੁਰਵਰਤੋਂ 'ਤੇ ਬਹੁਤ ਹੋ-ਹੱਲਾ ਮਚਾਇਆ ਸੀ ਪਰ ਹੁਣ ਸ਼ਹਿਰੀ ਹਵਾਬਾਜ਼ੀ ਮੁੱਖ ਮੰਤਰੀ ਅਮਰਿੰਦਰ ਸਿੰਘ ਕੋਲ ਹੈ ਤੇ ਵਿਭਾਗ ਵਲੋਂ ਕੈਗ ਨੂੰ ਭੇਜੇ ਗਏ ਜਵਾਬ ਤੋਂ ਸਪਸ਼ਟ ਹੈ ਕਿ ਉਨ੍ਹਾਂ ਦਾ ਪੂਰਾ ਜ਼ੋਰ ਬਾਦਲਾਂ ਨੂੰ ਬਚਾਉਣ 'ਤੇ ਲੱਗਿਆ ਹੋਇਆ ਹੈ।"

# ਸਿੱਖ ਇਤਿਹਾਸ ਦੀ ਮਹਾਨ ਵਿਰਾਸਤ ਚੱਪੜਚਿੜੀ ਦੀ ਯਾਦਗਾਰ ਅਣਦੇਖੀ ਦਾ ਸ਼ਿਕਾਰ

**ਮੁਹਾਲੀ/ਬਿਊਰੋ ਨਿਊਜ਼ :** ਇਤਿਹਾਸ ਵਿਚ ਪਹਿਲੀ ਵਾਰ ਪੰਜਾਬ ਵਿਚੋਂ ਮੁਗਲ ਹਕੂਮਤ ਦਾ ਗੜ੍ਹ ਤੋੜਨ ਦੀ ਘਟਨਾ 12 ਮਈ 1710 ਈਸਵੀ ਨੂੰ ਪਿੰਡ ਚੱਪੜਚਿੜੀ ਦੇ ਮੈਦਾਨ ਵਿਚ ਵਾਪਰੀ ਸੀ। ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਦੀਆਂ ਮੁਗ਼ਲ ਫ਼ੌਜਾਂ ਨਾਲ ਜੰਗ ਲੜੀ ਸੀ ਅਤੇ ਫ਼ਤਹਿ ਪ੍ਰਾਪਤ ਕਰਕੇ ਇਸ ਪਿੰਡ ਨੂੰ ਸੂਬਾ ਸਰਹਿੰਦ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਇਆ ਸੀ। ਇਤਿਹਾਸਕ ਨਗਰ ਚੱਪੜਚਿੜੀ (ਹੁਣ ਸੈਕਟਰ-91, ਮੋਹਾਲੀ) ਵਿਚ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ 12 ਮਈ 1710 ਈਸਵੀ ਨੂੰ ਮੁਗ਼ਲ ਫ਼ੌਜਾਂ ਨਾਲ ਲੜਦਿਆਂ ਸੂਬਾ ਸਰਹਿੰਦ ਵਜ਼ੀਰ ਖਾਨ ਨੂੰ ਮੌਤ ਦੇ ਘਾਟ ਉਤਾਰ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ ਸੀ। ਇਸ ਅਸਥਾਨ 'ਤੇ 20 ਏਕੜ ਜ਼ਮੀਨ ਵਿਚ 328 ਫੁੱਟ ਉੱਚੀ ਫਤਹਿ ਮੀਨਾਰ ਦੇ ਨਾਲ ਇੱਕ ਉੱਚੇ ਟਿੱਬੇ ਉੱਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਆਲੀਸ਼ਾਨ ਬੁੱਤ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਛੋਟੇ ਟਿੱਬਿਆਂ 'ਤੇ ਪੰਜ ਹੋਰ ਮਹਾਨ ਜਰਨੈਲਾਂ ਭਾਈ ਬਾਜ਼ ਸਿੰਘ, ਭਾਈ ਫਤਹਿ ਸਿੰਘ, ਭਾਈ ਮਾਲੀ ਸਿੰਘ, ਭਾਈ ਆਲੀ ਸਿੰਘ, ਭਾਈ ਰਾਮ ਸਿੰਘ ਦੇ ਬੁੱਤ ਵੀ ਸਥਾਪਿਤ ਕੀਤੇ ਗਏ। ਇਸ ਤੋਂ ਇਲਾਵਾ ਇਕ ਹਜ਼ਾਰ ਵਿਅਕਤੀਆਂ ਦੀ ਸਮਰੱਥਾ ਵਾਲਾ ਓਪਨ ਏਅਰ ਥੀਏਟਰ ਅਤੇ ਅਤਿ-ਆਧੁਨਿਕ ਸੂਚਨਾ ਕੇਂਦਰ ਬਣਾਇਆ ਗਿਆ ਹੈ ਜਦਕਿ ਪੁਰਾਤਨ ਦਿੱਖ ਨੂੰ ਦਿਖਾਉਣ ਲਈ ਝਿੜੀ ਵੀ ਬਣਾਈ ਗਈ ਹੈ।



ਇੱਥੇ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਦੀ ਕੰਧ ਨੇੜੇ ਇੱਕ ਪੁਰਾਣਾ ਜੰਡ ਹੈ। ਦੱਸਿਆ ਜਾਂਦਾ ਹੈ ਕਿ ਇਸ ਰੁੱਖ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਦੇ ਮ੍ਰਿਤਕ ਸਰੀਰ ਨੂੰ ਪੁੱਠਾ ਲਮਕਾਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਰੇਤ-ਮਿੱਟੀ ਦੇ ਟਿੱਬੇ ਲੜਾਈ ਦੌਰਾਨ ਸਿੰਘਾਂ ਦੇ ਸਹਾਈ ਹੋਏ ਸਨ, ਉਨ੍ਹਾਂ ਨੂੰ ਕਿਸੇ ਨੇ ਵੀ ਸਿੱਖ ਵਿਰਾਸਤ ਵਜੋਂ ਸਾਂਭਣ ਦਾ ਰੱਤੀ ਭਰ ਵੀ ਯਤਨ ਨਹੀਂ ਕੀਤਾ।

ਚੱਪੜਚਿੜੀ ਖੁਰਦ ਦੇ ਸਾਬਕਾ ਸਰਪੰਚ ਜ਼ੋਰਾ ਸਿੰਘ ਭੁੱਲਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪੱਤਰ ਲਿਖ ਕੇ ਗਿਲਾ ਕੀਤਾ ਕਿ ਜੰਗੀ ਯਾਦਗਾਰ ਦੇ ਉਦਘਾਟਨ ਤੋਂ ਬਾਅਦ ਸੱਤ ਸਾਲਾਂ ਵਿੱਚ ਫਤਹਿ ਮੀਨਾਰ ਨੂੰ ਲਿਫਟਾਂ ਨਹੀਂ ਲੱਗ ਸਕੀਆਂ। ਇਸ ਕਾਰਨ ਬਹੁਤੇ ਸ਼ਰਧਾਲੂ ਹੇਠਾਂ ਤੋਂ ਵਾਪਸ ਪਰਤ ਜਾਂਦੇ ਹਨ। ਯਾਦਗਾਰ ਵਿਚ ਲੱਗੀਆਂ 75 ਫ਼ੀਸਦੀ ਰੰਗ ਬਰੰਗੀਆਂ ਲਾਈਟਾਂ ਵੀ ਅਕਸਰ ਬੰਦ ਰਹਿੰਦੀਆਂ ਹਨ। ਇਥੇ ਇਨਡੋਰ ਥੀਏਟਰ ਬੰਦ ਪਿਆ ਹੈ ਅਤੇ ਓਪਨ ਥੀਏਟਰ ਵੀ ਘੱਟ ਹੀ ਪ੍ਰੋਗਰਾਮ ਹੁੰਦੇ ਹਨ। ਹੁਣ ਤੱਕ ਸਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਫ਼ਲਸਫ਼ੇ ਬਾਰੇ ਡਾਕੂਮੈਂਟਰੀ ਫਿਲਮ ਵੀ ਤਿਆਰ ਨਹੀਂ ਕੀਤੀ ਗਈ।

ਜਹਾਜ਼ੀ ਹਵੇਲੀ ਦੀ ਮੁਰੰਮਤ ਲਈ ਮੁੱਖ ਮੰਤਰੀ ਨੂੰ ਪੱਤਰ ਲਿਖਿਆ : ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦੀਵਾਨ ਟੋਡਰ ਮੱਲ ਦੀ ਜਹਾਜ਼ੀ ਹਵੇਲੀ ਦੀ ਮੁਰੰਮਤ ਕਰਵਾਈ ਜਾਵੇ। ਸ੍ਰੀ ਸਿੱਧੂ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਦੀਵਾਨ ਟੋਡਰ ਮੱਲ ਨੇ ਆਪਣੀ ਐਸ਼ੋ ਆਰਾਮ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਉਂਦਿਆਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤੀ ਗੁਜਰੀ ਦੀ ਸ਼ਹੀਦੀ ਮਗਰੋਂ ਸਸਕਾਰ ਲਈ ਵੱਡੀ ਕੀਮਤ ਦੇ ਕੇ ਜ਼ਮੀਨ ਖਰੀਦੀ ਗਈ ਅਤੇ ਉਨ੍ਹਾਂ ਦਾ ਸਸਕਾਰ ਕਰਵਾਇਆ ਗਿਆ ਸੀ। ਸੂਬਾ ਸਰਹਿੰਦ ਵਜੀਰ ਖਾਨ ਨੂੰ ਬਾਅਦ ਵਿਚ ਪਤਾ ਚੱਲਣ 'ਤੇ ਦੀਵਾਨ ਟੋਡਰ ਮੱਲ ਦੇ ਪਰਿਵਾਰ ਨੂੰ ਕੋਹਲੂ ਵਿਚ ਪੀੜਿਆ ਗਿਆ ਸੀ। ਸ੍ਰੀ ਸਿੱਧੂ ਨੇ ਲਿਖਿਆ ਹੈ ਕਿ ਸਿੱਖ ਕੌਮ ਲਈ ਆਪਣਾ ਪਰਿਵਾਰ ਵਾਰਨ ਵਾਲੇ ਦੀਵਾਨ ਟੋਡਰ ਮੱਲ ਦੀ ਪੁਰਾਤਨ ਰਿਹਾਇਸ਼, ਜਿਸ ਨੂੰ ਜਹਾਜ਼ੀ ਹਵੇਲੀ ਵੀ ਆਖਿਆ ਜਾਂਦਾ ਹੈ, ਦੀ ਅਜੋਕੇ ਸਮੇਂ ਵਿਚ ਹਾਲਤ ਬਹੁਤ ਮਾੜੀ ਅਤੇ ਤਰਸਯੋਗ ਹੈ।


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## 'ਰਿਪੋਰਟ ਵਿਦਾਊਟ ਬਾਰਡਰ' ਵਿਚ ਹੋਇਆ ਖ਼ੁਲਾਸਾ

# ਪੱਤਰਕਾਰਾਂ ਲਈ ਪੰਜਵਾਂ ਸਭ ਤੋਂ ਖ਼ਤਰਨਾਕ ਦੇਸ਼ ਹੈ ਭਾਰਤ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਪੱਤਰਕਾਰਾਂ ਨੂੰ ਲੈ ਕੇ ਆਜ਼ਾਦ ਪੱਤਰਕਾਰਤਾ ਲਈ ਕੰਮ ਕਰਨ ਵਾਲੀ ਕੌਮਾਂਤਰੀ ਸੰਸਥਾ 'ਰਿਪੋਰਟ ਵਿਦਾਊਟ ਬਾਰਡਰ' ਦੀ ਇੱਕ ਹੈਰਾਨ ਕਰਨ ਵਾਲੀ ਰਿਪੋਰਟ ਆਈ ਹੈ। ਰਿਪੋਰਟ 'ਚ ਪੱਤਰਕਾਰਾਂ ਦੀਆਂ ਵਧਦੀਆਂ ਹੱਤਿਆਵਾਂ ਦੇ ਅੰਕੜੇ ਰੱਖੇ ਗਏ ਹਨ। ਇਸ 'ਚ ਦੱਸਿਆ ਗਿਆ ਹੈ ਕਿ ਇਸ ਸਾਲ ਪੱਤਰਕਾਰਾਂ ਦੀਆਂ ਹੱਤਿਆ ਦੇ ਅੰਕੜੇ ਵਧ ਗਏ ਹਨ। ਇਸ ਸਾਲ ਹੁਣ ਤੱਕ ਕੁੱਲ 80 ਪੱਤਰਕਾਰਾਂ ਦੀ ਹੱਤਿਆ ਹੋਈ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਸ ਸਾਲ ਮਾਰੇ ਗਏ 80 'ਚੋਂ 63 ਪ੍ਰੋਫੈਸ਼ਨਲ ਪੱਤਰਕਾਰ ਸਨ, ਜਦਕਿ ਬੀਤੇ ਸਾਲ 55 ਪੇਸ਼ੇਵਰ ਪੱਤਰਕਾਰ ਮਾਰੇ ਗਏ ਸਨ। ਇਹੀ ਨਹੀਂ, ਰਿਪੋਰਟ 'ਚ ਉਨ੍ਹਾਂ ਦੇਸ਼ਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜਿੱਥੇ ਪੱਤਰਕਾਰਾਂ ਲਈ ਕੰਮ ਕਰਨਾ ਆਸਾਨ ਨਹੀਂ। ਇਸ 'ਚ ਭਾਰਤ ਦਾ ਵੀ ਨਾਂਅ ਹੈ, ਜੋ ਪੱਤਰਕਾਰਾਂ ਲਈ ਪੰਜਵਾਂ ਸਭ ਤੋਂ ਖ਼ਤਰਨਾਕ ਦੇਸ਼ ਰਿਪੋਰਟ 'ਚ ਦੱਸਿਆ ਗਿਆ ਹੈ। ਭਾਰਤ ਨੂੰ ਲੈ ਕੇ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਦੇਸ਼ 'ਚ ਪੱਤਰਕਾਰਾਂ ਲਈ ਖ਼ਤਰਾ ਹੈ। ਰਿਪੋਰਟ ਵਿੱਚ ਹਿੰਦੂ ਰਾਸ਼ਟਰਵਾਦੀ ਸੰਗਠਨਾਂ ਵੱਲੋਂ ਪੱਤਰਕਾਰਾਂ ਨੂੰ ਧਮਕਾਉਣ ਤੇ ਸੋਸ਼ਲ ਮੀਡੀਆ ਉੱਤੇ ਗਾਲੀ-ਗਲੋਚ ਕਰਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਭਾਰਤ ਵਿੱਚ ਪੱਤਰਕਾਰ ਦਹਿਸ਼ਤ ਦੇ ਪ੍ਰਛਾਵੇਂ ਹੇਠ ਜੀਅ ਰਹੇ ਹਨ। ਇਥੇ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਦੇ ਬੀਤੇ ਸਾਢੇ ਚਾਰ ਸਾਲ ਦੌਰਾਨ ਜੇਕਰ ਕਿਸੇ ਨੇ ਸਭ ਤੋਂ ਵੱਧ ਸੰਤਾਪ ਝੱਲਿਆ ਹੈ ਤਾਂ ਉਹ ਲੋਕਤੰਤਰ ਦਾ ਚੌਥਾ ਥੰਮ੍ਹ ਗਿਣੀ ਜਾਂਦੀ ਪੱਤਰਕਾਰਤਾ ਹੈ। ਹਿੰਦੀ ਅਖ਼ਬਾਰਾਂ ਤੇ ਚੈਨਲਾਂ ਨੂੰ ਸਰਕਾਰੀ ਇਸ਼ਤਿਹਾਰਾਂ ਦਾ ਲਾਲਚ ਦੇ ਕੇ ਜਾਂ ਸਰਕਾਰੀ ਦਬਾਅ ਹੇਠ ਸਰਕਾਰ ਦੇ ਗੁਣ ਗਾਉਣ ਲਈ ਮਜਬੂਰ ਕੀਤਾ ਗਿਆ। ਨਾ ਝੁਕਣ ਵਾਲੇ ਚੈਨਲਾਂ, ਅਖ਼ਬਾਰਾਂ ਤੇ ਹੋਰ ਮੀਡੀਆ ਅਦਾਰਿਆਂ ਦਾ ਗਲਾ



ਘੁੱਟਣ ਲਈ ਹਰ ਕੋਸ਼ਿਸ਼ ਕੀਤੀ ਗਈ। ਸੱਚ ਕਹਿਣ ਵਾਲੇ ਪੱਤਰਕਾਰਾਂ ਤੇ ਐਂਕਰਾਂ ਨੂੰ ਭਗਵੇਂਵਾਦੀਆਂ ਵੱਲੋਂ ਸੋਸ਼ਲ ਮੀਡੀਆ ਉੱਤੇ ਗਾਲ੍ਹਾਂ ਪਰੋਸਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਪਹਿਲਾਂ ਐੱਨਡੀਟੀਵੀ ਦੇ ਮਾਲਕ ਤੇ ਉਸ ਦੀ ਪਤਨੀ ਦੇ ਖ਼ਿਲਾਫ਼ ਸੀਬੀਆਈ ਵੱਲੋਂ ਇੱਕ ਕਥਿਤ ਧੋਖਾਦੇਹੀ ਦਾ ਕੇਸ ਦਰਜ ਕਰ ਕੇ ਉਨ੍ਹਾਂ ਦੇ ਘਰ ਅਤੇ ਦਫ਼ਤਰਾਂ ਉੱਤੇ ਛਾਪੇ ਮਾਰੇ ਗਏ। ਸਭ ਵਿਰੋਧੀ ਪਾਰਟੀਆਂ ਨੇ ਕਿਹਾ ਕਿ ਸਰਕਾਰ ਮੀਡੀਆ ਦੀ ਆਵਾਜ਼ ਨੂੰ ਦਬਾਉਣ ਲਈ ਸੱਤਾ ਦਾ ਦੁਰਉਪਯੋਗ ਕਰ ਰਹੀ ਹੈ। ਇਸ ਤੋਂ ਬਾਅਦ ਬੀਤੇ ਅਕਤੂਬਰ ਮਹੀਨੇ ਵਿਚ ਮੀਡੀਆ ਵੈੱਬਸਾਈਟ 'ਦਿ ਕੁਇੰਟ' ਦੇ ਮਾਲਕ ਰਾਘਵ ਬਹਿਲ ਦੇ ਘਰ ਅਤੇ ਦਫ਼ਤਰਾਂ ਉੱਤੇ ਇਨਕਮ ਟੈਕਸ ਅਧਿਕਾਰੀਆਂ ਨੇ ਛਾਪੇ ਮਾਰੇ। ਉਨ੍ਹਾਂ ਰਾਘਵ ਬਹਿਲ ਦੀ ਹਿੱਸੇਦਾਰੀ ਵਾਲੇ ਇੱਕ ਹੋਰ ਅਦਾਰੇ 'ਦਿ ਪ੍ਰਿੰਟ' ਉੱਤੇ ਵੀ ਛਾਪੇਮਾਰੀ ਕੀਤੀ। ਐਡੀਟਰਜ਼ ਗਿਲਡ ਆਫ਼ ਇੰਡੀਆ ਨੇ ਇਸ ਮਾਮਲੇ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਇਸ ਕਾਰਵਾਈ ਨੂੰ ਮੀਡੀਆ ਦੀ ਆਜ਼ਾਦੀ ਨੂੰ ਕਮਜ਼ੋਰ ਕਰਨ ਵਾਲੀ ਕਿਹਾ ਸੀ। ਇਹੋ ਨਹੀਂ, ਸਰਕਾਰ ਦੀ ਆਲੋਚਨਾ



ਕਰਨ ਵਾਲੇ ਬਹੁਤ ਸਾਰੇ ਪੱਤਰਕਾਰ ਉਸ ਦੇ ਨਿਸ਼ਾਨੇ ਉੱਤੇ ਰਹੇ। ਏਬੀਪੀ ਨਿਊਜ਼ ਚੈਨਲ ਨੂੰ ਭਾਜਪਾ ਪ੍ਰਧਾਨ ਨੇ ਇਸ ਦੇ ਚਰਚਿਤ ਪ੍ਰੋਗਰਾਮ 'ਮਾਸਟਰ ਸਟਰੋਕ' ਵਿੱਚ ਪ੍ਰਧਾਨ ਮੰਤਰੀ ਵੱਲੋਂ ਬੋਲੇ ਗਏ ਇੱਕ ਝੂਠ ਨੂੰ ਸਾਬਤ ਕੀਤੇ ਜਾਣ ਕਾਰਨ ਸਬਕ ਸਿਖਾਏ ਜਾਣ ਦੀ ਧਮਕੀ ਦੇ ਮਾਰੀ। ਇਸ ਤੋਂ ਬਾਅਦ ਚੈਨਲ ਦੇ ਮਾਲਕਾਂ ਵੱਲੋਂ ਪਹਿਲਾਂ ਮੈਨੇਜਿੰਗ ਐਡੀਟਰ ਮਿਲੰਦ ਖਾਂਡੇਕਰ ਤੋਂ ਅਸਤੀਫ਼ਾ ਲਿਆ ਗਿਆ ਤੇ ਫਿਰ 'ਮਾਸਟਰ ਸਟਰੋਕ' ਦੇ ਪੇਸ਼ਕਰਤਾ ਨਾਮਵਰ ਪੱਤਰਕਾਰ ਪੁੰਨਯ ਪ੍ਰਸੂਨ ਵਾਜਪੇਈ ਨੂੰ ਵੀ ਨੌਕਰੀ ਤੋਂ ਹੱਥ ਧੋਣੇ ਪਏ। ਇੱਕ ਹੋਰ ਪੱਤਰਕਾਰ ਅਭਿਸਾਰ ਸ਼ਰਮਾ ਨੂੰ ਜਬਰੀ ਛੁੱਟੀ ਉੱਤੇ ਭੇਜ ਦਿੱਤਾ ਗਿਆ। ਇਸ ਰਾਜ ਵਿਚ ਸਭ ਤੋਂ ਮੁਸ਼ਕਲ ਹਾਲਾਤ ਫੀਲਡ ਵਿਚ ਕੰਮ ਕਰਦੇ ਪੱਤਰਕਾਰਾਂ ਲਈ ਸਨ, ਜਿਨ੍ਹਾਂ ਵਿਚੋਂ ਕਈਆਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਸੰਨ 2014 ਅਤੇ ਸੰਨ 2017 ਦਰਮਿਆਨ ਮੀਡੀਆ ਨਾਲ ਜੁੜੇ ਵਿਅਕਤੀਆਂ ਉੱਤੇ 204 ਹਮਲੇ ਦਰਜ ਕੀਤੇ ਗਏ। ਪ੍ਰੈੱਸ ਫਰੀਡਮ ਇੰਡੈਕਸ ਵਿਚ 180 ਦੇਸ਼ਾਂ ਵਿਚ ਭਾਰਤ ਹੁਣ ਖਰਾਬ ਸਥਿਤੀ ਵਜੋਂ 138ਵੇਂ ਸਥਾਨ ਉੱਤੇ ਪੁੱਜ ਗਿਆ ਹੈ।

**ਸਾਲ- 2018 ਮਾਰੇ ਗਏ 80 ਪੱਤਰਕਾਰ**

'ਰਿਪੋਰਟ ਵਿਦਾਊਟ ਬਾਰਡਰ' ਵਿਚ ਦੋ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 25 ਮਾਰਚ 2018 ਨੂੰ ਬਿਹਾਰ ਦੇ ਆਰਾ ਜ਼ਿਲ੍ਹੇ ਵਿਚ ਦੋ ਪੱਤਰਕਾਰਾਂ ਨਵੀਨ ਨਿਛਚਲ ਤੇ ਵਿਜੈ ਸਿੰਘ ਨੂੰ ਪਿੰਡ ਦੇ ਸਰਪੰਚ ਨੇ ਉਸ ਵਿਰੁੱਧ ਰਿਪੋਰਟਿੰਗ ਕਰਨ 'ਤੇ ਆਪਣੀ ਸਕਾਰਪੀਓ ਹੇਠ ਦਰੜ ਕੇ ਮਾਰ ਦਿੱਤਾ ਸੀ। ਇਸੇ ਮਹੀਨੇ ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ਵਿੱਚ ਪੱਤਰਕਾਰ ਸੰਦੀਪ ਸ਼ਰਮਾ ਨੂੰ ਪੁਲਸ ਅਤੇ ਰੇਤ ਮਾਫੀਆ ਦੇ ਗੱਠਜੋੜ ਵੱਲੋਂ ਟਰੱਕ ਚੜ੍ਹਾ ਕੇ ਮਾਰ ਦਿੱਤਾ ਗਿਆ ਸੀ। ਸੰਦੀਪ ਸ਼ਰਮਾ ਖਣਨ ਮਾਫ਼ੀਆ ਦੇ ਨਿਸ਼ਾਨੇ 'ਤੇ ਸਨ। ਨਵੀਨ ਨਿਸ਼ਚਲ ਅਤੇ ਵਿਜੈ ਸਿੰਘ ਦੇ ਪਰਿਵਾਰ ਨੇ ਦੋਸ਼ ਲਾਇਆ ਸੀ ਕਿ ਦੋਵਾਂ ਨੂੰ ਗ੍ਰਾਮ ਪ੍ਰਧਾਨ ਨੇ ਮਾਰਿਆ ਹੈ। ਭਾਰਤ ਵਿਚ ਪ੍ਰਗਟਾਵੇ ਦੀ ਆਜ਼ਾਦੀ ਸਬੰਧੀ ਬੰਬੇ ਹਾਈ ਕੋਰਟ ਦੀ ਟਿੱਪਣੀ ਅਜੋਕੀ ਸਰਕਾਰ ਨੂੰ ਸ਼ੀਸ਼ਾ ਵਿਖਾਉਣ ਵਾਲੀ ਹੈ। ਜਸਟਿਸ ਧਰਮਾ ਅਧਿਕਾਰੀ ਤੇ ਜਸਟਿਸ ਭਾਰਤੀ ਡਾਂਗਰੇ ਦੀ ਬੈਂਚ ਨੇ ਤਰਕਸ਼ੀਲ ਡਾਬੋਲਕਰ ਤੇ ਪੰਸਾਰੇ ਦੀ ਹੱਤਿਆ ਸੰਬੰਧੀ ਇੱਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਿਹਾ ਸੀ, "ਦੇਸ਼ ਇਸ ਸਮੇਂ ਬੁਰੇ ਦੌਰ 'ਚੋਂ ਗੁਜ਼ਰ ਰਿਹਾ ਹੈ, ਜਿਸ ਵਿਚ ਕੋਈ ਵਿਅਕਤੀ ਆਜ਼ਾਦ ਹੋ ਕੇ ਨਾ ਕੁਝ ਕਹਿ ਸਕਦਾ ਹੈ, ਨਾ ਘੁੰਮ-ਫਿਰ ਸਕਦਾ ਹੈ। "

'ਰਿਪੋਰਟ ਵਿਦਾਊਟ ਬਾਰਡਰ' ਅਨੁਸਾਰ ਸਾਲ 2017 ਦੀ ਤੁਲਨਾ 'ਚ ਸਾਲ 2018 'ਚ ਪੱਤਰਕਾਰਾਂ ਦੀਆਂ ਜ਼ਿਆਦਾ ਹੱਤਿਆਵਾਂ ਹੋਈਆਂ, ਜਦਕਿ 348 ਨੂੰ ਡਿਟੇਂਡ ਕੀਤਾ ਗਿਆ, ਉਥੇ ਹੀ 60 ਨੂੰ ਬੰਧਕ ਬਣਾਇਆ ਗਿਆ। ਨਾਲ ਹੀ ਤਿੰਨ ਪੱਤਰਕਾਰ ਲਾਪਤਾ ਹਨ। ਇਸ ਸਾਲ 80 'ਚੋਂ 49 ਪੱਤਰਕਾਰਾਂ ਦੀ ਹੱਤਿਆ ਸੋਚੇ-ਸਮਝੇ ਤਰੀਕੇ ਨਾਲ ਕੀਤੀ ਗਈ, ਜਿਨ੍ਹਾਂ ਆਪਣੀ ਰਿਪੋਰਟਿੰਗ ਨਾਲ ਰਾਜਨੀਤਕ, ਆਰਥਕ, ਧਾਰਮਕ ਅਤੇ ਅਪਰਾਧਿਕ ਸੰਗਠਨਾਂ 'ਚ ਹਲਚਲ ਪੈਦਾ ਕੀਤੀ ਸੀ। ਸਾਲ 2018 'ਚ ਚੀਨ 60,

**ਬਾਕੀ ਸਫ਼ਾ 32 'ਤੇ**


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਨਕੋਦਰ ਕਾਂਡ : ਐਮਪੀ ਧਰਮਵੀਰ ਗਾਂਧੀ ਨੇ ਪੁਲਿਸ ਗੋਲੀ ਨਾਲ ਸ਼ਹੀਦ ਹੋਏ ਸਿੱਖਾਂ ਦਾ ਮਾਮਲਾ ਗ੍ਰਹਿ ਮੰਤਰੀ ਕੋਲ ਚੁੱਕਿਆ

## ਪੰਜਾਬ ਸਰਕਾਰ ਵਲੋਂ ਦੱਬੀ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕਰਨ ਦੀ ਮੰਗ

**ਦਿੱਲੀ/ਬਿਊਰੋ ਨਿਊਜ਼ :**

ਪੰਜਾਬ ਦੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ 32 ਸਾਲ ਪਹਿਲਾਂ ਨਕੋਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 5 ਬੀੜਾਂ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟਾ ਰਹੇ ਚਾਰ ਸਿੱਖ ਨੌਜਵਾਨਾਂ ਦੀ ਪੁਲੀਸ ਗੋਲੀਆਂ ਨਾਲ ਹੋਈ ਮੌਤ ਦਾ ਮਾਮਲਾ ਉਠਾਇਆ ਹੈ। ਇਸ ਕਾਂਡ ਬਾਰੇ ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪ ਦਾ ਮੁੱਦਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਚੁੱਕਿਆ ਹੈ। ਡਾ. ਧਰਮਵੀਰ ਗਾਂਧੀ ਨੇ ਆਪਣੇ ਫੇਸਬੁੱਕ ਪੰਨੇ 'ਤੇ ਦਾਅਵਾ ਕੀਤਾ ਹੈ ਕਿ ਇਸ ਬਾਰੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਆਪਣੇ ਸੈਕਟਰੀ ਨੂੰ ਸੱਦ ਕੇ ਪੰਜਾਬ ਸਰਕਾਰ ਨੂੰ ਪੱਤਰ ਲਿਖਣ ਤੇ ਰਿਪੋਰਟ ਭੇਜਣ ਲਈ ਕਿਹਾ ਹੈ। ਡਾ. ਧਰਮਵੀਰ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਸਾਰੀ ਘਟਨਾ ਦੱਸੀ ਕਿ ਕਿਵੇਂ ਸਾਕਾ ਨੀਲਾ ਤਾਰਾ ਦੇ ਡੇਢ ਸਾਲ ਬਾਅਦ 2 ਫਰਵਰੀ 1986 ਨੂੰ ਜਲੰਧਰ ਦੇ ਨਕੋਦਰ ਕਸਬੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪਾਂ ਦੀ ਬੇਅਦਬੀ ਹੋਈ ਸੀ ਤੇ ਉਸ ਦਾ ਰੋਸ ਪ੍ਰਗਟਾ ਰਹੇ ਚਾਰ ਸਿੱਖ ਨੌਜਵਾਨਾਂ ਨੂੰ 4 ਫਰਵਰੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਪੁਲਿਸ ਫਾਈਰਿੰਗ ਨਾਲ ਮਾਰੇ ਗਏ ਚਾਰ ਨਿਰਦੋਸ਼ ਸਿੱਖਾਂ ਬਾਰੇ ਉਸ ਵੇਲੇ ਦੇ ਪੜਤਾਲੀਆ ਕਮਿਸ਼ਨ ਦੀ ਰਿਪੋਰਟ, ਜੋ ਜਸਟਿਸ ਗੁਰਨਾਮ ਸਿੰਘ ਨੇ 31 ਅਕਤੂਬਰ 1986 ਵਿਚ ਜਾਰੀ ਕੀਤੀ ਸੀ, ਨੂੰ ਜਨਤਕ ਕਰਨ ਦੀ ਮੰਗ ਕਰਦਿਆਂ ਡਾ. ਗਾਂਧੀ ਨੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਿਹਰੇ ਵਿਚ ਖੜ੍ਹਾ ਕਰਕੇ ਸਜਾਵਾਂ ਦੇਣ ਦੀ ਮੰਗ ਕੀਤੀ ਹੈ। ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਬਹਿਬਲ ਕਲਾਂ ਅਤੇ ਬਰਗਾੜੀ ਵਰਗੇ ਹਾਦਸੇ ਪਹਿਲਾਂ ਵੀ ਹੋਏ ਹਨ ਪਰ ਸਰਕਾਰਾਂ ਚੁੱਪੀ ਸਾਧ ਲੈਂਦੀਆਂ ਹਨ।





ਗੌਰਤਲਬ ਹੈ ਕਿ 4 ਫਰਵਰੀ 1986 ਨੂੰ ਸਿੱਖ ਸੰਗਤ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਨਕੋਦਰ ਸ਼ਹਿਰ ਵਿੱਚ ਇਕੱਤਰ ਹੋਏ ਸਨ । ਇਸ ਇਕੱਤਰਤਾ ਦਾ ਮੁੱਖ ਮਕਸਦ ਗੁਰੂ ਗਰੰਥ ਸਾਹਿਬ ਜੀ ਦੇ ਅੰਗਾਂ ਦੀ ਹੋਈ ਬੇਅਦਬੀ ਬਾਰੇ ਵਿਚਾਰ ਕਰਕੇ ਅਗਲਾ ਪ੍ਰੋਗਰਾਮ ਉਲੀਕਣ ਬਾਰੇ ਸੀ ਕਿਉਂਕਿ ਨਕੋਦਰ ਸ਼ਹਿਰ ਵਿਚ 2 ਫਰਵਰੀ 1986 ਨੂੰ ਸਿੱਖ ਵਿਰੋਧੀ ਅਨਸਰਾਂ ਨੇ ਗੁਰਦਵਾਰਾ ਗੁਰੂ ਅਰਜਨ ਦੇਵ ਜੀ ਨਕੋਦਰ ਸ਼ਹਿਰ ਵਿਖੇ ਗੁਰੂ ਗਰੰਥ ਸਾਹਿਬ ਜੀ ਦੇ ਪੰਜ ਸਰੂਪਾਂ ਨੂੰ ਅੱਗ ਲਗਾ ਕੇ ਬੇਅਦਬੀ ਕੀਤੀ ਸੀ । ਸੰਗਤਾਂ ਦਾ ਵਿਚਾਰ ਸੀ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਪੂਰਨ ਮਰਿਆਦਾ ਸਹਿਤ ਜਲ ਪ੍ਰਵਾਹ ਕੀਤੇ ਜਾ ਸਕਣ । ਸੀਆਰਪੀ, ਬੀਐੱਸਐੱਫ ਅਤੇ ਪੰਜਾਬ ਪੁਲੀਸ ਦੇ ਜਵਾਨਾਂ ਨੇ ਇਸ ਸ਼ਾਂਤਮਈ ਰੋਸ ਮਾਰਚ ਉਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ ਸੀ।

ਪਿਛਲੇ ਦੋ ਹਫਤੇ ਤੋਂ ਲੋਕ ਸਭਾ ਦੀ ਕਾਰਵਾਈ ਲਗਾਤਾਰ ਠੱਪ ਹੋਣ ਅਤੇ ਸਦਨ ਅੰਦਰ ਇਹ ਮੁੱਦਾ ਨਾ ਉਠਾਉਣ ਦਿੱਤੇ ਜਾਣ ਕਾਰਨ ਡਾ. ਧਰਮਵੀਰ ਗਾਂਧੀ ਨੇ ਇਹ ਕਦਮ ਚੁੱਕਿਆ ਹੈ ।ਡਾ. ਗਾਂਧੀ ਨੇ ਗ੍ਰਹਿ ਮੰਤਰੀ ਨੂੰ ਦੱਸਿਆ ਕਿ 4 ਫਰਵਰੀ 1986 ਦਾ ਸਾਕਾ ਨਕੋਦਰ ਬਿਲਕੁਲ ਬਰਗਾੜੀ ਕਾਂਡ ਵਾਂਗ ਹੀ ਵਾਪਰਿਆ ਸੀ ਅਤੇ ਪੁਲਿਸ ਨੇ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਤੋਂ ਬਾਅਦ ਪਰਿਵਾਰਾਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਅੰਤਿਮ ਸੰਸਕਾਰ ਵੀ ਨਾ ਕਰਨ ਦਿੱਤੇ ।

ਡਾ ਧਰਮਵੀਰ ਗਾਂਧੀ ਦੇ ਦੱਸਣ ਮੁਤਾਬਿਕ ਸ੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਹਾਲਾਂ ਕਿ ਇਹ ਸੂਬਾ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਪਰ ਅਸੀ ਉਨ੍ਹਾਂ ਨੂੰ ਲਿਖਾਂਗੇ ਕਿ ਉਹ ਸੰਜੀਦਗੀ ਨਾਲ ਤੁਰੰਤ ਕਾਰਵਾਈ ਕਰਨ, ਕਮਿਸ਼ਨ ਦੀ ਰਿਪੋਰਟ ਨੂੰ ਜਨਤਕ ਕਰਨ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ।

ਦੱਸਣਯੋਗ ਹੈ ਕਿ ਪੁਲਿਸ ਦੀ ਬਿਨਾ ਕਿਸੇ ਚਿਤਾਵਨੀ ਦੇ ਕੀਤੀ ਗਈ ਇਸ ਅੰਨੇਵਾਹ ਗੋਲੀਬਾਰੀ ਵਿਚ ਰਵਿੰਦਰ ਸਿੰਘ ਲਿੱਤਰਾਂ, ਝਲਮਣ ਸਿੰਘ ਗੌਰਸੀਆਂ, ਬਲਧੀਰ ਸਿੰਘ ਰਾਮਗੜ੍ਹ ਤੇ ਹਰਮਿੰਦਰ ਸਿੰਘ ਰਾਏਪੁਰ ਸ਼ਹੀਦ ਹੋ ਗਏ ਸਨ। ਇਸ ਕਾਂਡ ਵਿਚ ਚੌਥੇ ਸ਼ਹੀਦ ਭਾਈ ਹਰਮਿੰਦਰ ਸਿੰਘ (ਕਨਵੀਨਰ ਸਿੱਖ ਸਟੂਡੈਂਟ ਫੈਡਰੇਸ਼ਨ ਖਾਲਸਾ ਕਾਲਜ ਜਲੰਧਰ) ਨੂੰ ਸਵਰਨ ਘੋਟਣੇ (ਐਸਪੀ) ਨੇ ਵਾਲਾਂ ਤੋਂ ਫੜਿਆ ਅਤੇ ਜਸਕੀਰਤ ਨਾਮ ਦੇ ਇੰਸਪੈਕਟਰ ਨੇ ਭਾਈ ਹਰਮਿੰਦਰ ਸਿੰਘ ਦੇ ਮੂੰਹ ਵਿਚ ਗੋਲੀਆਂ ਮਾਰ ਕੇ ਕਤਲ ਕੀਤਾ। ਉਸ ਸਮੇਂ ਭਾਈ ਹਰਮਿੰਦਰ ਸਿੰਘ ਲੱਕੜ ਦੇ ਆਰੇ ਦੇ ਅੰਦਰ ਨਿਹੱਥਾ ਬੈਠਾ ਸੀ।

ਜ਼ਿਕਰਯੋਗ ਹੈ ਕਿ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਅਤੇ ਮਾਤਾ ਬਲਦੀਪ ਕੌਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸੇ ਸਾਲ 30 ਜੁਲਾਈ ਅਤੇ 18 ਅਗਸਤ ਨੂੰ ਪੱਤਰ ਲਿਖੇ ਸਨ ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ 12 ਦਸੰਬਰ ਨੂੰ ਮੁੜ ਪੱਤਰ ਲਿਖਿਆ। ਉਨ੍ਹਾਂ ਇਹ ਵੀ ਮੰਗ ਕੀਤੀ ਸੀ ਕਿ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਜਨਤਕ ਕੀਤੀ ਜਾਵੇ।

ਇਸ ਤੋਂ ਪਹਿਲਾਂ ਆਪ ਦੇ ਵਿਧਾਇਕ ਕੰਵਰ ਸੰਧੂ ਅਤੇ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਵਿਧਾਨ ਸਭਾ 'ਚ ਵੀ ਇਸ ਸਬੰਧੀ ਮੰਗ ਉਠਾਈ ਸੀ ਅਤੇ ਕੰਵਰ ਸੰਧੂ ਨੇ ਮੁੱਖ ਮੰਤਰੀ ਪੰਜਾਬ ਨੂੰ ਇਸ ਬਾਬਤ ਇਕ ਚਿੱਠੀ ਵੀ ਲਿਖੀ ਪਰ ਉਸ ਦਾ ਹਾਲੇ ਤਕ ਕੋਈ ਜੁਆਬ ਨਹੀਂ ਆਇਆ ਹੈ।


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਤੰਦੂਰ ਵਿਚ ਪਤਨੀ ਦੀ ਲਾਸ਼ ਸਾੜਨ ਵਾਲਾ ਸਾਬਕਾ ਕਾਂਗਰਸੀ ਰਿਹਾਅ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਤੰਦੂਰ ਹੱਤਿਆ ਕਾਂਡ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਨੇਤਾ ਸੁਸ਼ੀਲ ਕੁਮਾਰ ਸ਼ਰਮਾ ਲਈ ਵੱਡੀ ਰਾਹਤ ਵਾਲੀ ਖਬਰ ਆਈ ਹੈ। ਦਿੱਲੀ ਹਾਈ ਕੋਰਟ ਨੇ ਬੀਤੇ ਦਿਨੀਂ ਸੁਣਵਾਈ ਦੌਰਾਨ 23 ਸਾਲ ਤੋਂ ਜੇਲ੍ਹ 'ਚ ਬੰਦ ਸੁਸ਼ੀਲ ਸ਼ਰਮਾ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਦੱਸ ਦਈਏ ਕਿ ਇਹ ਮਾਮਲਾ ਸੰਨ 1995 ਦਾ ਹੈ। ਸ਼ਰਮਾ ਨੇ ਆਪਣੀ ਪਤਨੀ ਨੈਨਾ ਦੇ ਟੋਟੇ-ਟੋਟੇ ਕਰ ਕੇ ਤੰਦੂਰ ਵਿਚ ਭੁੰਨ ਦਿੱਤੇ ਸਨ। ਪਹਿਲਾਂ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਪਰ ਬਾਅਦ ਵਿਚ ਇਹ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ। ਉਦੋਂ ਦਾ ਉਹ ਜੇਲ੍ਹ ਵਿਚ ਸੀ। ਸ਼ਰਮਾ ਨੂੰ ਆਪਣੀ ਪਤਨੀ ਨੈਨਾ ਸਾਹਨੀ ਦੇ ਚਰਿੱਤਰ ਉਤੇ ਸ਼ੱਕ ਸੀ। ਉਸ ਨੇ ਪਤਨੀ ਦੀ ਜਸੂਸੀ ਵੀ ਕਰਵਾਈ। ਸੱਚ ਪੁਖਤਾ ਹੋਣ ਉਤੇ ਉਸ ਨੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ ਤੇ ਬਾਅਦ ਵਿਚ ਲਾਸ਼ ਦੇ ਟੋਟੇ-ਟੋਟੇ ਕਰ ਦਿੱਤੇ। ਫਿਰ ਉਨ੍ਹਾਂ ਉਤੇ ਮੱਖਣ ਲਾਇਆ ਅਤੇ ਤੰਦੂਰ ਵਿਚ ਭੁੰਨ ਦਿੱਤਾ। ਤੰਦੂਰ ਵਿਚੋਂ ਨਿਕਲੇ ਧੂੰਏਂ ਤੇ ਬਦਬੂ ਨੇ ਨੇੜੇ ਕੰਮ ਕਰ ਰਹੀ ਇਕ ਮਹਿਲਾ ਦਾ ਧਿਆਨ ਖਿੱਚਿਆ। ਉਸ ਨੇ ਪੁਲਿਸ ਨੂੰ ਇਸ ਦੀ ਜਾਣਕਾਰੀ ਦਿੱਤੀ। ਦਰਅਸਲ ਨੈਨਾ ਤੇ ਸੁਸ਼ੀਲ ਸ਼ਰਮਾ ਦੀ ਲਵ ਮੈਰਿਜ ਹੋਈ ਸੀ। ਇਕ ਸਮੇਂ ਨੈਨਾ ਦੇ ਮਤਲੂਬ ਨਾਂ ਦੇ ਸ਼ਖਸ ਨਾਲ ਸਬੰਧ ਸਨ ਪਰ ਉਸ ਦੇ ਘਰ ਵਾਲੇ ਉਨ੍ਹਾਂ ਦੇ ਵਿਆਹ ਲਈ ਨਾ ਮੰਨੇ। ਬਾਅਦ ਵਿਚ ਨੈਨਾ ਤੇ ਸੁਸ਼ੀਲ ਵਿਚ ਦੋਸਤੀ ਹੋ ਗਈ ਤੇ ਉਨ੍ਹਾਂ ਨੇ ਲਵ ਮੈਰਿਜ ਕਰ ਲਈ। ਵਿਆਹ ਤੋਂ ਬਾਅਦ ਸ਼ੁਸੀਲ ਨੂੰ ਸ਼ੱਕ ਸੀ ਕਿ ਨੈਨਾ ਦੇ ਸਬੰਧ ਮਸਲੂਬ ਨਾਲ ਜਾਰੀ ਹਨ। ਸੁਣਵਾਈ 'ਚ ਜਸਟਿਸ ਸਿਧਾਰਥ ਮ੍ਰਿਦੁਲ ਅਤੇ ਜਸਟਿਸ ਸੰਗੀਤਾ ਢੀਂਗਰਾ ਸਹਿਗਲ ਨੇ ਮਾਮਲੇ ਨੂੰ ਗੰਭੀਰ ਦੱਸਦੇ ਹੋਏ ਸਜ਼ਾ ਸਮੀਖਿਆ ਬੋਰਡ ਤੋਂ ਪੁੱਛਿਆ ਸੀ ਕਿ ਕੀ ਸਜ਼ਾ ਪੂਰੀ ਹੋਣ ਦੇ ਬਾਵਜੂਦ ਹੱਤਿਆ ਦੇ ਮਾਮਲੇ 'ਚ ਇਕ ਵਿਅਕਤੀ ਨੂੰ ਜੇਲ੍ਹ 'ਚ ਰੱਖਿਆ ਜਾ ਸਕਦਾ ਹੈ ?



ਬੈਂਚ ਨੇ ਕਿਹਾ ਸੀ ਕਿ ਇਹ ਇਕ ਕੈਦੀ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ, ਇਸ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਬੈਂਚ ਨੇ ਇਹ ਵੀ ਕਿਹਾ ਸੀ ਕਿ ਪਟੀਸ਼ਨਕਰਤਾ ਨੇ 23 ਸਾਲ ਦੀ ਸਜ਼ਾ ਪੂਰੀ ਕਰ ਲਈ ਹੈ। ਹੱਤਿਆ ਆਪਣੇ ਆਪ 'ਚ ਦਰਿੰਦਗੀ ਹੁੰਦੀ ਹੈ। ਜੇਕਰ ਅਸੀਂ ਇਕ ਵਿਅਕਤੀ ਨੂੰ ਲਗਾਤਾਰ ਜੇਲ੍ਹ 'ਚ ਬੰਦ ਰੱਖਣ ਦੀ ਇਜਾਜ਼ਤ ਦਿੰਦੇ ਹਾਂ ਤਾਂ ਫਿਰ ਹੱਤਿਆ ਦੇ ਮਾਮਲੇ 'ਚ ਕਿਸੇ ਵੀ ਵਿਅਕਤੀ ਦੀ ਸਮੇਂ ਤੋਂ ਪਹਿਲਾਂ ਰਿਹਾਈ ਨਹੀਂ ਹੋਵੇਗੀ। ਸੁਣਵਾਈ ਦੌਰਾਨ ਦਿੱਲੀ ਸਰਕਾਰ ਦੇ ਸਟੈਂਡਿੰਗ ਕੌਂਸਲ ਰਾਹੁਲ ਮਹਿਰਾ ਨੇ ਕਿਹਾ ਸੀ ਕਿ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ 'ਤੇ ਫੈਸਲਾ ਉਪ ਰਾਜਪਾਲ ਲੈਂਦੇ ਹਨ। ਸਜ਼ਾ ਸਮੀਖਿਆ ਬੋਰਡ ਵਲੋਂ ਸੁਸ਼ੀਲ ਨੂੰ ਰਿਹਾਅ ਨਹੀਂ ਕਰਨ ਦੀ ਸਿਫਾਰਸ਼ ਨੂੰ ਉਨ੍ਹਾਂ ਨੇ ਸਵੀਕਾਰ ਕਰ ਲਿਆ ਸੀ।

# ਬਹਿਬਲ ਕਲਾਂ ਗੋਲੀਕਾਂਡ ਦੇ ਫੱਟੜਾਂ ਨੂੰ ਸੜਕ ਹਾਦਸਾ ਪੀੜਤ ਬਣਾਉਣ ਦੀ ਕੋਸ਼ਿਸ਼

## *ਪੀੜਤ ਹਰਭਜਨ ਸਿੰਘ ਨੇ ਹਾਈਕੋਰਟ ਸਾਹਮਣੇ ਖੋਲ੍ਹੇ ਭੇਦ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੁਲਿਸ ਵਲੋਂ ਅਕਤੂਬਰ 2015 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਰੋਸ ਕਰ ਰਹੀ ਸਿੱਖ ਸੰਗਤ 'ਤੇ ਹੋਈ ਪੁਲਿਸ ਫ਼ਾਇਰਿੰਗ ਅਤੇ ਲਾਠੀਚਾਰਜ ਦੇ ਫੱਟੜਾਂ ਨੂੰ ਕਿਸੇ ਘਟਨਾ ਦੇ ਨਹੀਂ ਬਲਕਿ ਮਹਿਜ਼ ਕਿਸੇ ਸੜਕ ਹਾਦਸੇ ਦੇ ਪੀੜਤ ਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਮਾਣਾ ਵਾਸੀ ਹਰਭਜਨ ਸਿੰਘ ਨਾਮੀ ਇਕ ਸਿੱਖ ਬਜ਼ੁਰਗ ਦਾ ਕੇਸ ਪਿਛਲੇ ਹਫ਼ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਪੁੱਜਣ 'ਤੇ ਇਹ ਖੁਲਾਸੇ ਹੋਏ ਹਨ।ਪੀੜਤ ਦੇ ਵਕੀਲ ਗਗਨ ਪ੍ਰਦੀਪ ਸਿੰਘ ਬੱਲ ਨੇ ਦੱਸਿਆ ਕਿ ਦੋ ਦਰਜਨ ਦੇ ਕਰੀਬ ਲੋਕ ਬੁਰੀ ਤਰਾਂ ਫੱਟੜ ਹੋਏ ਹੋਣ ਦੀ ਜਾਣਕਾਰੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਗੋਲੀਕਾਂਡ ਮੌਕੇ ਹਰਭਜਨ ਸਿੰਘ ਮੁਤਾਬਕ ਉਹ ਲੰਗਰ ਬਣਾਉਣ ਦੀ ਸੇਵਾ ਨਿਭਾ ਰਿਹਾ ਸੀ। ਅਚਾਨਕ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਲੰਗਰ 'ਚੋਂ ਉਹ ਸੰਗਤ ਵੱਲ ਭੱਜੇ ਤਾਂ ਪੁਲਿਸ ਨੇ ਉਨ੍ਹਾਂ ਉਤੇ ਤਾਬੜਤੋੜ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿਤੀਆਂ, ਜਿਸ 'ਚ ਹਰਭਜਨ ਸਿੰਘ ਦੀ ਸੱਜੀ ਅੱਖ ਗੰਭੀਰ ਰੂਪ 'ਚ ਫੱਟੜ ਹੋ ਗਈ।ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਥੇ ਪੁਲਿਸ ਨੇ ਉਸ ਨੂੰ ਸੜਕ ਹਾਦਸੇ ਦਾ ਪੀੜਤ ਦੱਸ ਦਿੱਤਾ। ਉਸ ਮਗਰੋਂ ਉਸ ਦੇ ਸਮਾਣਾ ਆ ਕੇ ਰਹਿਣ ਲੱਗ ਜਾਣ ਮਗਰੋਂ ਵੀ ਪੁਲਿਸ ਵਾਲੇ ਉਸ ਦੇ ਘਰ ਦੀ ਨਿਗਰਾਨੀ ਕਰਦੇ ਰਹੇ ਅਤੇ ਕਈ ਵਾਰ ਪਿੱਛਾ ਵੀ ਕੀਤਾ ਗਿਆ ਤਾਂ ਜੋ ਉਹ ਬਹਿਬਲ ਕਲਾਂ 'ਚ ਵਾਪਰੀ ਘਟਨਾ ਬਾਰੇ ਅੱਗੇ ਕੋਈ ਬਿਆਨ ਜਾਂ ਹੋਰ ਕਰਵਾਈ ਨਾ ਕਰਵਾ ਸਕੇ। ਐਡਵੋਕੇਟ ਬੱਲ ਨੇ ਦੱਸਿਆ ਕਿ ਇਨਸਾਫ਼ ਮੋਰਚੇ ਵਾਲੀਆਂ ਪੰਥਕ ਜਥੇਬੰਦੀਆਂ ਦੀ ਮਦਦ ਨਾਲ ਹਰਭਜਨ ਸਿੰਘ ਉਨ੍ਹਾਂ ਦੇ ਸੰਪਰਕ ਵਿਚ ਆਇਆ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਮਾਨਤਾ ਵਿਰੁੱਧ ਹਾਈ ਕੋਰਟ ਪੁੱਜੇ ਹੋਏ ਪੁਲਿਸ ਅਧਿਕਾਰੀਆਂ ਦੇ ਕੇਸਾਂ ਨਾਲ ਬਹਿਸ ਦੇ ਆਖਰੀ ਦਿਨ ਉਨ੍ਹਾਂ ਦੀ ਪਟੀਸ਼ਨ ਵੀ ਸੁਣੀ ਗਈ। ਜਿਸ ਦੌਰਾਨ ਉਨ੍ਹਾਂ ਬੈਂਚ ਨੂੰ ਉਕਤ ਘਟਨਾਕ੍ਰਮ ਦੱਸਣ ਦੇ ਨਾਲ-ਨਾਲ ਫੱਟੜ ਹੋਏ ਲੋਕਾਂ ਲਈ ਵੀ ਇਨਸਾਫ਼ ਅਤੇ ਕਰਵਾਈ ਦੀ ਮੰਗ ਕੀਤੀ ਹੈ। ਬੈਂਚ ਵੱਲੋਂ ਫ਼ੈਸਲਾ ਰਾਖਵਾਂ ਰੱਖਿਆ ਗਿਆ ਹੈ।

# ਕਨੇਡਾ ਦੇ ਸਿੱਖਾਂ ਨੇ ਵਿਵਾਦਤ ਰਿਪੋਰਟ ਉਤੇ ਮੁੜ ਗੌਰ ਕਰਨ ਤਕ ਇਸ ਦੀ ਵਾਪਸੀ ਮੰਗੀ

**ਟੋਰਾਂਟੋ/ਬਿਊਰੋ ਨਿਊਜ਼ :**
ਬ੍ਰਿਟਿਸ਼ ਕੋਲੰਬੀਆ ਸਿੱਖ ਗੁਰਦੁਆਰਾ ਕੌਂਸਲ, ਓਂਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਅਤੇ ਓਂਟਾਰੀਓ ਗੁਰਦੁਆਰਾ ਕਮੇਟੀ ਵਲੋਂ ਲੰਘੇ ਹਫਤੇ ਕਨੇਡਾ ਸਰਕਾਰ ਵਲੋਂ ਜਾਰੀ ਕੀਤੇ ਗਏ ਇਕ ਵਿਵਾਦਤ ਲੇਖੇ ਬਾਰੇ ਮੁੜ ਵਿਚਾਰ ਕਰਨ ਲਈ ਇਕੱਤਰਤਾ ਕੀਤੀ ਗਈ। ਜ਼ਿਕਰਯੋਗ ਹੈ ਕਿ ਕਨੇਡਾ ਨੇ ਹਾਲ ਵਿਚ ਹੀ ਜਾਰੀ ਕੀਤੇ ਕਨੇਡਾ ਨੂੰ ਦਹਿਸ਼ਤਗਰਦੀ ਦੇ ਖਤਰਿਆਂ ਬਾਰੇ ਜਨਤਕ ਲੇਖੇ (ਪਬਲਿਕ ਰਿਪੋਰਟ) ਵਿਚ ਕਥਿਤ ਸਿੱਖ (ਖਾਲਿਸਤਾਨੀ) ਕੱਟੜਵਾਦ ਦਾ ਜ਼ਿਕਰ ਸ਼ਾਮਲ ਕੀਤਾ ਹੈ, ਜਿਸ ਦਾ ਸਿੱਖਾਂ ਵਲੋਂ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ। ਸਿੱਖ ਜਥੇਬੰਦੀਆਂ ਨੇ ਜ਼ੋਰਦਾਰ ਤਰੀਕੇ ਨਾਲ ਇਹ ਤੱਥ ਉਭਾਰੇ ਹਨ ਕਿ ਪੂਰੇ ਲੇਖੇ ਵਿਚ ਕਿਧਰੇ ਵੀ ਅਖੌਤੀ ਸਿੱਖ (ਖਾਲਿਸਤਾਨੀ) ਕੱਟੜਵਾਦ ਨੂੰ ਸ਼ਾਮਲ ਕਰਨ ਦਾ ਕੋਈ ਅਧਾਰ ਨਹੀਂ ਮਿਲਦਾ ਅਤੇ ਨਾ ਹੀ ਇਸ ਨਾਲ ਜੁੜੇ ਕਿਸੇ ਵੀ ਖਤਰੇ ਜਾਂ ਖਦਸ਼ੇ ਦਾ ਕੋਈ ਜ਼ਿਕਰ ਕੀਤਾ ਗਿਆ ਹੈ। ਸਿੱਖ ਕਨੇਡਾ ਸਰਕਾਰ ਨਾਲ ਇਸ ਗਲੋਂ ਡਾਹਢੇ ਨਰਾਜ਼ ਹਨ ਕਿ ਕਨੇਡਾ ਨੇ ਭਾਰਤ ਦੇ ਭੰਡੀ ਪਰਚਾਰ ਅਤੇ ਦਬਾਅ ਹੇਠ ਆਉਂਦਿਆਂ ਬਿਨਾ ਕਿਸੇ ਅਧਾਰ ਦੇ ਸਿੱਖਾਂ ਦਾ ਨਾਂ ਇਸ ਲੇਖੇ ਵਿਚ ਸ਼ਾਮਲ ਕਰਕੇ ਸਿੱਖਾਂ ਦੇ ਅਕਸ ਨੂੰ ਢਾਹ ਲਾਈ ਹੈ। ਸਿੱਖ ਨੁਮਾਇੰਦਿਆਂ ਨੇ ਕਨੇਡਾ ਦੇ ਲੋਕ ਰੱਖਿਆ ਮਾਮਲਿਆਂ ਦੇ ਵਜ਼ੀਰ ਰੇਲਫ ਗੂਡੇਲ ਨੂੰ ਮਿਲਣ ਲਈ ਸਮਾਂ ਮੰਗਿਆਂ ਹੈ। ਪਤਾ ਲੱਗਾ ਹੈ ਕਿ ਗੂਡੇਲ ਦੇ ਦਫਤਰ ਵਲੋਂ ਸਿੱਖ ਨੁਮਇੰਦਿਆਂ ਨੂੰ ਕਿਹਾ ਗਿਆ ਹੈ ਕਿ ਉਹਨਾਂ ਵਲੋਂ ਸਿੱਖਾਂ ਦੀ ਮੰਤਰੀ ਗੂਡੇਲ ਨਾਲ ਮੁਲਾਕਾਤ 14 ਜਨਵਰੀ ਵਾਲੇ ਹਫਤੇ ਵਿਚ ਕਰਵਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।
ਸਿੱਖ ਨੁਮਾਇੰਦਿਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਜਿੰਨਾ ਚਿਰ ਇਸ ਲੇਖੇ ਉਤੇ ਮੁੜ ਵਿਚਾਰ ਨਹੀਂ ਹੁੰਦੀ ਉਦੋਂ ਤਕ ਇਸ ਉਤੇ ਰੋਕ ਲਾਈ ਜਾਵੇ ਅਤੇ ਇਸ ਨੂੰ ਕਨੇਡਾ ਸਰਕਾਰ ਦੀਆਂ ਵੈਬਸਾਈਟਾਂ ਤੋਂ ਹਟਾ ਦਿੱਤਾ ਜਾਵੇ।




ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

### ਆਲ ਇੰਡੀਆ ਮੈਨੂਫੈਕਚਰਰਜ਼ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਮੁਤਾਬਕ

# ਮੋਦੀ ਸਰਕਾਰ ਕੋਲੋਂ ਨਹੀਂ ਸੰਭਲ ਰਹੀ ਭਾਰਤੀ ਅਰਥ ਵਿਵਸਥਾ

- **ਨੋਟਬੰਦੀ ਤੇ ਜੀਐਸਟੀ ਆਮ ਜਨਤਾ ਲਈ ਹੋਏ ਮਾਰੂ ਸਾਬਿਤ**
- **ਨਿੱਜੀ ਤੇ ਸਰਕਾਰੀ ਨੌਕਰੀਆਂ ਵਿਚ ਆਈ ਭਾਰੀ ਕਮੀ**

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੰਨ 2014 'ਚ ਆਪਣੀ ਚੋਣ ਮੁਹਿੰਮ ਦੌਰਾਨ ਦੇਸ਼ ਦੇ ਲੋਕਾਂ ਨਾਲ ਕੀਤੇ ਵਾਅਦੇ ਇੱਕ ਤੋਂ ਬਾਅਦ ਇੱਕ ਛਲਾਵਾ ਸਾਬਤ ਹੋ ਰਹੇ ਹਨ। ਵਿਦੇਸ਼ਾਂ ਵਿੱਚ ਪਿਆ ਧਨਾਢਾਂ ਦਾ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾਉਣ ਦੇ ਵਾਅਦੇ ਨੂੰ ਤਾਂ ਭਾਜਪਾ ਦਾ ਪ੍ਰਧਾਨ ਅਮਿਤ ਸ਼ਾਹ ਖ਼ੁਦ ਇੱਕ ਚੋਣ ਜੁਮਲਾ ਦੱਸ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਕੀਤੇ ਗਏ ਖਿਲਵਾੜ ਦਾ ਇਕਬਾਲ ਕਰ ਚੁੱਕਾ ਹੈ। ਹੁਣ ਇੱਕ ਹੋਰ ਝੂਠੇ ਵਾਅਦੇ ਦਾ ਵੀ ਸੱਚ ਸਾਹਮਣੇ ਆ ਗਿਆ ਹੈ। ਇਹ ਵਾਅਦਾ ਸੀ ਨੌਜਵਾਨਾਂ ਲਈ ਹਰ ਸਾਲ ਦੋ ਕਰੋੜ ਨੌਕਰੀਆਂ ਸਿਰਜਣ ਦਾ। ਇਹ ਵਾਅਦਾ ਹੀ ਸੀ, ਜਿਸ ਨੇ ਦੇਸ਼ ਦੇ ਕਰੋੜਾਂ ਬੇਰੁਜ਼ਗਾਰਾਂ ਨੂੰ ਅਜਿਹੀ ਆਸ ਬੰਨ੍ਹਾਈ ਕਿ ਉਹਨਾਂ ਭਾਜਪਾ ਨੂੰ ਰਾਜ-ਗੱਦੀ 'ਤੇ ਬਿਠਾਉਣ ਲਈ ਦਿਨ-ਰਾਤ ਇੱਕ ਕਰ ਦਿੱਤਾ ਪਰ ਸੱਤਾ ਹਥਿਆ ਲੈਣ ਤੋਂ ਬਾਅਦ ਹਾਕਮਾਂ ਨੇ ਆਰਥਿਕ ਖੇਤਰ ਵਿਚ ਅਜਿਹੇ ਸੂਝ ਤੋਂ ਸੱਖਣੇ ਫ਼ੈਸਲੇ ਲਏ ਕਿ ਨਵੇਂ ਰੁਜ਼ਗਾਰ ਪੈਦਾ ਹੋਣੇ ਤਾਂ ਇੱਕ ਪਾਸੇ, ਸਗੋਂ ਰੁਜ਼ਗਾਰ ਪ੍ਰਾਪਤ ਲੋਕ ਵੀ ਬੇਰੁਜ਼ਗਾਰ ਕਰ ਦਿੱਤੇ ਗਏ।

ਨਰਿੰਦਰ ਮੋਦੀ ਦੀ ਸਰਕਾਰ ਅੱਜ ਨੋਟਬੰਦੀ ਤੇ ਜੀਐਸਟੀ ਦਾ ਭਾਵੇਂ ਕਿੰਨਾ ਵੀ ਸਮਰਥਨ ਕਰੇ ਪਰ ਸਰਕਾਰ ਦੇ ਇਹ ਕਦਮ ਆਮ ਜਨਤਾ ਲਈ ਮਾਰੂ ਸਿੱਧ ਹੋਏ।

ਆਲ ਇੰਡੀਆ ਮੈਨੂਫੈਕਚਰਰਜ਼ ਆਰਗੇਨਾਈਜ਼ੇਸ਼ਨ (ਏਆਈਐਮਓ) ਤਿੰਨ ਲੱਖ ਮੈਨੂਫੈਕਚਰਜ਼ ਦੀ ਪ੍ਰਤੀਨਿਧਤਾ ਕਰਦੀ ਜਥੇਬੰਦੀ ਹੈ। ਇਸ ਜਥੇਬੰਦੀ ਨੇ ਦੇਸ਼ ਭਰ ਦੇ 34,700 ਵਪਾਰੀਆਂ ਤੇ ਮੈਨੂਫੈਕਚਰਜ਼ ਦਾ ਸਰਵੇਅ ਕਰ ਕੇ ਆਪਣੀ ਰਿਪੋਰਟ ਦਿੱਤੀ ਹੈ। ਇਸ ਰਿਪੋਰਟ ਮੁਤਾਬਕ ਨੋਟਬੰਦੀ ਕਾਰਨ ਪੈਦਾ ਹੋਈ ਨਗਦੀ ਦੀ ਕਿੱਲਤ ਕਾਰਨ ਸਨਅਤੀ ਗਤੀਵਿਧੀਆਂ ਰੁਕ ਗਈਆਂ ਸਨ। ਨੋਟਬੰਦੀ ਦੇ ਪਹਿਲੇ 34 ਦਿਨਾਂ ਦੌਰਾਨ ਹੀ ਛੋਟੀਆਂ ਸਨਅਤੀ ਇਕਾਈਆਂ ਤੇ ਮਾਈਕਰੋ-ਸੈਕਟਰ ਫ਼ਰਮਾਂ ਵਿਚ ਰੁਜ਼ਗਾਰ ਵਿਚ 35 ਫ਼ੀਸਦੀ ਤੇ ਮਾਲੀਏ ਵਿਚ 50 ਫ਼ੀਸਦੀ ਦੀ ਗਿਰਾਵਟ ਆ ਗਈ ਸੀ।

ਸਰਵੇਅ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਪਾਰਕ ਸ਼੍ਰੇਣੀ ਵਿਚ 43 ਫ਼ੀਸਦੀ, ਮਾਈਕਰੋ ਸ਼੍ਰੇਣੀ 'ਚ 32 ਫ਼ੀਸਦੀ, ਛੋਟੀ ਇਕਾਈਆਂ ਸ਼੍ਰੇਣੀ 'ਚ 35 ਫ਼ੀਸਦੀ ਤੇ ਦਰਮਿਆਨੀ ਸ਼੍ਰੇਣੀ ਵਿਚ 24 ਫ਼ੀਸਦੀ ਨੌਕਰੀਆਂ ਵਿਚ ਕਮੀ ਆਈ ਹੈ।

ਰਿਪੋਰਟ ਮੁਤਾਬਕ ਸਾਲ 2015-16 ਤਕ ਇਹਨਾਂ ਸੈਕਟਰਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਸੀ ਪਰ ਨੋਟਬੰਦੀ ਤੋਂ ਬਾਅਦ ਗਿਰਾਵਟ ਆ ਗਈ ਤੇ ਜੀਐਸਟੀ ਕਾਰਨ ਇਹ ਗਿਰਾਵਟ ਹੋਰ ਤੇਜ਼ ਹੋ ਗਈ। ਜਥੇਬੰਦੀ ਨੇ ਕਿਹਾ ਹੈ ਕਿ ਸੰਨ 2015 ਤੋਂ ਪਹਿਲਾਂ ਵਪਾਰ ਖੇਤਰ ਵਿੱਚ ਜੇਕਰ 100 ਕੰਪਨੀਆਂ ਮੁਨਾਫ਼ਾ ਕਮਾ ਰਹੀਆਂ ਸਨ ਤਾਂ ਹੁਣ ਇਹਨਾਂ ਦੀ ਗਿਣਤੀ 30 ਰਹਿ ਗਈ ਹੈ। ਇਸ ਤੋਂ ਸਪੱਸ਼ਟ ਹੈ ਕਿ 70 ਡੁੱਬਣ ਦੇ ਕੰਢੇ ਉੱਤੇ ਹਨ। ਜਥੇਬੰਦੀ ਨੇ ਕਿਹਾ ਕਿ ਸਭ ਤੋਂ ਬੁਰਾ ਅਸਰ ਸਵੈ-ਰੁਜ਼ਗਾਰ ਵਾਲਿਆਂ ਉਤੇ ਪਿਆ ਹੈ। ਮੋਚੀ, ਹਜਾਮ, ਪਲੰਬਰ, ਇਲੈਕਟ੍ਰੀਸ਼ਨ, ਟੈਕਸੀ ਡਰਾਈਵਰ, ਰਾਜ ਮਿਸਤਰੀ ਤੇ ਹੋਰ ਛੋਟੇ-ਮੋਟੇ ਧੰਦੇ ਕਰਨ ਵਾਲਿਆਂ ਦੀ ਕਮਾਈ ਅੱਧੀ ਰਹਿ ਗਈ ਹੈ ਤੇ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੋ ਗਿਆ ਹੈ।

ਬੀਤੇ ਸਾਲ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਦਾਅਵਾ ਕੀਤਾ ਸੀ ਕਿ ਸਵੈ-ਰੁਜ਼ਗਾਰ ਲਈ ਨੌਜਵਾਨਾਂ ਨੂੰ ਦਿੱਤੇ ਗਏ ਕਰਜ਼ੇ ਨਾਲ 7 ਕਰੋੜ 28 ਲੱਖ ਨੌਜਵਾਨਾਂ ਨੇ ਸਵੈ-ਰੁਜ਼ਗਾਰ ਹਾਸਲ ਕੀਤਾ ਸੀ ਪਰ ਇਹਨਾਂ ਦਾਅਵਿਆਂ ਦਾ ਕੋਈ ਵੀ ਆਧਾਰ ਨਹੀਂ ਹੈ। ਅਸਲੀਅਤ ਇਹ ਹੈ ਕਿ ਸਿਰਫ਼ ਛੋਟੀਆਂ, ਦਰਮਿਆਨੀਆਂ ਤੇ ਵਪਾਰਕ ਇਕਾਈਆਂ ਹੀ ਨਹੀਂ, ਜਿਨ੍ਹਾਂ ਨੂੰ ਨੋਟਬੰਦੀ ਦੀ ਮਾਰ ਪਈ ਹੈ, ਸਗੋਂ ਨਿਰਯਾਤ ਤੇ ਇੱਥੋਂ ਤੱਕ ਕਿ ਵਿਦੇਸ਼ੀ ਕੰਪਨੀਆਂ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕੀਆਂ।




ਰਿਪੋਰਟ ਮੁਤਾਬਕ ਇਹਨਾਂ ਕੰਪਨੀਆਂ ਵਿਚ ਵੀ ਰੁਜ਼ਗਾਰ ਵਿਚ 30 ਫ਼ੀਸਦੀ ਤੇ ਮਾਲੀਏ ਵਿਚ 40 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਮੁੱਖ ਅਰਥ-ਸ਼ਾਸਤਰੀ ਗੀਤਾ ਗੋਪੀਨਾਥ ਨੇ ਕਿਹਾ ਹੈ ਕਿ ਨੋਟਬੰਦੀ ਨਾਲ ਭਾਰਤ ਦੀ ਅਰਥ-ਵਿਵਸਥਾ ਵਿਚ 2 ਫ਼ੀਸਦੀ ਦੀ ਕਮੀ ਆਈ ਹੈ। ਉਹਨਾਂ ਇਹ ਗੱਲ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਚਾਰ ਅਰਥ-ਸ਼ਾਸਤਰੀਆਂ ਵੱਲੋਂ ਲਿਖੇ ਗਏ ਇੱਕ ਖੋਜ ਪੱਤਰ ਵਿਚ ਕਹੀ ਹੈ। ਹਾਵਰਡ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਗਰੈਬੀਅਲ ਕੋਡੋਰੀ ਰੀਚ ਦੀ ਅਗਵਾਈ ਵਾਲੀ ਇਸ ਖੋਜ ਟੀਮ ਦੇ ਹੋਰ ਮੈਂਬਰਾਂ ਵਿਚ ਗੀਤਾ ਗੋਪੀਨਾਥ ਤੋਂ ਇਲਾਵਾ ਅਰਥ-ਸ਼ਾਸਤਰੀ ਪ੍ਰਾਚੀ ਮਿਸ਼ਰਾ, ਰਿਜ਼ਰਵ ਬੈਂਕ ਦੇ ਖੋਜ ਪ੍ਰਬੰਧਕ ਅਥੀਨਵ ਨਰਾਇਣਨ ਸ਼ਾਮਲ ਸਨ। ਖੋਜ ਪੱਤਰ ਵਿਚ ਕਿਹਾ ਗਿਆ ਹੈ ਕਿ ਨੋਟਬੰਦੀ ਤੋਂ ਪਹਿਲਾਂ ਵਾਲੀ ਤਿਮਾਹੀ ਵਿਚ ਜੀਡੀਪੀ ਦੀ ਵਾਧਾ ਦਰ 7 ਪ੍ਰਤੀਸ਼ਤ ਸੀ, ਜਿਹੜੀ ਅਗਲੀ ਤਿਮਾਹੀ ਵਿਚ ਘਟ ਕੇ 6.1 ਫ਼ੀਸਦੀ ਰਹਿ ਗਈ ਸੀ। ਨੋਟਬੰਦੀ ਤੋਂ ਪਹਿਲਾਂ ਦੀਆਂ 6 ਤਿਮਾਹੀਆਂ ਵਿਚ ਜੀਡੀਪੀ ਵਾਧਾ ਦਰ 8 ਫ਼ੀਸਦੀ ਸੀ, ਜੋ ਅਗਲੀਆਂ 7 ਤਿਮਾਹੀਆਂ ਵਿਚ 6.8 ਫ਼ੀਸਦੀ ਤਕ ਆ ਗਈ।

ਇਸ ਸਚਾਈ ਦੇ ਬਾਵਜੂਦ ਪ੍ਰਧਾਨ ਮੰਤਰੀ ਤੇ ਭਾਜਪਾ ਦੇ ਹੋਰ ਆਗੂ ਹਾਲੇ ਤਕ ਵੀ ਨੋਟਬੰਦੀ ਦੇ ਫ਼ੈਸਲੇ ਨੂੰ ਜਾਇਜ਼ ਠਹਿਰਾਅ ਰਹੇ ਹਨ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਮੱਧ ਪ੍ਰਦੇਸ਼ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਨੋਟਬੰਦੀ ਨਾਲ ਦੱਬਿਆ ਹੋਇਆ ਪੈਸਾ ਬੈਂਕਿੰਗ ਪ੍ਰਣਾਲੀ ਵਿਚ ਆਇਆ, ਜੋ ਉਹਨਾਂ ਦੀ ਸਰਕਾਰ ਜਨਤਕ ਕੰਮਾਂ ਵਿਚ ਵਰਤ ਰਹੀ ਹੈ। ਦੂਜੇ ਪਾਸੇ ਹੁਣੇ ਰਿਟਾਇਰ ਹੋਏ ਮੁੱਖ ਚੋਣ ਕਮਿਸ਼ਨਰ ਓਪੀ ਰਾਵਤ ਨੇ ਕਿਹਾ ਹੈ ਕਿ ਨੋਟਬੰਦੀ ਦਾ ਕਾਲੇ ਧਨ ਉਤੇ ਕੋਈ ਅਸਰ ਨਹੀਂ ਪਿਆ। ਉਹਨਾਂ ਕਿਹਾ ਕਿ ਨੋਟਬੰਦੀ ਤੋਂ ਬਾਅਦ ਵੀ ਚੋਣਾਂ ਦੌਰਾਨ ਭਾਰੀ ਮਾਤਰਾ ਵਿਚ ਅਜਿਹਾ ਧਨ ਫੜੇ ਜਾਣਾ, ਇਸ ਦਾ ਸਬੂਤ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਵੀ ਕਹਿ ਚੁੱਕੇ ਹਨ ਕਿ ਨੋਟਬੰਦੀ ਨੇ ਸਾਡੀ ਅਰਥ-ਵਿਵਸਥਾ ਨੂੰ ਮਾਰੂ ਸੱਟ ਮਾਰੀ ਹੈ।

ਇਕ ਅੰਦਾਜ਼ੇ ਮੁਤਾਬਕ ਭਾਰਤ ਦੀ ਅਰਥ-ਵਿਵਸਥਾ ਨੂੰ ਲੱਗੇ ਨੋਟਬੰਦੀ ਤੇ ਜੀਐਸਟੀ ਦੇ ਝਟਕਿਆਂ ਕਾਰਨ 35 ਲੱਖ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਵਾਲੀ ਸਰਕਾਰ ਦੇ ਰਾਜ ਵਿਚ ਨੌਕਰੀਆਂ ਦੇਣ ਵਾਲੇ ਛੋਟੇ ਤੋਂ ਲੈ ਕੇ ਦਰਮਿਆਨੇ ਸੈਕਟਰ ਅੱਜ ਮੰਦੀ ਦੀ ਹਾਲਤ ਨਾਲ ਜੂਝ ਰਹੇ ਹਨ।




# ਮਿਸ਼ਨ- 2019 : ਕਾਂਗਰਸ ਦਾ ਭਾਜਪਾ ਗਠਜੋੜ ਨਾਲ ਮੁਕਾਬਲਾ ਕਰਨ ਦਾ ਰਾਹ ਹਾਲਾਂ ਲੰਮੇਰਾ

- ***ਮਾਇਆਵਤੀ ਪ੍ਰਧਾਨ ਮੰਤਰੀ ਬਣਨ ਲਈ ਕਾਂਗਰਸ ਨੂੰ ਦੇ ਸਕਦੀ ਹੈ ਝਕਾਨੀ***
- ***ਸਮਾਜਵਾਦੀ ਪਾਰਟੀ ਵੀ ਕਾਂਗਰਸ ਨਾਲੋਂ ਬਸਪਾ ਨੂੰ ਦੇ ਰਹੀ ਏ ਤਰਜੀਹ***



**ਜਲੰਧਰ/ਬਿਊਰੋ ਨਿਊਜ਼ :**
ਸਾਲ-2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਰਾਹੁਲ ਗਾਂਧੀ ਨੂੰ ਆਪਣੇ ਪ੍ਰਮੁੱਖ ਨੇਤਾ ਤੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਉਭਾਰਿਆ ਹੈ। ਚੇਨਈ ਵਿਚ ਹੋਏ ਸਮਾਗਮ ਵਿਚ ਡੀਐੱਮਕੇ ਦੇ ਐੱਮਕੇ ਸਟਾਲਿਨ ਨੇ ਰਾਹੁਲ ਗਾਂਧੀ ਦਾ ਨਾਂ ਦੇਸ਼ ਦੇ ਭਾਵੀ ਪ੍ਰਧਾਨ ਮੰਤਰੀ ਵਜੋਂ ਤਜਵੀਜ਼ ਕੀਤਾ ਹੈ। ਪਰ ਬਾਕੀ ਦੇ ਵਿਰੋਧੀ ਦਲ ਜਿਵੇਂ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਤੇਲਗੂ ਦੇਸਮ ਪਾਰਟੀ, ਰਾਸ਼ਟਰੀ ਜਨਤਾ ਦਲ, ਤ੍ਰਿਣਮੂਲ ਕਾਂਗਰਸ, ਨੈਸ਼ਨਲ ਕਾਨਫਰੰਸ ਆਦਿ ਇਸ ਬਾਰੇ ਹਾਲਾਂ ਚੁੱਪ ਹਨ ਅਤੇ ਕਈ ਆਗੂਆਂ ਨੇ ਕਿਹਾ ਕਿ ਉਹ ਸਟਾਲਿਨ ਦੇ ਵਿਚਾਰਾਂ ਨਾਲ ਸਹਿਮਤ ਨਹੀਂ।

ਹੁਣ ਇਸ ਦੀ ਸੰਭਾਵਨਾ ਬਹੁਤ ਵਧ ਗਈ ਹੈ ਕਿ ਉਤਰ ਪ੍ਰਦੇਸ਼ ਦੇ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਿਚਾਲੇ ਹੋਏ ਗੱਠਜੋੜ ਵਿਚ ਕਾਂਗਰਸ ਨੂੰ ਸ਼ਾਮਿਲ ਨਹੀਂ ਕੀਤਾ ਜਾਏਗਾ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਕਾਂਗਰਸੀ ਮੁੱਖ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ ਵਿਚ ਨਾ ਜਾ ਕੇ ਮਾਇਆਵਤੀ ਅਤੇ ਅਖਿਲੇਸ਼ ਯਾਦਵ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਕਾਂਗਰਸ ਤੋਂ ਦੂਰੀ ਬਣਾਈ ਰੱਖਣਾ ਚਾਹੁੰਦੇ ਹਨ। ਮੱਧ ਪ੍ਰਦੇਸ਼ ਵਿਚ ਬਿਨਾ ਮੰਗੇ ਕਾਂਗਰਸ ਸਰਕਾਰ ਦਾ ਸਮਰਥਨ ਕਰਨ ਵਾਲੇ ਸਪਾ-ਬਸਪਾ ਆਗੂਆਂ ਵਲੋਂ ਆਪਣੇ ਹੀ ਸਮਰਥਨ ਵਾਲੀ ਮੱਧ ਪ੍ਰਦੇਸ਼ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿਚ ਨਾ ਜਾਣਾ ਵਿਸ਼ੇਸ਼ ਸਿਆਸੀ ਅਹਿਮੀਅਤ ਰੱਖਦਾ ਹੈ।

ਇਹ ਸਭ ਇਸ ਲਈ ਹੋ ਰਿਹਾ ਹੈ, ਕਿਉਂਕਿ ਅਖਿਲੇਸ਼ ਯਾਦਵ ਨੇ ਮਾਇਆਵਤੀ ਦੇ ਸਾਹਮਣੇ ਪੂਰਾ ਆਤਮ-ਸਮਰਪਣ ਕਰ ਦਿੱਤਾ ਹੈ। ਜਦੋਂ ਬਸਪਾ ਨੇ ਤਿੰਨਾਂ ਸੂਬਿਆਂ ਵਿਚ ਕਾਂਗਰਸ ਨਾਲ ਗੱਠਜੋੜ ਨਹੀਂ ਕੀਤਾ, ਤਾਂ ਅਖਿਲੇਸ਼ ਯਾਦਵ ਨੇ ਵੀ ਨਹੀਂ ਕੀਤਾ। ਮੱਧ ਪ੍ਰਦੇਸ਼ ਵਿਚ ਮਾਇਆਵਤੀ ਨੇ ਜਦੋਂ ਆਪਣੇ ਦੋਵੇਂ ਵਿਧਾਇਕਾਂ ਵਲੋਂ ਕਾਂਗਰਸ ਸਰਕਾਰ ਦੇ ਗਠਨ ਦੇ ਸਮਰਥਨ ਦਾ ਐਲਾਨ ਕੀਤਾ ਤਾਂ ਅਖਿਲੇਸ਼ ਯਾਦਵ ਨੇ ਵੀ ਆਪਣੇ ਇਕੋ-ਇਕ ਉਮੀਦਵਾਰ ਦਾ ਸਮਰਥਨ ਕਾਂਗਰਸ ਨੂੰ ਦੇਣ ਦਾ ਐਲਾਨ ਕਰ ਦਿੱਤਾ। ਇਹ ਦੋਵੇਂ ਐਲਾਨ ਇਕਪਾਸੜ ਅਤੇ ਬਿਨਾ ਕਿਸੇ ਸ਼ਰਤ ਦੇ ਸਨ।

ਸਿਆਸੀ ਮਾਹਿਰਾਂ ਨੇ ਸਪਾ ਅਤੇ ਬਸਪਾ ਵਲੋਂ ਮੱਧ ਪ੍ਰਦੇਸ਼ ਵਿਚ ਕਾਂਗਰਸ ਸਰਕਾਰ ਦੇ ਸਮਰਥਨ ਦਾ ਐਲਾਨ ਉਤਰ ਪ੍ਰਦੇਸ਼ ਵਿਚ ਮਹਾਂਗੱਠਜੋੜ ਦੀ ਦਿਸ਼ਾ ਵਿਚ ਇਕ ਕਦਮ ਦੱਸਿਆ ਸੀ ਪਰ ਉਹ ਵਿਸ਼ਲੇਸ਼ਣ ਗ਼ਲਤ ਸੀ। ਮਾਇਆਵਤੀ ਕੋਲ ਕਾਂਗਰਸ ਸਰਕਾਰ ਨੂੰ ਸਮਰਥਨ ਦੇਣ ਤੋਂ ਇਲਾਵਾ ਕੋਈ ਬਦਲ ਹੀ ਨਹੀਂ ਸੀ। ਉਸ ਨੇ ਮੁਸਲਿਮ ਵੋਟਰਾਂ ਦਾ ਖਿਆਲ ਰੱਖਣਾ ਹੁੰਦਾ ਹੈ ਅਤੇ ਉਸ ਨੂੰ ਪਤਾ ਹੈ ਕਿ ਜੇ ਬਸਪਾ ਦੀ ਕਾਂਗਰਸ ਵਿਰੋਧੀ ਰਾਜਨੀਤੀ ਕਾਰਨ ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਬਣ ਜਾਂਦੀ ਹੈ ਤਾਂ ਉਸ ਲਈ ਮਾਇਆਵਤੀ ਨੂੰ ਉੱਤਰ ਪ੍ਰਦੇਸ਼ ਦੇ ਮੁਸਲਮਾਨ ਜ਼ਿੰਮੇਵਾਰ ਮੰਨਦੇ। ਜ਼ਾਹਰ ਹੈ, ਮਾਇਆਵਤੀ ਅਤੇ ਬਾਅਦ ਵਿਚ ਅਖਿਲੇਸ਼ ਯਾਦਵ ਵਲੋਂ ਮੱਧ ਪ੍ਰਦੇਸ਼ ਵਿਚ ਕਾਂਗਰਸ ਸਰਕਾਰ ਨੂੰ ਸਮਰਥਨ ਦਾ ਐਲਾਨ ਉਤਰ ਪ੍ਰਦੇਸ਼ ਵਿਚ ਮੁਸਲਿਮ ਭਾਈਚਾਰੇ ਨੂੰ ਖੁਸ਼ ਕਰਨ ਲਈ ਕੀਤਾ ਗਿਆ ਸੀ ਨਾ ਕਿ ਕਾਂਗਰਸ ਨੂੰ ਖੁਸ਼ ਕਰਨ ਲਈ।

ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਬਸਪਾ ਤੋਂ ਜ਼ਿਆਦਾ ਤਾਕਤਵਰ ਹੈ। ਵਿਧਾਨ ਸਭਾ ਵਿਚ ਜਿਥੇ ਬਸਪਾ ਦੇ ਸਿਰਫ 19 ਵਿਧਾਇਕ ਹਨ, ਉਥੇ ਸਮਾਜਵਾਦੀ ਪਾਰਟੀ ਕੋਲ 47 ਵਿਧਾਇਕ ਹਨ। ਲੋਕ ਸਭਾ ਵਿਚ ਇਸ ਸਮੇਂ ਸਮਾਜਵਾਦੀ ਪਾਰਟੀ ਦੇ 7 ਸੰਸਦ ਮੈਂਬਰ ਹਨ ਜਦੋਂ ਕਿ ਮਾਇਆਵਤੀ ਕੋਲ ਇਕ ਵੀ ਸੰਸਦ ਮੈਂਬਰ ਨਹੀਂ ਹੈ। ਭਾਵੇਂ ਮਾਇਆਵਤੀ ਆਪਣੀ ਜਾਤੀ ਦੇ ਲੋਕਾਂ ਦੇ ਬਲ 'ਤੇ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਡੀ ਰੈਲੀ ਕਰ ਲਵੇ ਪਰ ਸੱਚਾਈ ਇਹ ਹੈ ਕਿ ਇਕੱਲੇ ਆਪਣੀ ਪਾਰਟੀ ਦੇ ਬਲ 'ਤੇ ਉੱਤਰ ਪ੍ਰਦੇਸ਼ ਵਿਚ ਉਹ ਕਿਸੇ ਵੀ ਲੋਕ ਸਭਾ ਖੇਤਰ ਤੋਂ ਚੋਣ ਜਿੱਤ ਕੇ ਸੰਸਦ ਮੈਂਬਰ ਨਹੀਂ ਬਣ ਸਕਦੀ।

ਦੂਜੇ ਪਾਸੇ ਆਪਣੇ ਸਭ ਤੋਂ ਖ਼ਰਾਬ ਸਮੇਂ ਵਿਚ ਵੀ ਸਮਾਜਵਾਦੀ ਪਾਰਟੀ ਦੇ 5 ਲੋਕ ਸਭਾ ਮੈਂਬਰ ਸੰਨ 2014 ਵਿਚ ਚੋਣ ਜਿੱਤ ਕੇ ਆਏ ਸਨ। ਦੋ ਹੋਰ ਉਪ ਚੋਣ ਜਿੱਤ ਗਏ ਹਨ। ਇਸ ਦੇ ਬਾਵਜੂਦ ਅਖਿਲੇਸ਼ ਯਾਦਵ ਨੂੰ ਲਗਦਾ ਹੈ ਕਿ ਮਾਇਆਵਤੀ ਦੇ ਸਹਾਰੇ ਹੀ ਉਹ ਉਤਰ ਪ੍ਰਦੇਸ਼ ਵਿਚ ਅਗਲੀ ਵਾਰ ਮੁੱਖ ਮੰਤਰੀ ਬਣ ਸਕਦੇ ਹਨ। ਇਸ ਲਈ ਉਹ ਪੂਰੀ ਤਰ੍ਹਾਂ ਮਾਇਆਵਤੀ ਸਾਹਮਣੇ ਆਤਮ-ਸਮਰਪਣ ਕਰ ਚੁੱਕੇ ਹਨ। ਜਾਟਵ ਨੇਤਾ ਕਹਿੰਦੇ ਹਨ ਕਿ ਉਹ ਸਨਮਾਨਜਨਕ ਸੀਟ ਮਿਲਣ 'ਤੇ ਹੀ ਗੱਠਜੋੜ ਕਰੇਗੀ, ਯਾਦਵ ਨੇਤਾ ਕਹਿੰਦੇ ਹਨ ਕਿ ਗੱਠਜੋੜ ਲਈ ਉਹ ਆਪਣੀਆਂ ਸੀਟਾਂ ਕੁਰਬਾਨ ਕਰਨ ਲਈ ਤਿਆਰ ਹਨ, ਇਸੇ ਦਾ ਲਾਭ ਮਾਇਆਵਤੀ ਉਠਾ ਰਹੀ ਹੈ।

ਦਰਅਸਲ, ਮਾਇਆਵਤੀ ਅਤੇ ਉਨ੍ਹਾਂ ਤੋਂ ਪਹਿਲਾਂ ਕਾਂਸ਼ੀਰਾਮ ਭਾਰਤੀ ਰਾਜਨੀਤੀ ਵਿਚ ਜ਼ਬਰਦਸਤ ਜੋੜ-ਤੋੜ ਕਰਨ ਵਾਲੇ ਨੇਤਾ ਰਹੇ ਹਨ। ਉਹ ਹਮੇਸ਼ਾ ਆਪਣੀ ਤਾਕਤ ਤੋਂ ਜ਼ਿਆਦਾ ਦੀ ਮੰਗ ਕਰਦੇ ਰਹੇ ਹਨ ਅਤੇ ਇਸ ਦਾ ਲਾਭ ਵੀ ਉਠਾਉਂਦੇ ਰਹੇ ਹਨ। ਦੋਵੇਂ ਸਫ਼ਲਤਾ ਦੀ ਬੁਲੰਦੀ 'ਤੇ ਮੁਲਾਇਮ ਸਿੰਘ ਯਾਦਵ ਦੇ ਸਹਾਰੇ ਨਾਲ ਹੀ ਚੜ੍ਹੇ ਹਨ। ਵਿਸ਼ਵਨਾਥ ਪ੍ਰਤਾਪ ਸਿੰਘ ਨੂੰ ਉਤਰ ਪ੍ਰਦੇਸ਼ ਵਿਚ ਕਮਜ਼ੋਰ ਕਰਨ ਲਈ ਮੁਲਾਇਮ ਸਿੰਘ ਨੇ ਮਾਇਆਵਤੀ ਦੀ ਬਸਪਾ ਨੂੰ ਉਨ੍ਹਾਂ ਦੀ ਤਾਕਤ ਤੋਂ ਵਧੇਰੇ ਸੀਟਾਂ ਸੰਨ 1993 ਦੀਆਂ ਚੋਣਾਂ ਵਿਚ ਦਿੱਤੀਆਂ ਸਨ ਅਤੇ ਫਿਰ ਜਿੱਤੀਆਂ 67 ਸੀਟਾਂ ਦੇ ਬਲ 'ਤੇ ਕਾਂਸ਼ੀਰਾਮ ਨੇ ਭਾਜਪਾ ਨਾਲ ਸਮਝੌਤਾ ਕਰਕੇ ਮਾਇਆਵਤੀ ਨੂੰ ਮੁੱਖ ਮੰਤਰੀ ਬਣਵਾਇਆ ਸੀ। ਇਸ ਤਰ੍ਹਾਂ ਤਿੰਨ ਵਾਰ ਮਾਇਆਵਤੀ ਭਾਜਪਾ ਦੇ ਸਮਰਥਨ ਨਾਲ ਵੀ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ ਸੀ। ਭਾਜਪਾ ਮੁਲਾਇਮ ਸਿੰਘ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਹੀ ਮਾਇਆਵਤੀ ਨੂੰ ਸਮਰਥਨ ਕਰਦੀ ਰਹੀ ਸੀ।

ਹੁਣ ਭਾਜਪਾ ਨੂੰ ਸੱਤਾ ਤੋਂ ਹਟਾਉਣ ਲਈ ਅਖਿਲੇਸ਼ ਯਾਦਵ ਮਾਇਆਵਤੀ ਦੇ ਪਿਛਲੱਗ ਬਣ ਗਏ ਹਨ ਅਤੇ ਇਸ ਦਾ ਭਰਪੂਰ ਲਾਭ ਮਾਇਆਵਤੀ ਉਠਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਮਾਇਆਵਤੀ ਜ਼ਿਆਦਾ ਤੋਂ ਜ਼ਿਆਦਾ ਸੀਟਾਂ 'ਤੇ ਚੋਣ ਲੜਨ ਲਈ ਅਗਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੇ ਨਾਲ ਸਮਾਜਵਾਦੀ ਪਾਰਟੀ ਨੂੰ ਗੱਠਜੋੜ ਨਹੀਂ ਕਰਨ ਦੇਵੇਗੀ ਅਤੇ ਇਸ ਤਰ੍ਹਾਂ ਦੇਸ਼ ਦੇ ਸਭ ਤੋਂ ਵੱਡੀ ਆਬਾਦੀ ਵਾਲੇ ਸੂਬੇ ਵਿਚ ਮਹਾਂਗੱਠਜੋੜ ਨਹੀਂ ਬਣ ਸਕੇਗਾ, ਜਿਸ ਨੂੰ ਭਾਜਪਾ ਨੂੰ ਹਰਾਉਣ ਲਈ ਜ਼ਰੂਰੀ ਮੰਨਿਆ ਜਾ ਰਿਹਾ ਹੈ। ਕਾਂਗਰਸੀ ਨੇਤਾ ਇਸ ਨੂੰ ਮਾਇਆਵਤੀ ਅਤੇ ਅਖਿਲੇਸ਼ ਯਾਦਵ 'ਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਲੈ ਕੇ ਕੇਂਦਰ ਸਰਕਾਰ ਵਲੋਂ ਪਾਏ ਜਾ ਰਹੇ ਦਬਾਅ ਦਾ ਸਿੱਟਾ ਦੱਸਣਗੇ ਪਰ ਸੱਚ ਇਹ ਹੈ ਕਿ ਮਾਇਆਵਤੀ ਅਜਿਹਾ ਖ਼ੁਦ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਕਾਰਨ ਕਰੇਗੀ।

## ਕਾਂਗਰਸ ਲਈ ਹਾਲੇ ਦਿੱਲੀ ਦੂਰ :

ਕਾਂਗਰਸ ਦੀ ਭਾਰਤੀ ਜਨਤਾ ਪਾਰਟੀ ਨਾਲ ਸਿੱਧੀ ਟੱਕਰ ਲਗਭਗ ਦਸ ਸੂਬਿਆਂ ਵਿਚ ਹੋਵੇਗੀ ਜਦੋਂਕਿ ਬਾਕੀ ਪ੍ਰਾਂਤਾਂ ਵਿਚ ਉਸ ਨੂੰ ਖੇਤਰੀ ਪਾਰਟੀਆਂ ਦੇ ਗਠਬੰਧਨ ਅਨੁਸਾਰ ਦੂਜੇ ਜਾਂ ਤੀਜੇ ਨੰਬਰ ਦੀ ਪਾਰਟੀ ਵਜੋਂ ਕੰਮ ਕਰਨਾ ਪਵੇਗਾ। ਇਥੇ ਵਿਰੋਧੀ ਧਿਰ ਦੇ ਖੇਤਰੀ ਸਿਆਸਤਦਾਨਾਂ ਦੇ ਰੋਲ ਨੂੰ ਘਟਾ ਕੇ ਨਹੀਂ ਵੇਖਿਆ ਜਾਣਾ ਚਾਹੀਦਾ। ਜਿਸ ਵੀ ਖੇਤਰੀ ਪਾਰਟੀ ਨੂੰ 40 ਤੋਂ ਵੱਧ ਲੋਕ ਸਭਾ ਦੀਆਂ ਸੀਟਾਂ ਮਿਲੀਆਂ, ਉਸ ਨੇ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਪੇਸ਼ ਕਰਨਾ ਹੈ। ਸੰਨ 1996 ਦੇ ਯੂਨਾਈਟਿਡ ਫਰੰਟ ਦੀ ਉਦਾਹਰਨ ਸਾਡੇ ਸਾਹਮਣੇ ਹੈ; ਖੇਤਰੀ ਪਾਰਟੀਆਂ ਆਪਣਾ ਫਰੰਟ ਬਣਾ ਸਕਦੀਆਂ ਹਨ ਅਤੇ ਉਨ੍ਹਾਂ ਵਿਚੋਂ ਕੋਈ ਤਜਰਬੇਕਾਰ ਸਿਆਸਤਦਾਨ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਉਭਰ ਸਕਦਾ ਹੈ। ਸ਼ਾਇਦ ਖੇਤਰੀ ਪਾਰਟੀਆਂ ਦਾ ਗੱਠਜੋੜ ਨੌਜਵਾਨ ਸਿਆਸਤਦਾਨ ਦੀ ਥਾਂ ਤਜਰਬੇਕਾਰ ਸਿਆਸਤਦਾਨ ਨੂੰ ਤਰਜੀਹ ਦੇਵੇਗਾ। ਰਾਹੁਲ ਗਾਂਧੀ ਸਿਰਫ਼ ਉਸ ਹਾਲਤ ਵਿਚ ਹੀ ਪ੍ਰਧਾਨ ਮੰਤਰੀ ਬਣ ਸਕਦਾ ਹੈ ਜਿਸ ਵਿਚ ਕਾਂਗਰਸ ਨੂੰ ਬਹੁਤ ਜ਼ਿਆਦਾ ਸੀਟਾਂ ਮਿਲਣ। ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕਾਂਗਰਸ ਨੂੰ ਜਿੱਤ ਪ੍ਰਾਪਤ ਹੋਣ ਨਾਲ ਰਾਹੁਲ ਗਾਂਧੀ ਤੇ ਕਾਂਗਰਸ ਦੀ ਸਾਖ਼ ਤੇ ਰਸੂਖ਼ ਵਿਚ ਵਾਧਾ ਹੋਇਆ ਹੈ। ਕਾਂਗਰਸ ਤੇ ਰਾਹੁਲ ਗਾਂਧੀ ਸਾਹਮਣੇ ਲੰਬਾ ਸਫ਼ਰ ਹੈ ਅਤੇ ਜੇ ਉਹ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਭਾਰਤੀ ਜਨਤਾ ਪਾਰਟੀ ਨੂੰ ਹਰਾਉਣਾ ਚਾਹੁੰਦੇ ਹਨ ਤਾਂ ਉਸ ਵਿਚ ਸ਼ਖ਼ਸੀਅਤ ਦੀ ਥਾਂ 'ਤੇ ਵਿਰੋਧੀ ਪਾਰਟੀਆਂ ਦੀ ਇਕਜੁੱਟਤਾ ਬਣਾਈ ਰੱਖਣ ਨੂੰ ਪਹਿਲ ਦੇਣੀ ਪਵੇਗੀ। ਰਾਹੁਲ ਨੂੰ ਪ੍ਰਧਾਨ ਮੰਤਰੀ ਬਣਾ ਕੇ ਕਾਂਗਰਸ ਵਲੋਂ ਲੋਕ ਸਭਾ ਦੀਆਂ ਚੋਣਾਂ ਲੜਨਾ "ਦਿੱਲੀ ਦੂਰ ਵਾਲੀ ਗੱਲ" ਹੋ ਸਕਦੀ ਹੈ।ਮਹਾਂਗਠਜੋੜ ਬਿਨਾ ਭਾਜਪਾ ਗਠਜੋੜ ਨੂੰ ਕਾਂਗਰਸ ਵਲੋਂ ਟੱਕਰ ਦੇਣੀ ਅਸੰਭਵ ਹੈ। ਯੂਪੀ, ਬਿਹਾਰ, ਪੱਛਮੀ ਬੰਗਾਲ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕ, ਜੰਮੂ-ਕਸ਼ਮੀਰ ਤੇ ਹੋਰ ਕਈ ਰਾਜਾਂ ਵਿਚ ਸੂਬਾਈ ਪੱਧਰ ਦੇ ਕੱਦਾਵਰ ਆਗੂ ਹਨ। ਉਨ੍ਹਾਂ ਨੂੰ ਭਾਜਪਾ-ਵਿਰੋਧੀ ਸਮੀਕਰਨ ਦੀ ਲੜੀ ਵਿਚ ਪਰੋਣਾ ਵੱਡੀ ਚੁਣੌਤੀ ਹੈ। ਪ੍ਰਸਿੱਧ ਪੱਤਰਕਾਰ ਨਿਤਿਆ ਚੱਕਰਵਤੀ ਆਖਦੇ ਹਨ ਕਿ ਰਾਹੁਲ ਤੋਂ ਇਲਾਵਾ ਅਹਿਮ ਆਗੂਆਂ ਦੀ ਪਹਿਲੀ ਕਤਾਰ ਵਿਚ ਮਮਤਾ, ਸਟਾਲਿਨ, ਅਖਿਲੇਸ਼ ਅਤੇ ਮਾਇਆਵਤੀ ਨੂੰ ਸਾਂਝੇ ਤੌਰ 'ਤੇ ਜਗ੍ਹਾ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਸੰਭਵ ਹੋਵੇ ਤਾਂ ਖੇਤਰੀ ਪਾਰਟੀਆਂ ਅਤੇ ਕੌਮੀ ਜਮਹੂਰੀ ਗਠਜੋੜ ਵਿਚ ਸ਼ਾਮਿਲ ਖੇਤਰੀ ਪਾਰਟੀਆਂ ਨਾਲ ਵੀ ਗੱਲਬਾਤ ਕਰਨੀ ਚਾਹੀਦੀ ਹੈ। ਇਸ ਵਿਚ ਮਮਤਾ ਪ੍ਰਮੁੱਖ ਭੂਮਿਕਾ ਨਿਭਾਅ ਸਕਦੀ ਹੈ। ਖੱਬੇ-ਪੱਖੀ ਸੀਤਾਰਾਮ ਯੇਚੁਰੀ ਅਤੇ ਰੈਡੀ ਹਮੇਸ਼ਾ ਸਾਂਝਾ ਪ੍ਰੋਗਰਾਮ ਤਿਆਰ ਕਰਨ ਲਈ ਸਲਾਹ-ਮਸ਼ਵਰਾ ਦੇਣ ਲਈ ਉਪਲਬਧ ਹੋਣਗੇ।



## ਭਾਜਪਾ ਵਿਰੁੱਧ ਇਕ ਸਾਂਝਾ ਉਮੀਦਵਾਰ ਉਤਾਰਨ ਦੀ ਲੋੜ-ਸ਼ੋਰੀ

ਭਾਜਪਾ ਦੇ ਸਾਬਕਾ ਨੇਤਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਨੂੰ ਇਹ ਨਿਸਚਿਤ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ ਕਿ ਉਹ ਹਰ ਚੋਣ ਖੇਤਰ ਵਿਚ ਭਾਜਪਾ ਵਿਰੁੱਧ ਇਕ ਸਾਂਝਾ ਉਮੀਦਵਾਰ ਉਤਾਰਨ ਪਰ ਵੱਖ-ਵੱਖ ਸੂਬਿਆਂ ਦੇ ਰਾਜਨੀਤਕ ਸਮੀਕਰਨਾਂ ਕਾਰਨ ਸ਼ਾਇਦ ਇਹ ਸੰਭਵ ਨਾ ਹੋਵੇ। ਇਸ ਦੀ ਬਜਾਏ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਨੀਤੀ ਜ਼ਿਆਦਾ ਵਿਹਾਰਕ ਹੈ। ਕਾਂਗਰਸ ਉਨ੍ਹਾਂ ਸੂਬਿਆਂ ਵਿਚ ਨੇਤਾ ਹੋਵੇਗੀ ਜਿਥੇ ਇਹ ਭਾਜਪਾ ਦੀ ਮੁੱਖ ਵਿਰੋਧੀ ਪਾਰਟੀ ਵਜੋਂ ਲੜ ਰਹੀ ਹੈ ਪਰ ਜਿਥੇ ਹੋਰ ਖੇਤਰੀ ਦਲ ਸ਼ਾਸਕ ਹਨ, ਉਥੇ ਭਾਜਪਾ ਵਿਰੋਧੀ ਗੱਠਜੋੜ ਦੇ ਨਾਂਅ 'ਤੇ ਉਹ ਕਾਂਗਰਸ ਨੂੰ ਜਗ੍ਹਾ ਨਹੀਂ ਦੇਣਗੇ। ਖੇਤਰੀ ਪਾਰਟੀਆਂ ਨਾਲ ਉਥੇ ਕਾਂਗਰਸ ਦਾ ਟਕਰਾਅ ਹੋ ਸਕਦਾ ਹੈ ਪਰ ਚੋਣਾਂ ਤੋਂ ਬਾਅਦ ਕਾਂਗਰਸ ਨਾਲ ਗੱਠਜੋੜ ਕਰਨ ਸਬੰਧੀ ਹੁਣ ਤੋਂ ਹੀ ਸਮਝ ਬਣਾਈ ਜਾ ਸਕਦੀ ਹੈ ਤਾਂ ਕਿ ਭਾਜਪਾ ਸੰਨ 2019 ਵਿਚ ਸੱਤਾ ਵਿਚ ਨਾ ਆ ਸਕੇ।

## ਭਾਜਪਾ ਵਿਰੋਧੀ ਤਾਕਤਾਂ ਨਾਲ ਮਿਲ ਕੇ ਤੁਰਨ ਲਈ ਤਿਆਰ ਹੈ ਕਾਂਗਰਸ

ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਕਹਿੰਦੇ ਹਨ, "ਕਾਂਗਰਸ ਪਾਰਟੀ ਉਨ੍ਹਾਂ ਸਾਰੀਆਂ ਤਾਕਤਾਂ ਨਾਲ ਮਿਲ ਕੇ ਤੁਰਨ ਲਈ ਤਿਆਰ ਹੈ ਜੋ ਇਸ ਦੇਸ਼ ਦੀਆਂ ਮੁਢਲੀਆਂ ਕਦਰਾਂ-ਕੀਮਤਾਂ ਦੀ ਰੱਖਿਆ ਲਈ ਇਕਜੁੱਟ ਹੋ ਕੇ ਮੋਦੀ ਸਰਕਾਰ ਨਾਲ ਟੱਕਰ ਲੈਣ ਲਈ ਤਿਆਰ ਹਨ।" ਕਾਂਗਰਸ ਨੇ ਇਹ ਸੰਕੇਤ ਪਹਿਲੀ ਵਾਰ ਨਹੀਂ ਦਿੱਤਾ ਹੈ। ਸੁਰਜੇਵਾਲਾ ਕਹਿੰਦੇ ਹਨ ਕਿ, "ਜਿੱਥੇ ਅਸੀਂ ਇਕੱਲੇ ਲੜ ਸਕਦੇ ਹਾਂ ਉਥੇ ਇਕੱਲੇ ਲੜਾਂਗੇ ਅਤੇ ਜਿੱਥੇ ਸਿਆਸੀ ਦਲਾਂ ਨੂੰ ਨਾਲ ਲੈਣਾ ਹੋਵੇਗਾ, ਉਥੇ ਨਾਲ ਵੀ ਲਵਾਂਗੇ। ਕਾਂਗਰਸ ਹਰੇਕ ਸੂਬੇ ਦੀ ਸਥਿਤੀ ਮੁਤਾਬਕ ਫ਼ੈਸਲਾ ਕਰਦੀ ਹੈ। ਸੰਨ 2004 ਤੋਂ ਪਹਿਲਾਂ ਕਿਹਾ ਜਾਂਦਾ ਸੀ ਕਿ ਕਾਂਗਰਸ ਗੱਠਜੋੜ ਦੀ ਸਰਕਾਰ ਨਹੀਂ ਚਲਾ ਸਕਦੀ ਪਰ ਸੋਨੀਆ ਗਾਂਧੀ ਅਤੇ ਮਨਮੋਹਨ ਸਿੰਘ ਨੇ ਦਸ ਸਾਲ ਤਕ ਸਰਕਾਰ ਚਲਾ ਕੇ ਇਸ ਗੱਲ ਨੂੰ ਗਲਤ ਸਾਬਿਤ ਕਰ ਦਿੱਤਾ। ... ਅਸੀਂ ਗਠਜੋੜ ਸਹਿਯੋਗੀਆਂ ਨੂੰ ਨਾਲ ਲੈ ਕੇ ਤੁਰਦੇ ਹਾਂ, ਉਨ੍ਹਾਂ ਨੂੰ ਛੱਡਦੇ ਨਹੀਂ। ਅਸੀਂ ਮੋਦੀ ਜੀ ਵਾਂਗ ਸਹਿਯੋਗੀਆਂ ਨੂੰ ਗਵਾਇਆ ਨਹੀਂ ਹੈ। ਮੋਦੀ ਜੀ ਸੰਨ 2014 ਵਿਚ ਸ਼ਿਵਸੈਨਾ ਨਾਲ ਚੱਲੇ ਸਨ, ਅੱਜ ਉਹ ਵੱਖ-ਵੱਖ ਹਨ। ਚੰਦਰਬਾਬੂ ਨਾਇਡੂ ਨੇ ਐਨਡੀਏ ਨਾਲ ਗੱਠਜੋੜ ਕੀਤਾ ਸੀ, ਅੱਜ ਉਹ ਵੀ ਵੱਖ ਹਨ। ਬੀਜੂ ਜਨਤਾ ਦਲ ਐਨਡੀਏ ਦੇ ਸੰਸਥਾਪਕ ਮੈਂਬਰ ਹਨ, ਅੱਜ ਉਹ ਵੀ ਵੱਖਰੇ ਹਨ। ਹੋਰ ਸਿਆਸੀ ਦਲ ਵੀ ਉਨ੍ਹਾਂ ਨੂੰ ਛੱਡਣ ਦੀ ਤਿਆਰੀ ਵਿਚ ਹਨ ਕਿਉਂਕਿ ਮੋਦੀ ਜੀ ਅਤੇ ਅਮਿਤ ਸ਼ਾਹ ਜੀ ਦਾ ਇੱਕੋ-ਇੱਕ ਉਦੇਸ਼ ਸੱਤਾ ਪ੍ਰਾਪਤ ਕਰਨਾ ਹੈ, ਸੱਤਾ ਹਥਿਆਉਣਾ ਹੀ ਉਨ੍ਹਾਂ ਦਾ ਆਖ਼ਰੀ ਨਿਸ਼ਾਨਾ ਹੈ, ਵਿਵਸਥਾ ਬਦਲਣ ਦਾ ਮਾਧਿਅਮ ਨਹੀਂ ਹੈ।"



# ਨਿੱਕੀਆਂ ਜਿੰਦਾਂ-ਵੱਡੇ ਸਾਕੇ : ਫੁੱਲ ਤੁਰੇ ਕੰਡਿਆਂ ਦੇ ਰਾਹ





**ਦੀਪਕ ਸ਼ਰਮਾ ਚਨਾਰਥਲ**



ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾ ਸਿਰਫ਼ ਸਿੱਖ ਇਤਿਹਾਸ ਬਲਕਿ ਵਿਸ਼ਵ ਇਤਿਹਾਸ ਦੀ ਇਕ ਅਲੋਕਾਰੀ ਘਟਨਾ ਹੈ। ਇਸ ਘਟਨਾ ਵਿਚ ਜਿਥੇ ਸਿਦਕ, ਸ਼ਰਧਾ ਅਤੇ ਕੁਰਬਾਨੀ ਦੀ ਸਿਖਰ ਦੇਖੀ ਜਾ ਸਕਦੀ ਹੈ, ਉਥੇ ਸੱਤਾ ਦੀ ਦਰਿੰਦਗੀ ਅਤੇ ਨਿਰਦੋਤਾ ਦੀ ਵੀ ਇਹ ਸਿਖਰਲੀ ਮਿਸਾਲ ਪੇਸ਼ ਕਰਦੀ ਹੈ, ਜਿਸ ਨੂੰ ਲੈ ਕੇ ਸਮੁੱਚਾ ਮਾਨਵੀ ਇਤਿਹਾਸ ਹੀ ਸ਼ਰਮਸ਼ਾਰ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਪੂਰੀ ਸਿੱਖ ਕੌਮ ਦੇ ਜੀਵਨ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਉਨ੍ਹਾਂ ਦੀ ਕੁਰਬਾਨੀ ਦੀ ਪੀੜ ਅਜੇ ਤਕ ਵੀ ਅਚੇਤ ਹੀ ਸਿੱਖ-ਮਨ ਵਿਚ ਰਮੀ ਹੋਈ ਹੈ। ਇਸ ਤਰ੍ਹਾਂ ਦੀਆਂ ਕੁਰਬਾਨੀਆਂ ਹੀ ਸਿੱਖ ਕਿਰਦਾਰ ਦੀ ਨੀਂਹ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ ਤਿੰਨ ਸੌ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਇਸ ਘਟਨਾ ਦੀ ਪੀੜ ਅਜੇ ਵੀ ਘਟ ਨਹੀਂ ਹੋ ਰਹੀ। ਦਸੰਬਰ ਦੇ ਮਹੀਨੇ ਸਿੱਖ ਪੰਥ ਇਸ ਸ਼ਹਾਦਤ ਦੇ ਅਦੁੱਤੀ ਸਾਕੇ ਨੂੰ ਯਾਦ ਕਰਦਾ ਹੈ ਅਤੇ ਇਨ੍ਹਾਂ ਦਿਨਾਂ ਦੌਰਾਨ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਵਿਚ ਸ਼ਹੀਦੀ ਸਭਾ ਲਗਦੀ ਹੈ।

ਸਿੱਖ ਕੌਮ ਦਾ ਇਤਿਹਾਸ ਸੰਸਾਰ ਦੀਆਂ ਜੁਝਾਰੂ ਕੌਮਾਂ ਵਿਚੋਂ ਸਭ ਤੋਂ ਵੱਧ ਲਾਸਾਨੀ ਇਤਿਹਾਸ ਹੈ। ਨਿਰਸੰਦੇਹ, ਇਤਿਹਾਸਕ ਧਾਰਾ ਵਿਚ ਕਈ ਹੋਰ ਕੌਮਾਂ ਦਾ ਇਤਿਹਾਸ ਵੀ ਦੁਸ਼ਵਾਰੀਆਂ, ਕਠਿਨਾਈਆਂ ਅਤੇ ਕੁਰਬਾਨੀਆਂ ਦੀ ਲਾਮਿਸਾਲ ਗਾਥਾ ਰਿਹਾ ਹੈ, ਪ੍ਰੰਤੂ ਜਿਹੋ ਜਿਹੇ 'ਪੁਰਜ਼ਾ-ਪੁਰਜ਼ਾ ਕਟ ਮਰੈ' ਦੀ ਜੀਵੰਤ ਉਦਾਹਰਨ ਸਿੱਖ ਕੌਮ ਕੋਲ ਹੈ, ਉਸ ਦੀ ਕੋਈ ਦੂਜੀ ਮਿਸਾਲ ਸਾਰੇ ਸੰਸਾਰ ਵਿਚ ਨਹੀਂ ਮਿਲਦੀ।

ਸਿੱਖ ਕੌਮ ਨੇ ਸ਼ਹਾਦਤ ਦਾ ਸਬਕ ਗੁਰੂ ਨਾਨਕ ਦੇਵ ਜੀ ਦੀ ਰੱਬੀ ਬਾਣੀ ਰਾਹੀਂ ਪੜ੍ਹਿਆ ਤੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਦੇ ਪਾਕ ਸਫਰ ਰਾਹੀਂ ਅਮਲ ਵਿਚ ਉਤਾਰਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਇਸ ਪਾਠ ਦੀ ਦੁਹਰਾਈ ਕਰਕੇ ਫਿਰ ਇਕ ਵਾਰ ਸਪਸ਼ਟ ਕਰ ਦਿੱਤਾ ਕਿ ਇਹ ਸੰਸਾਰ 'ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ' ਵਾਂਗ ਹੈ। ਉਨ੍ਹਾਂ ਦੀ ਸ਼ਹੀਦੀ ਇਸ ਗੱਲ ਦੀ ਗਵਾਹ ਸੀ ਕਿ 'ਨਾਮ ਰਹਿਓ ਸਾਧੂ ਰਹਿਓ, ਰਹਿਓ ਗੁਰ ਗੋਬਿੰਦਿ' ਇਹ ਕੁਰਬਾਨੀ ਆਪਣੇ ਨਿੱਜੀ ਹਿੱਤਾਂ ਲਈ ਨਾ ਹੋ ਕੇ ਦੀਨ ਦੁਖੀਆ ਦੀ ਰੱਖਿਆ ਲਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ 'ਖਾਲਸੇ' ਦਾ ਵਿਅਕਤਿਤਵ ਦੇ ਕੇ ਅਬਿਨਾਸ਼ ਅਹਿਸਾਸ ਵਿਚ ਜਿਊਣ ਦਾ ਅਤੇ ਸ਼ਹਾਦਤ ਦਾ ਜਾਮ ਪੀਣ ਦਾ ਗੁਰ ਸਿਖਾ ਦਿੱਤਾ। ਇਸ ਕਰਕੇ ਖਾਲਸਾ ਮੌਤ ਤੋਂ ਪਾਰ ਹੋ ਕੇ ਜੀਵਨ ਜਿਊਣ ਦਾ ਗੁਰ ਸਿੱਖ ਕੇ ਮੌਤ ਨੂੰ ਮਖੌਲ ਕਰਨ ਲੱਗ ਪਿਆ। ਦਸਮ ਪਿਤਾ ਦੇ ਉੱਚੇ ਸੁੱਚੇ ਜੀਵਨ ਤੋਂ ਪ੍ਰਭਾਵਤ ਹੋ ਕੇ ਚਾਰ ਫੁੱਲਾਂ ਤੋਂ ਵੀ ਕੋਮਲ ਬਾਲ ਹੱਸਦੇ ਹੱਸਦੇ ਕੰਡਿਆਂ ਦੇ ਰਾਹ ਤੁਰਦੇ ਸ਼ਹੀਦੀ ਦਾ ਤਾਜ ਆਪਣੇ ਸਿਰਾਂ 'ਤੇ ਸਜਾ ਗਏ।

**ਸਰਸਾ ਨਦੀ ਦਾ ਵਿਛੋੜਾ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1704 ਈਸਵੀ ਦੇ ਸਰਦ ਮਹੀਨੇ 21 ਦਸੰਬਰ ਦੀ ਕਾਲੀ ਰਾਤ ਨੂੰ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ। ਇੱਥੋਂ ਹੀ ਪਰਿਵਾਰ ਵਿਛੋੜੇ ਦੀ ਦਰਦਨਾਕ ਦਾਸਤਾਨ ਦੀ ਸ਼ੁਰੂਆਤ ਹੋਈ। ਕਿਲ੍ਹਾ ਛੱਡਣ ਵਾਲੀ ਰਾਤ ਕਹਿਰ ਦੀ ਠੰਡ ਤੇ ਉੱਤੋਂ ਹੋ ਰਹੀ ਵਰਖਾ ਦੇ ਵਿਚ ਹੀ ਗੁਰੂ ਸਾਹਿਬ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ 1500 ਸਿੰਘਾਂ ਸਮੇਤ ਆਨੰਦਪੁਰ ਸਾਹਿਬ ਤੋਂ ਨਿਕਲ ਤੁਰੇ। ਜਦੋਂ ਗੁਰੂ ਸਾਹਿਬ ਆਪਣੇ ਦਲ ਨਾਲ ਸਰਸਾ ਨਦੀ ਦੇ ਕਿਨਾਰੇ ਪਹੁੰਚੇ ਤਾਂ ਪਿੱਛੋਂ ਮੁਗਲਾਂ ਦੀਆਂ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਜ਼ੋਰਦਾਰ ਹੱਲਾ ਬੋਲ ਦਿੱਤਾ। ਇਕ ਪਾਸੇ ਸਰਸਾ ਨਦੀ ਵਿਚ ਹੜ੍ਹ ਆ ਗਿਆ ਸੀ, ਦੂਜੇ ਪਾਸੇ ਠਾਠਾਂ ਮਾਰਦਾ ਫੌਜਾਂ ਦਾ ਇਕੱਠ ਸਿੰਘਾਂ ਨੂੰ ਘੇਰਾ ਪਾ ਰਿਹਾ ਸੀ। ਸਰਸਾ ਨਦੀ ਦੇ ਕਿਨਾਰੇ ਘਮਸਾਨ ਦਾ ਯੁੱਧ ਹੋਇਆ। ਗੁਰੂ ਸਾਹਿਬ ਤੇ ਉਨ੍ਹਾਂ ਦੇ ਸੈਂਕੜੇ ਸਿੱਖ ਘੋੜਿਆਂ ਸਮੇਤ ਦਰਿਆ ਵਿਚ ਕੁੱਦ ਪਏ। ਇਥੇ ਭੱਜ ਦੌੜ ਤੇ ਹਫੜਾ-ਦਫੜੀ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੁਰੂ ਸਾਹਿਬ ਤੋਂ ਵਿਛੜ ਗਏ।

ਚਮਕੌਰ ਦੀ ਗੜ੍ਹੀ-ਸ਼ਹਾਦਤ ਦਾ ਜਾਮ : ਸਰਸਾ ਨਦੀ ਦੇ ਕਿਨਾਰੇ ਤੋਂ ਵਿਛੜ ਕੇ ਗੁਰੂ ਸਾਹਿਬ ਵੱਡੇ ਸਾਹਿਬਜ਼ਾਦਿਆਂ ਅਤੇ ਸਾਥੀ ਸਿੰਘਾਂ ਨਾਲ ਚਮਕੌਰ ਦੀ ਕੱਚੀ ਗੜ੍ਹੀ ਵਿਚ ਜਾ ਪਹੁੰਚੇ। ਪਹਾੜੀ ਰਾਜਿਆਂ ਨੇ ਧੋਖਾਧੜੀ ਦੇ ਜੋ ਕੰਡੇ ਦਸਮ ਪਿਤਾ ਦੇ ਰਾਹ ਵਿਚ ਬੀਜੇ, ਉਸ ਨੂੰ ਚੁਗਦਿਆਂ ਸਿੱਖੀ ਨੂੰ ਜੀਉਂਦਾ ਰੱਖਣ ਲਈ ਪੂਰੇ ਪਰਿਵਾਰ ਨੂੰ ਵਾਰਨ ਦੀ ਮਿਸਾਲ ਕਿਤਿਓਂ ਲੱਭਿਆਂ ਨਹੀਂ ਮਿਲਦੀ।

ਔਰੰਗਜ਼ੇਬੀ ਚਾਲ ਨੂੰ ਭਾਂਪਦਿਆਂ ਸਾਹਿਬ-ਏ-ਕਮਾਲ ਚਮਕੌਰ ਦੀ ਗੜ੍ਹੀ ਵਿਚ ਜਾ ਖਲੋਤੇ। ਸ਼ਿਕਾਰੀ ਕੁੱਤਿਆਂ ਵਾਂਗ ਮੁਗਲ

> **ਸਿੱਖ ਕੌਮ ਦਾ ਇਤਿਹਾਸ ਸੰਸਾਰ ਦੀਆਂ ਜੁਝਾਰੂ ਕੌਮਾਂ ਵਿਚੋਂ ਸਭ ਤੋਂ ਵੱਧ ਲਾਸਾਨੀ ਇਤਿਹਾਸ ਹੈ। ਨਿਰਸੰਦੇਹ, ਇਤਿਹਾਸਕ ਧਾਰਾ ਵਿਚ ਕਈ ਹੋਰ ਕੌਮਾਂ ਦਾ ਇਤਿਹਾਸ ਵੀ ਦੁਸ਼ਵਾਰੀਆਂ, ਕਠਿਨਾਈਆਂ ਅਤੇ ਕੁਰਬਾਨੀਆਂ ਦੀ ਲਾਮਿਸਾਲ ਗਾਥਾ ਰਿਹਾ ਹੈ, ਪ੍ਰੰਤੂ ਜਿਹੋ ਜਿਹੇ 'ਪੁਰਜ਼ਾ-ਪੁਰਜ਼ਾ ਕਟ ਮਰੈ' ਦੀ ਜੀਵੰਤ ਉਦਾਹਰਨ ਸਿੱਖ ਕੌਮ ਕੋਲ ਹੈ, ਉਸ ਦੀ ਕੋਈ ਦੂਜੀ ਮਿਸਾਲ ਸਾਰੇ ਸੰਸਾਰ ਵਿਚ ਨਹੀਂ ਮਿਲਦੀ।**

ਫੌਜਾਂ ਨੇ ਸਿੰਘਾਂ ਦੀਆਂ ਪੈੜਾਂ ਸੁੰਘਦਿਆਂ ਚਮਕੌਰ ਦੀ ਹਵੇਲੀ ਨੂੰ ਚਾਰੇ ਪਾਸਿਓਂ ਆ ਘੇਰਾ ਪਾਇਆ ਤਾਂ ਗੁਰੂ ਸਾਹਿਬ ਨਾਲ ਭੁੱਖੇ ਪਿਆਸੇ ਤੇ ਅਸਲੇ ਤੋਂ ਥੁੜ੍ਹੇ ਹੋਏ ਪਰ ਸਿੱਖੀ ਸਿਦਕ ਦੇ ਪੂਰੇ ਕੇਵਲ ਚਾਲੀ ਸਿੰਘ ਤੇ ਦੋ ਵੱਡੇ ਸਾਹਿਬਜ਼ਾਦੇ ਹੀ ਸਨ।

ਜਦ ਸਿੰਘ ਸ਼ਹੀਦੀਆਂ ਪਾ ਰਹੇ ਸਨ ਤਾਂ 13 ਸਾਲਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਜੀ ਪਾਸੋਂ ਯੁੱਧ ਭੂਮੀ ਵਿਚ ਜਾਣ ਦੀ ਆਗਿਆ ਮੰਗੀ। ਇਤਿਹਾਸਕਾਰ ਮੈਕਾਲਿਫ ਅਨੁਸਾਰ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਧਿਆਨ ਸਿੰਘ, ਮੁੱਖਾ ਸਿੰਘ, ਆਲਿਮ ਸਿੰਘ, ਬੀਰ ਸਿੰਘ ਤੇ ਜਵਾਹਰ ਸਿੰਘ ਪੰਜ ਹੋਰ ਯੋਧੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਨੇ ਏਨੀ ਬਹਾਦਰੀ ਨਾਲ ਯੁੱਧ ਲੜਿਆ ਕਿ ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖਾਨ ਆਪਣੀ ਸੈਨਾ ਦੇ ਮਰ ਰਹੇ ਸਿਪਾਹੀਆਂ ਨੂੰ ਵੇਖ ਕੇ ਘਬਰਾ ਗਿਆ। ਅਖੀਰ ਯੋਧਿਆਂ ਦੀਆਂ ਤਲਵਾਰਾਂ ਟੁੱਟ ਗਈਆਂ, ਤੀਰ ਮੁੱਕ ਗਏ ਤੇ ਅਜੀਤ ਸਿੰਘ ਨੂੰ ਸ਼ਹੀਦ ਹੁੰਦਿਆਂ ਵੇਖ 11 ਸਾਲਾ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਦਾ ਜੋਸ਼ ਉਬਾਲੇ ਮਾਰਨ ਲੱਗਾ ਤੇ ਪਿਤਾ ਤੋਂ ਆਗਿਆ ਲੈ ਕੇ ਜੁਝਾਰ ਸਿੰਘ ਜੰਗੇ ਮੈਦਾਨ ਵਿਚ ਆ ਗਰਜ਼ਿਆ ਅਤੇ ਯੁੱਧ ਕਰਦਾ ਹੋਇਆ ਸ਼ਹੀਦ ਹੋ ਗਿਆ।

"ਯਿਹ ਹੈ ਵਹੁ ਜਗ੍ਹਾ ਜਹਾਂ ਚਾਲੀਸ ਤਨ ਸ਼ਹੀਦ ਹੂਏ।
ਖਿਤਾਬਿ ਸਰਵਰੀ ਸਿੰਘੋਂ ਨੇ ਸਰ ਕਟਾ ਕੇ ਲੀਏ।
ਦਿਲਾਈ ਪੰਥ ਕੋ ਸਰਬਾਜ਼ੀਓਂ ਸੇ ਸਰਦਾਰੀ।
ਬਰਾਏ ਕੌਮ ਯਿਹ ਰੁਤਬੇ ਲਹੂ ਬਹਾ ਕੇ ਲੀਏ।"

ਧਰਤੀ 'ਤੇ ਬਣੇ ਰਿਸ਼ਤਿਆਂ ਦੀ ਨਜ਼ਰ ਤੋਂ ਜੇਕਰ ਸੋਚੀਏ ਤਾਂ ਉਹ ਪਲ ਕਿੰਨੇ ਦਰਦ ਭਰੇ ਹੋਣਗੇ ਜਦੋਂ ਗੁਰੂ ਸਾਹਿਬ ਆਪਣੇ ਪਿਆਰੇ ਸਿੰਘਾਂ ਤੇ ਲਾਡਲੇ ਪੁੱਤਰਾਂ ਨੂੰ ਮੌਤ ਨਾਲ ਗਲਵੱਕੜੀਆਂ ਪਾਉਂਦੇ ਵੇਖ ਰਹੇ ਹੋਣਗੇ। ਪਰ ਸਚਾਈ ਤਾਂ ਇਹ ਹੈ ਕਿ ਜਦੋਂ ਗੁਰੂ ਦੇ ਲਾਡਲੇ ਸਪੂਤ ਮੌਤ ਦੇ ਹੋਰ ਨੇੜੇ ਜਾ ਰਹੇ ਸਨ ਤਦ ਮੌਤ ਵੀ ਕੰਬੀ ਸੀ, ਅੰਬਰ ਵੀ ਰੋਇਆ ਸੀ, ਜ਼ਮੀਨ ਵੀ ਹਿੱਲ ਗਈ ਸੀ ਪਰ ਸ਼ਾਇਦ ਹਰ ਫਰਿਸ਼ਤਾ ਇਸ ਸ਼ਹਾਦਤ ਤੋਂ ਪ੍ਰਸੰਨ ਹੋ ਉੱਠਿਆ ਸੀ। ਇਹ ਜੰਗ ਕਿਸੇ 'ਜਰ-ਜੋਰੂ ਜਾਂ ਜ਼ਮੀਨ' ਲਈ ਨਾ ਹੋ ਕੇ ਇਨਸਾਨੀਅਤ ਦੀ ਰਾਖੀ ਲਈ ਲੜੀ ਜਾ ਰਹੀ ਸੀ ਤੇ ਦੂਜਿਆਂ ਲਈ ਕੁਰਬਾਨ ਹੋਣਾ, ਜਾਨ ਦੀ ਬਾਜ਼ੀ ਖੇਡਣ ਨੂੰ ਗੁਰੂ ਸਾਹਿਬ ਨੇ ਹਕੀਕੀ ਰੂਪ ਦੇ ਕੇ ਇਹ ਵੱਡਾ ਕ੍ਰਿਸ਼ਮਾ ਕਰ ਵਿਖਾਇਆ। ਇਕ ਸ਼ਾਇਰ ਨੇ ਇਸ ਸ਼ਹਾਦਤ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ :

'ਹਮ ਜਾਨ ਦੇ ਕੇ, ਔਰੋਂ ਕੀ ਜਾਨੇ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈ ਸਰੋ ਪਿ ਉਠਾ ਚਲੇ।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।
ਗੱਦੀ ਤੋਂ ਤਖ਼ਤ ਬੱਸ ਅਬ ਕੌਮ ਪਾਏਗੀ।
ਦੁਨੀਆ ਮੇਂ ਜ਼ਾਲਮੋਂ ਦਾ ਨਿਸ਼ਾਂ ਤੱਕ ਮਿਟਾਏਗੀ।

**ਸਾਕਾ ਸਰਹੰਦ-ਸ਼ਹਾਦਤ ਦੀ ਕਲਗੀ :** ਸਰਸਾ ਨਦੀ ਦੇ ਕਿਨਾਰੇ ਗੁਰੂ ਸਾਹਿਬ ਤੋਂ ਵਿਛੜੀ ਮਾਤਾ ਗੁਜਰੀ ਜੀ ਦੋਨੋਂ ਛੋਟੇ ਪੋਤਰਿਆਂ ਨੂੰ ਲੈ ਕੇ ਗੰਗੂ ਬ੍ਰਾਹਮਣ ਨੂੰ ਮਿਲ ਗਈ ਤੇ ਗੰਗੂ ਬ੍ਰਾਹਮਣ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਲਾਗੇ ਪਿੰਡ ਖੇੜੀ ਆਪਣੇ ਘਰ ਲੈ ਗਿਆ। ਬ੍ਰਾਹਮਣ ਧਰਮ ਦੇ ਮੱਥੇ 'ਤੇ ਲੱਗਿਆ ਗੰਗੂ ਨਾਮ ਦਾ ਕਾਲਾ ਕਲੰਕ ਕਦੇ ਮਿਟ ਨਹੀਂ ਸਕਦਾ ਕਿਉਂਕਿ ਸਾਕਾ ਸਰਹੰਦ ਦੀ ਨੀਂਹ ਦਗਾਬਾਜ਼-ਨਮਕ ਹਰਾਮ ਗੰਗੂ ਬ੍ਰਾਹਮਣ ਨੇ ਹੀ ਰੱਖੀ ਸੀ। ਗੰਗੂ ਗੁਰੂਘਰ ਵਿਚ ਪਿਛਲੇ ਵੀਹਾਂ ਵਰ੍ਹਿਆਂ ਤੋਂ ਰਸੋਈਆ ਸੀ ਤੇ ਕਾਫੀ ਵਫ਼ਾਦਾਰ ਸੀ ਪਰ ਧਨ ਦੌਲਤ ਦੇ ਲਾਲਚ ਨੇ ਉਸ ਨੂੰ ਹੈਵਾਨ ਬਣਾ ਦਿੱਤਾ ਸੀ ਅਤੇ ਉਹ ਬੇਈਮਾਨ ਹੋ ਗਿਆ। ਗੰਗੂ ਨੇ ਮਾਤਾ ਜੀ ਦੀ ਦੌਲਤ ਹਥਿਆਉਣ ਲਈ ਆਪਣੀ ਮਾਂ ਸ਼ੋਭਾ ਨੂੰ ਰੋਟੀਆਂ ਵਿਚ ਜ਼ਹਿਰ ਪਾਉਣ ਲਈ ਆਖਿਆ। ਰੱਬ ਨੂੰ ਮੰਨਣ ਵਾਲੀ ਇਸ ਮਾਂ ਨੇ ਪੁੱਤ ਗੰਗੂ ਨੂੰ ਕਿਹਾ ਕਿ "ਨਾ ਵੇ ਪੁੱਤਾ ਨਾ, ਸਾਰੀ ਉਮਰ ਗੁਰੂ ਘਰ ਦਾ ਨਮਕ ਖਾਧਾ ਹੈ, ਅੱਜ ਉਹ ਬਿਪਤਾ ਵਿਚ ਹਨ ਤਾਂ ਹੀ ਉਹ ਸਾਡੇ ਦਰ ਆਏ ਹਨ। ਇਹ ਦਗ਼ਾ ਚੰਗਾ ਨਹੀਂ। ਕਿੰਨੇ ਸੋਹਣੇ ਨਿੱਕੇ ਨਿੱਕੇ ਹੰਸਾਂ ਵਰਗੇ ਗੁਰੂ ਦੇ ਲਾਲ ਹਨ। ਤੂੰ ਇਹ ਅਣਹੋਣੀ ਨਾ ਕਰ।"

ਪਰ ਗੰਗੂ ਦੇ ਸਿਰ ਪਾਪ ਸਵਾਰ ਸੀ। ਗੰਗੂ ਨੇ ਫਿਰ ਨਵਾਂ ਪੈਂਤੜਾ ਚੱਲਦਿਆਂ ਮੋਰਿੰਡੇ ਦੇ ਕੋਤਵਾਲ ਨੂੰ ਖ਼ਬਰ ਦੇ ਕੇ ਸੂਬਾ ਸਰਹੰਦ ਨੂੰ ਸੁਚੇਤ ਕਰ ਦਿੱਤਾ। ਨਵਾਬ ਵਜ਼ੀਦ ਖਾਂ ਨੇ, ਮਾਤਾ ਗੁਜ਼ਰੀ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਠੰਡੇ ਬੁਰਜ ਵਿਚ ਕੈਦ ਕਰ ਲਿਆ। ਆਪਣੀ ਨੌਕਰੀ ਅਤੇ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਮੋਤੀ ਰਾਮ ਮਹਿਰਾ ਨੇ ਰਾਤ ਨੂੰ ਲੁਕ ਛਿਪ ਕੇ ਮਾਤਾ ਅਤੇ ਬੱਚਿਆਂ ਨੂੰ ਗਰਮ ਦੁੱਧ ਪਿਲਾਇਆ ਤੇ ਵਾਰਸ ਦਿੱਤੀ।

ਅਗਲੇ ਤਿੰਨ ਦਿਨ ਲਗਾਤਾਰ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਦ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਣ ਲੱਗਾ। ਸੱਤ ਅਤੇ ਨੌਂ ਸਾਲ ਦੇ ਮਾਸੂਮ ਫੁੱਲਾਂ ਨੂੰ ਧਨ, ਦੌਲਤ, ਇਨਾਮ, ਰੁਤਬਾ ਅਤੇ ਪਦਵੀ ਦੇ ਲਾਲਚ ਦਿੱਤੇ ਜਾਂਦੇ ਰਹੇ ਪਰ ਜਦੋਂ ਇਹ ਛੋਟੀਆਂ ਜਿੰਦਾਂ ਕਿਸੇ ਤਰ੍ਹਾਂ ਵੀ ਜ਼ਾਲਮ ਹਾਕਮਾਂ ਅੱਗੇ ਨਹੀਂ ਝੁਕੀਆਂ ਤਾਂ ਇਨ੍ਹਾਂ ਨੂੰ ਨੀਹਾਂ ਵਿਚ ਚਿਣ ਕੇ ਕਤਲ ਕਰ ਦੇਣ ਦਾ ਹੁਕਮ ਦਿੱਤਾ ਜਾਂਦਾ ਹੈ।

ਦੀਵਾਨ ਸੁੱਚਾ ਨੰਦ ਕਹਿ ਰਿਹਾ ਸੀ-ਕਿ "ਬਾਗੀ ਬੱਚਿਆਂ ਨੂੰ ਹੁਣੇ ਕਤਲ ਕਰੋ, ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ।" ਕਚਹਿਰੀ ਵਿਚ ਬੈਠੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਇਸ ਫ਼ੈਸਲੇ ਦੇ ਵਿਰੁੱਧ ਹਾਅ ਦਾ ਨਾਅਰਾ ਮਾਰਿਆ ਤੇ ਕਿਹਾ, "ਇਨ੍ਹਾਂ ਬੱਚਿਆਂ ਨੇ ਕੋਈ ਕਸੂਰ ਨਹੀਂ ਕੀਤਾ। ਇਨ੍ਹਾਂ ਦੇ ਪਿਤਾ ਦੇ ਕਸੂਰ ਦੀ ਸਜ਼ਾ ਇਨ੍ਹਾਂ ਨੂੰ ਨਹੀਂ ਮਿਲਣੀ ਚਾਹੀਦੀ।" ਆਪਣੀ ਗੱਲ ਨਾ ਸੁਣੀ ਜਾਂਦੀ ਵੇਖ ਨਵਾਬ ਸ਼ੇਰ ਖਾਂ ਕਚਹਿਰੀ ਵਿਚੋਂ ਬਾਹਰ ਆ ਗਿਆ।

ਜਦੋਂ ਆਖਰੀ ਵਾਰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਦ ਖਾਨ ਦੀ ਕਚਹਿਰੀ ਵਿਚ ਲਿਜਾਇਆ ਜਾਣ ਲੱਗਾ ਤੇ ਮਾਤਾ ਗੁਜਰੀ ਜੀ ਇਹ ਜਾਣ ਚੁੱਕੇ ਸਨ ਕਿ ਅੱਜ ਉਨ੍ਹਾਂ ਦੇ ਲਾਡਲੇ ਪੋਤਰਿਆਂ ਨੂੰ ਸ਼ਹੀਦ ਕਰ ਦਿੱਤਾ ਜਾਵੇਗਾ ਤੇ ਉਨ੍ਹਾਂ ਦੇ ਮੂੰਹੋਂ ਨਿਕਲੇ ਸ਼ਬਦਾਂ ਨੂੰ ਅੱਲ੍ਹਾ ਯਾਰ ਖਾਂ ਦੀ ਜ਼ੁਬਾਨੀ ਇੰਝ ਸੁਣਿਆ ਜਾਂਦਾ ਹੈ :

"ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਿਆਰੇ ਸਰੋ ਪੇ ਨੰਨੀ ਸੀ ਕਲਗੀ ਸਜਾ ਤੋ ਲੂੰ।
ਮਰਨੇ ਸੇ ਪਹਲੇ ਤੁਮ ਕੋ ਮੈਂ ਦੁਲਹਾ ਬਨਾ ਤੋ ਲੂੰ।"

ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬੱਚਿਆਂ ਨੂੰ ਕੰਧ ਵਿਚ ਚਿਣਵਾਇਆ ਜਾ ਰਿਹਾ ਹੈ। ਇਸ ਦਿਲ ਚੀਰਵੀ ਘਟਨਾ ਨੂੰ ਵੇਖਣ ਲਈ ਜਨਤਾ ਉਮੜ ਆਈ, ਹਾਹਾਕਾਰ ਮਚ ਗਿਆ, ਕੰਬ ਰਹੇ ਹੱਥ ਦਿਵਾਰ ਚਿਣ ਰਹੇ ਸਨ, ਹਰ ਚਿਹਰੇ 'ਤੇ ਸਹਿਮ ਸੀ, ਮੌਤ ਵਰਗਾ ਸੰਨਾਟਾ ਪਸਰ ਚੁੱਕਿਆ ਸੀ, ਮੂੰਹ ਚੁੱਪ ਸਨ ਪਰ ਅੱਖਾਂ ਹੰਝੂਆਂ ਰਾਹੀਂ ਬੋਲ ਰਹੀਆਂ ਸਨ। ਦੀਵਾਰ ਵਿਚਕਾਰ ਖੜ੍ਹੇ ਦੋ ਚੰਨ ਵਰਗੇ ਮੁੱਖੜੇ ਸੂਰਜ ਵਾਂਗ ਦਹਿਕ ਰਹੇ ਸਨ। ਉਨ੍ਹਾਂ ਦੇ ਚਿਹਰੇ 'ਤੇ ਕੋਈ ਇਲਾਹੀ ਨੂਰ ਡੁੱਲ੍ਹ ਡੁੱਲ੍ਹ ਪੈਂਦਾ ਸੀ। ਹਜ਼ਾਰਾਂ ਡਰੇ ਹੋਏ ਚਿਹਰਿਆਂ ਵਿਚ ਦੋ ਬਾਲ ਚਿਹਰਿਆਂ 'ਤੇ ਡਰ ਭੈਅ ਦਾ ਕੋਈ ਚਿੰਨ੍ਹ ਨਜ਼ਰੀ ਨਹੀਂ ਪੈ ਰਿਹਾ ਸੀ।

ਸਾਰੀ ਸਰਹੰਦ ਡਰੀ ਸਹਿਮੀ ਖਲੋ ਗਈ ਸੀ ਪਰ ਕੋਈ ਵੀ ਇਸ ਜ਼ੁਲਮ ਨੂੰ ਰੋਕਣ ਲਈ ਹਿੰਮਤ ਨਹੀਂ ਕਰ ਸਕਿਆ। ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਪਹਿਲਾਂ ਦੀਵਾਰਾਂ ਵਿਚ ਚਿਣਿਆ ਗਿਆ ਤੇ ਫਿਰ ਜਦੋਂ ਦੀਵਾਰ ਗਰਦਨਾਂ ਤੱਕ ਪਹੁੰਚੀ ਤਾਂ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ ਗਏ। ਪਾਪੀ ਵਜ਼ੀਦ ਖਾਨ ਨੇ ਜਦੋਂ ਇਹ ਪਾਪ ਕਮਾਇਆ ਤਦ ਕਹਿੰਦੇ ਹਨ-ਬਿਜਲੀ ਕੜਕੀ, ਬਦਲ ਫਟਿਆ ਤੇ ਫਿਰ ਆਕਾਸ਼ ਧਾਹਾਂ ਮਾਰ ਮਾਰ ਕੇ ਰੋਣ ਲੱਗਾ। ਸਾਹਿਬਜ਼ਾਦਿਆਂ ਦੀ ਸ਼ਹਾਦਤ ਹੀ ਸਰਹੰਦ ਦੀ ਤਬਾਹੀ ਦਾ ਕਾਰਨ ਬਣੀ।

"ਜੋਗੀ ਜੀ ਇਸ ਕੇ ਬਾਅਦ ਹੁਈ ਥੋੜ੍ਹੀ ਦੇਰ ਥੀ।
ਬਸਤੀ ਸਰਹੰਦ ਸ਼ਹਿਰ ਕੀ ਈਟੋਂ ਕਾ ਢੇਰ ਥੀ।"

ਅੰਮ੍ਰਿਤਸਰ ਟਾਈਮਜ਼ AMRITSAR TIMES

26 ਦਸੰਬਰ 2018 ਤੋਂ 01 ਜਨਵਰੀ 2019

# ਕਿੱਥੋਂ ਖੁੰਝ ਗਏ ਹਾਂ ਅਸੀਂ, ਕਿੱਥੋਂ ਠੇਡਾ ਖਾਧਾ

**- ਮਨਜੀਤ ਸਿੰਘ ਟਿਵਾਣਾ**

ਅਸੀਂ ਸਿੱਖ ਹਰ ਸਾਲ ਦਸੰਬਰ ਦੇ ਮਹੀਨੇ ਵਿਚ ਸਿੱਖ ਇਤਿਹਾਸ 'ਚ ਵਾਪਰੀਆਂ ਮਹਾਨ ਘਟਨਾਵਾਂ ਦੀ ਯਾਦ ਨੂੰ ਤਾਜ਼ਾ ਕਰਦੇ ਹਾਂ। ਇਨ੍ਹਾਂ ਯਾਦਾਂ ਵਿਚ ਚਮਕੌਰ ਦੀ ਕੱਚੀ ਗੜ੍ਹੀ ਵਿਚ ਵਿਸ਼ਵ ਇਤਿਹਾਸ 'ਚ ਲੜੀ ਗਈ ਇਕ ਅਸਾਵੀਂ ਜੰਗ 'ਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਫਤਿਹਗੜ੍ਹ ਸਾਹਿਬ (ਸਰਹਿੰਦ) ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਘਟਨਾਵਾਂ ਪ੍ਰਮੁੱਖ ਹਨ। ਇਸ ਮਹੀਨੇ ਸਿੱਖਾਂ ਦੇ ਮਹਾਨ ਇਤਿਹਾਸ ਦਾ ਉਹ ਦੌਰ ਸਾਡੀਆਂ ਰੂਹਾਂ ਨਾਲ ਖਹਿ ਕੇ ਗੁਜ਼ਰਦਾ ਹੈ। ਇਨ੍ਹਾਂ ਦਿਨਾਂ ਵਿਚ ਕਦੇ ਇਸ ਧਰਤੀ ਉਤੇ ਸਿੱਖ ਫਲਸਫੇ ਦਾ ਰੂਹਾਨੀ ਰੰਗ ਹਕੀਕਤ ਵਿਚ ਉਤਰਦਾ ਦੇਖਣ ਨੂੰ ਮਿਲਿਆ ਸੀ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਸੀਂ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਵਿਚ ਚਾਰੋਂ ਸਾਹਿਬਜ਼ਾਦਿਆਂ ਅਤੇ ਤਮਾਮ ਸਿੰਘ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਜੋੜ ਮੇਲੇ ਲਗਾਏ ਹਨ। ਸਿੱਖਾਂ ਵਿਚ ਰਵਾਇਤ ਚਲੀ ਆ ਰਹੀ ਹੈ ਕਿ ਕੌਮ ਨੇ ਹਰ ਦੁੱਖ ਅਤੇ ਸੁੱਖ ਦੀਆਂ ਘੜੀਆਂ ਵਿਚ ਜੋੜ-ਮੇਲਿਆਂ, ਗੁਰਪੁਰਬਾਂ ਸਮੇਤ ਹੋਰ ਇਤਿਹਾਸਕ ਦਿਹਾੜਿਆਂ ਨੂੰ ਪੰਥਕ ਇਕੱਠਾਂ ਦੇ ਰੂਪ ਵਿਚ ਸਮੇਂ ਮੁਤਾਬਕ ਸਿਆਸੀ, ਧਾਰਮਿਕ ਅਤੇ ਸਮਾਜਕ ਸੇਧਾਂ ਲੈਣ ਲਈ ਇਕ ਮੌਕੇ ਵਜੋਂ ਵਰਤਿਆ ਹੈ। ਇਸ ਵਾਰ ਦੇ ਜੋੜ ਮੇਲਿਆਂ ਨੂੰ ਇਸ ਨਜ਼ਰੀਏ ਤੋਂ ਦੇਖਦਿਆਂ ਕਹਿਣਾ ਮੁਨਾਸਿਬ ਹੋਵੇਗਾ ਕਿ ਜਮਹੂਰੀਅਤ ਦੇ ਇਸ ਯੁੱਗ ਵਿਚ ਇਨ੍ਹਾਂ ਮੌਕਿਆਂ ਉਤੇ ਸਮੁੱਚੀ ਸਿੱਖ ਕੌਮ ਨੂੰ ਇਹ ਸੋਚਣ ਦੀ ਅਤਿ ਲੋੜ ਹੈ ਕਿ ਮੌਜੂਦਾ ਸਿੱਖ ਲੀਡਰਸ਼ਿਪ ਦੇ ਖੇਰੂੰ-ਖੇਰੂੰ ਹੋਣ ਤੋਂ ਬਾਅਦ ਸਮੁੱਚੇ ਪੰਥ ਨੂੰ ਅੱਗੇ ਕੀ ਕਰਨਾ ਚਾਹੀਦਾ ਹੈ? ਆਪਣੇ ਸ਼ਾਨਾਮੱਤੇ ਇਤਿਹਾਸ ਦੀ ਲੋਅ ਵਿਚ ਅਸੀਂ ਕਿਹੜਾ ਰੁਖ ਅਖਤਿਆਰ ਕਰਨਾ ਹੈ ਕਿ ਸਾਡੇ ਉਤੇ ਥੋਪੀ ਗਈ ਝੂਠ ਤੇ ਦੰਭ ਦੀ ਰਾਜਨੀਤੀ ਨੂੰ ਲਾਂਭੇ ਕਰਕੇ ਕੌਮ ਦੀ ਹੋਣੀ ਨੂੰ ਸੰਵਾਰਿਆ ਜਾ ਸਕੇ। ਭਾਵੇਂ ਇਹ ਕਾਫੀ ਔਖਾ ਕਾਰਜ ਹੈ, ਕਿਉਂਕਿ ਬਦੀਆਂ ਅਤੇ ਨੇਕੀਆਂ ਦੇ ਇਸ ਦੌਰ ਵਿਚ ਆਪਣਿਆਂ ਅਤੇ ਪਰਾਇਆਂ ਦੀ ਪਛਾਣ ਕਰਨ ਵਿਚ ਸਮਰੱਥ ਜਾਗਦੀਆਂ ਰੂਹਾਂ ਵਾਲੇ ਇਨਸਾਨਾਂ ਦੀ ਭਾਰੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਸਾਡੇ ਚੇਤਿਆਂ ਵਿਚ ਘਰ ਕਰ ਗਏ ਇਨ੍ਹਾਂ ਉਦਾਸ ਕਰ ਦੇਣ ਵਾਲੇ ਹਨੇਰਿਆਂ ਨੂੰ ਛੰਡਣ ਲਈ ਸਾਨੂੰ ਸਿੱਖ ਇਤਿਹਾਸ ਵਿਚ ਵਿਦਮਾਨ ਰੂਹਾਨੀ ਸੱਚ ਨੂੰ ਆਪਣੇ ਧੁਰ ਅੰਦਰ ਤਕ ਉਤਾਰਨਾ ਹੋਵੇਗਾ।

ਇਸ ਮੌਕੇ ਪੰਜਾਬ ਦੀ ਧਰਤੀ ਦੇ ਲਹੂ ਰੰਗੇ ਇਤਿਹਾਸ ਦਾ ਇਕ ਸੁਨਹਿਰੀ ਵਰਕਾ ਪੋਹ ਦੀਆਂ ਠੰਢੀਆਂ ਯੱਖ ਰਾਤਾਂ ਵਿਚ ਅਜਬ ਕਿਸਮ ਦੀ ਵਿਸਮਾਦੀ ਉਦਾਸੀ ਦੇ ਰੰਗਾਂ ਵਿਚ ਡੁਬਡੁਬਾਈਆਂ ਘਟਨਾਵਾਂ ਨੂੰ ਬਿਆਨ ਕਰਦਾ ਹੈ। ਇਹ ਘਟਨਾਵਾਂ ਸਾਨੂੰ ਸੈਂਕੜੇ ਸਾਲਾਂ ਤੋਂ ਜ਼ੁਲਮ ਨਾਲ ਟਕਰਾਉਣ ਅਤੇ ਦੇਸ਼-ਕੌਮ ਉਤੇ ਆਪਾ ਵਾਰਨ ਦੀ ਜਾਗ ਲਾਉਂਦੀਆਂ ਆ ਰਹੀਆਂ ਹਨ। ਠੰਡ ਦੇ ਭਰ ਜੋਬਨ ਵਿਚ ਘਰਾਂ ਦੀਆਂ ਨੁੱਕਰਾਂ ਵਿਚ ਛਿਪ ਕੇ ਬੈਠੇ ਸਾਡੇ ਪੁਰਖੇ ਇਨ੍ਹਾਂ ਦਿਨਾਂ ਵਿਚ ਸੰਸਾਰ ਤਵਾਰੀਖ਼ ਨੂੰ ਕੰਬਣੀ ਛੇੜ ਦੇਣ ਵਾਲੀ ਚਮਕੌਰ ਦੀ ਜੰਗ ਅਤੇ ਸਰਹਿੰਦ ਦੀ ਦੀਵਾਰ ਵਿਚ ਸ਼ਹੀਦੀ ਗਾਨੇ ਬੰਨ੍ਹ ਕੇ ਖੜ੍ਹੇ ਨਿੱਕੇ ਬਾਬਿਆਂ ਦੀ ਲਲਕਾਰ ਸੁਣ ਕੇ ਧੁਰ ਅੰਦਰ ਤਕ ਲਰਜ਼ਦੇ ਰਹੇ ਹਨ। ਪਰ ਸ਼ਾਇਦ ਹੁਣ ਇੰਝ ਨਹੀਂ ਹੋ ਰਿਹਾ ਹੈ। ਚਮਕੌਰ ਦੀ ਮਿੱਟੀ ਦੇ ਜ਼ਰ੍ਹੇ-ਜ਼ਰ੍ਹੇ 'ਚੋਂ ਆ ਰਹੀ ਸ਼ਹੀਦਾਂ ਦੇ ਖ਼ੂਨ ਦੀ ਮਹਿਕ ਅਤੇ ਸਰਹਿੰਦ ਦੀ ਦੀਵਾਰ ਵਿਚ ਅਡੋਲ ਖੜ੍ਹੇ ਦੋ ਸੂਰਮਿਆਂ ਦੀ ਲਲਕਾਰ ਸ਼ਾਇਦ ਸਾਡੇ ਚੇਤਿਆਂ ਵਿਚ ਪਸਰੇ ਹਨੇਰਿਆਂ ਵਿਚ ਛੇਕ ਨਹੀਂ ਕਰਦੀ ਹੈ। ਸ਼ਾਇਦ ਅਸੀਂ ਗੁਰੂ ਤੋਂ ਬੇਮੁੱਖ ਹੋ ਗਏ ਹਾਂ ਅਤੇ ਇਹੋ ਸਾਡੀ ਧਰਤੀ, ਸਾਡੀ ਹਵਾ, ਸਾਡੇ ਪਾਣੀ ਅਤੇ ਸਾਡੀਆਂ ਰੂਹਾਂ ਦੇ ਸਰਾਪੇ ਜਾਣ ਦਾ ਕਾਰਨ ਬਣ ਗਿਆ ਹੈ। ਅਜੇ ਕੱਲ੍ਹ ਦੀਆਂ ਹੀ ਤਾਂ ਗੱਲਾਂ ਹਨ, ਜਦੋਂ ਸਾਡੇ ਘਰਾਂ ਵਿਚੋਂ ਸਿੱਖ ਗੱਭਰੂਆਂ, ਬੱਚਿਆਂ, ਤੀਵੀਆਂ ਅਤੇ ਬਜ਼ੁਰਗਾਂ ਦੀਆਂ ਢਾਣੀਆਂ ਇਹਨਾਂ ਮੁਬਾਰਕ ਦਿਹਾੜਿਆਂ ਉਤੇ ਚਮਕੌਰ ਤੇ ਫਤਹਿਗੜ੍ਹ ਸਾਹਿਬ ਦੀ ਧਰਤੀ ਨੂੰ ਨਤਮਸਤਕ ਹੋਣ ਅਤੇ ਜ਼ੁਲਮ ਦੀ ਕੰਧ ਨੂੰ ਲਾਹਨਤਾਂ ਪਾਉਣ ਲਈ ਵਹੀਰਾਂ ਘੱਤ ਕੇ ਆਉਂਦੀਆਂ ਸਨ। ਢਾਡੀ ਵਾਰਾਂ ਗਾਉਂਦੇ ਸਨ, ਸਿੱਖ ਲੀਡਰਸ਼ਿਪ ਇਨ੍ਹਾਂ ਜੋੜ-ਮੇਲਿਆਂ ਵਿਚੋਂ ਆਪਣਾ ਸਿਆਸੀ ਖਾਸਾ ਢੂੰਡਦੀ ਸੀ। ਪੰਜਾਬ ਦੇ ਲੋਕ ਸੰਸਾਰ ਤਵਾਰੀਖ 'ਚ ਵਾਪਰੇ ਇਸ ਅਨੂਠੇ ਸਾਕੇ ਦੀ ਯਾਦ ਨੂੰ ਦਿਲਾਂ ਵਿਚ ਸਮੋ ਕੇ ਜੀਵਨ ਪੈਂਡੇ ਦੇ ਬਿਖੜੇ ਰਾਹਾਂ ਵਿਚ ਵੀ ਅਡੋਲ ਤੁਰੇ ਜਾਂਦੇ ਸਨ। ਅੱਜ ਸਾਡੇ ਪੰਜਾਬ ਨੂੰ ਕੇਹੀ ਨਜ਼ਰ ਲੱਗੀ ਹੈ . ..ਕੇਹੀ 'ਵਾ ਵਗੀ ਹੈ ਕਿ ਜੋੜ ਮੇਲੇ ਤਾਂ ਲੱਗਦੇ ਹਨ ਪਰ ਉਸ ਸ਼ਾਨਾਮੱਤੇ ਇਤਿਹਾਸ ਦੀ ਲੋਅ ਮਾਂਦ ਪੈਂਦੀ ਜਾ ਰਹੀ ਹੈ।

ਅੱਜ ਸਾਡੇ ਗੱਭਰੂਆਂ ਨੂੰ ਨਸ਼ਿਆਂ ਦਾ ਘੁਣ ਖਾ ਰਿਹਾ ਹੈ। ਉਹ ਕਿਰਤ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਰਹੇ ਹਨ ਤੇ ਪਦਾਰਥਿਕ ਸੁੱਖਾਂ ਦੀ ਵਧ ਰਹੀ ਲਾਲਸਾ ਵਸ ਪੈ ਕੇ ਰੁਲਦੇ ਜਾ ਰਹੇ ਹਨ। ਅੱਜ ਸਾਡੇ ਰਾਜ ਦਾ ਨਾਮ ਕੁੜੀਮਾਰਾਂ ਦੇ ਮਾਮਲੇ ਵਿਚ ਦੂਜੇ ਕਿੰਨੇ ਹੀ ਰਾਜਾਂ ਤੋਂ ਉਤੇ ਆ ਰਿਹਾ ਹੈ। ਇਹ ਸਭ ਅਣਹੋਣੀਆਂ ਉਸ ਧਰਤੀ ਉਤੇ ਵਾਪਰ ਰਹੀਆਂ ਹਨ, ਜਿੱਥੇ ਕਦੇ ਗੁਰੂ ਪਿਤਾ ਨੇ ਕੁੜੀਮਾਰਾਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਲਈ ਖਾਲਸੇ ਨੂੰ ਹੁਕਮਨਾਮਾ ਜਾਰੀ ਕੀਤਾ ਸੀ। ਢਾਡੀ ਅੱਜ ਵੀ ਵਾਰਾਂ ਤਾਂ ਗਾਉਂਦੇ ਹਨ ਪਰ ਉਨ੍ਹਾਂ ਨੂੰ ਸੁਣ ਕੇ ਸਾਡੇ ਗੱਭਰੂਆਂ ਦੇ ਡੌਲੇ ਨਹੀਂ ਫਰਕਦੇ, ਮਾਵਾਂ ਦੀਆਂ ਅੱਖਾਂ ਨਹੀਂ ਭਰ ਆਉਂਦੀਆਂ ਅਤੇ ਬਜ਼ੁਰਗਾਂ ਦੇ ਚਿਹਰਿਆਂ ਉਤੇ ਅਗੰਮੀ ਨੂਰ ਨਹੀਂ ਡਲਕਦਾ। ਹੁਣ ਵੀ ਲੀਡਰਸ਼ਿਪ ਇਨ੍ਹਾਂ ਜੋੜ ਮੇਲਿਆਂ ਉਤੇ ਕਾਨਫਰੰਸਾਂ ਕਰਦੀ ਹੈ ਪਰ ਉਨ੍ਹਾਂ ਦੇ ਬੋਲਾਂ ਵਿਚੋਂ ਸੱਚ ਨਹੀਂ ਝਲਕਦਾ, ਉਨ੍ਹਾਂ ਦੀ ਕੋਈ ਲਲਕਾਰ ਦਿੱਲੀ ਦੀਆਂ ਨੀਂਦਰਾਂ ਵਿਚ ਖਲਲ ਨਹੀਂ ਪਾਉਂਦੀ। ਉਹ ਸਟੇਜਾਂ ਉਤੇ ਖੜ੍ਹੇ ਪੰਥ ਦੇ ਵਾਰਿਸ ਨਹੀਂ ਲੱਗਦੇ, ਉਨ੍ਹਾਂ ਦੀਆਂ ਕੂੜ ਕਹਾਣੀਆਂ ਵਿਚੋਂ ਪੁੱਤਰ ਮੋਹ, ਸੱਤਾ ਦੀ ਭੁੱਖ ਅਤੇ ਗਦਾਰੀਆਂ ਦੀ ਬੋਅ ਆਉਂਦੀ ਹੈ। ਸਾਡੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਕਥਿਤ ਰਹਿਨੁਮਾ ਨਸ਼ਿਆਂ ਤੇ ਕਤਲਾਂ ਵਰਗੇ ਕੇਸਾਂ ਵਿਚ ਸਜ਼ਾਵਾਂ ਭੁਗਤ ਰਹੇ ਹਨ। ਗੁਰੂ ਘਰਾਂ ਦੇ ਗ੍ਰੰਥੀ ਸ਼ਰਾਬ ਪੀਂਦੇ ਫੜੇ ਜਾਂਦੇ ਹਨ, ਪੰਥ ਦੇ ਲੀਡਰ ਅਖਵਾਉਣ ਵਾਲੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਜੇਲ੍ਹ ਯਾਤਰਾਵਾਂ ਕਰ ਰਹੇ ਹਨ। ਇਸ ਮੌਕੇ ਆਓ ਸਾਰੇ ਰਲ ਕੇ ਗੁਰੂ ਦਸਮੇਸ਼ ਪਿਤਾ ਅੱਗੇ ਅਰਦਾਸ ਕਰੀਏ ਕਿ ਅਸੀਂ ਜੋ ਗੁਰੂ ਤੋਂ ਬੇਮੁੱਖ ਹੋਏ ਹਾਂ, ਮੁੜ ਆਪਣੇ ਘਰ ਪਰਤ ਆਈਏ। ਸ਼ਾਇਦ ਇਤਿਹਾਸ ਇਕ ਵਾਰ ਫਿਰ ਸਾਡੇ ਬੇਦਾਵਿਆਂ ਨੂੰ ਪਾੜ ਸੁੱਟੇ ਤੇ ਕੌਮ ਦੀ ਟੁੱਟੀ ਗੰਢੀ ਜਾਵੇ।

# ਨਿੱਕੀਆਂ ਜਿੰਦਾਂ ਦਾ ਮਹਾਨ ਸਾਕਾ




**ਗਿਆਨੀ ਜੀਵਨ ਸਿੰਘ ਮੱਲਮਾਜਰਾ**

ਸੰਸਾਰ ਦੇ ਇਤਿਹਾਸ ਵਿਚ ਕਲਗੀਧਰ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਵਰਗੀ ਹੋਰ ਕੋਈ ਘਟਨਾ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲ ਜਰਨੈਲ ਨੇ ਕੁਰਾਨ ਦੀ ਅਤੇ ਪਹਾੜੀ ਰਾਜਿਆਂ ਨੇ ਗੀਤਾ ਦੀ ਕਸਮ ਖਾ ਕੇ ਆਖਿਆ ਸੀ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡ ਜਾਣ ਤਾਂ ਉਹਨਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ।

ਕਿਲ੍ਹਿਆਂ ਦੇ ਅੰਦਰਲੇ ਹਾਲਾਤ ਅਤੇ ਨਗਰ ਵਾਸੀਆਂ ਦੀਆਂ ਬੇਨਤੀਆਂ ਨੂੰ ਮੁੱਖ ਰੱਖਦੇ ਹੋਏ ਗੁਰੂ ਸਾਹਿਬ ਨੇ ਸੰਨ 1704 ਦਸੰਬਰ ਦੀ 20/21 ਤਾਰੀਖ ਦੀ ਵਿਚਕਾਰਲੀ ਬਰਫਾਨੀ ਰਾਤ ਨੂੰ ਡੇਢ ਹਜ਼ਾਰ ਘੋੜਸਵਾਰ ਤੇ ਪੈਦਲ ਸਿੰਘਾਂ ਨਾਲ ਗੁਰੂ ਪਰਿਵਾਰ ਸਮੇਤ ਅਨੰਦਪੁਰੀ ਨੂੰ ਛੱਡਕੇ ਕੀਰਤਪੁਰ ਵੱਲ ਨੂੰ ਚਾਲੇ ਪਾ ਦਿੱਤੇ। ਸਰਸਾ ਨਦੀ ਤਕ ਪੁੱਜਣ ਤੋਂ ਪਹਿਲਾਂ ਹੀ ਲੱਖਾਂ ਮੁਗਲ ਤੇ ਪਹਾੜੀ ਫੌਜਾਂ ਨੇ ਖਾਧੀਆਂ ਕਸਮਾਂ ਦੇ ਉਲਟ ਸਿੰਘਾਂ ਦੀ ਵਹੀਰ ਉਤੇ ਹੱਲਾ ਬੋਲ ਦਿੱਤਾ।

ਕੁਝ ਸਮੇਂ ਲਈ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਂਡ ਹੇਠ ਸਿੰਘਾਂ ਨੇ ਦੁਸ਼ਮਣ ਫੌਜਾਂ ਨੂੰ ਰੋਕੀ ਰੱਖਿਆ। ਇਸ ਯੁੱਧ ਵਿਚ ਭਾਈ ਉਦੈ ਸਿੰਘ ਤੇ ਭਾਈ ਜੀਵਨ ਸਿੰਘ ਰੰਘਰੇਟੇ ਅਤੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਨਿਤਨੇਮ ਕਰਨ ਉਪਰੰਤ ਗੁਰੂ ਜੀ ਸਮੇਤ ਸਿੰਘਾਂ ਨੇ ਆਪਣੇ ਘੋੜੇ ਸ਼ੂਕਦੀ ਨਦੀ ਵਿਚ ਠੇਲ੍ਹ ਦਿੱਤੇ। ਬਹੁਤ ਸਾਰੇ ਸਿੰਘ ਅਤੇ ਧਾਰਮਿਕ ਗ੍ਰੰਥ ਸਰਸਾ ਨਦੀ ਦੀ ਭੇਟ ਚੜ੍ਹ ਗਏ। ਗੁਰੂ ਗੋਬਿੰਦ ਸਿੰਘ ਜੀ, ਪੰਜ ਪਿਆਰੇ, ਦੋਵੇਂ ਸਾਹਿਬਜ਼ਾਦੇ ਤੇ ਡੇਢ ਕੁ ਸੌ ਘੋੜ ਸਵਾਰ ਸਰਸਾ ਪਾਰ ਕਰਕੇ ਇਕ ਜਥੇ ਦੇ ਰੂਪ ਵਿਚ ਇਕੱਠੇ ਹੋ ਕੇ ਰੋਪੜ ਵੱਲ ਨੂੰ ਹੋ ਤੁਰੇ। ਗੁਰੂ ਸਾਹਿਬ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ।ਭਾਈ ਮਨੀ ਸਿੰਘ ਜੀ ਦੇ ਜਥੇ ਵਿਚ ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ, ਦੋ ਟਹਿਲਣਾਂ ਅਤੇ ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਜੋ ਦਿੱਲੀ ਦੇ ਰਹਿਣ ਵਾਲੇ ਸਨ, ਸਰਸਾ ਪਾਰ ਕਰਕੇ ਦਿੱਲੀ ਨੂੰ ਹੋ ਤੁਰੇ। ਮਾਤਾ ਗੁਜਰੀ ਜੀ ਨਾਲ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਸਰਸਾ ਪਾਰ ਕਰਦੇ ਵਹੀਰ ਨਾਲੋਂ ਵਿਛੜ ਗਏ। ਇਹਨਾਂ ਨੂੰ ਗੰਗਾ ਰਾਮ ਬ੍ਰਾਹਮਣ ਮਿਲ ਗਿਆ ਜੋ ਗੁਰੂ ਘਰ ਦਾ ਟਹਿਲੂਣੀਆ ਅਤੇ ਸਹੇੜੀ ਦਾ ਰਹਿਣ ਵਾਲਾ ਸੀ। ਕਵੀ ਦੂਨਾ ਸਿੰਘ ਹੰਡੂਰੀਆ ਆਪਣੀ ਹੱਥ ਲਿਖਤ ਕਥਾ 'ਗੁਰੂ ਸੁਤਲਕੀ' ਵਿਚ ਲਿਖਦਾ ਹੈ ਕਿ ਪਰਿਵਾਰ ਵਿਛੜਨ ਸਮੇਂ ਮੈਂ ਖੁਦ ਮਾਤਾ ਜੀ ਤੇ ਸਾਹਿਬਜ਼ਾਦਿਆਂ ਨਾਲ ਸੀ। ਕਵੀ ਅਨੁਸਾਰ :

"ਸ੍ਰੀ ਫਤਿਹ ਸਿੰਘ ਜ਼ੋਰਾਵਰ ਸਿੰਘ ਬਹੁਰ ਮਾਤਾ ਜੀਤਨੰ<br>ਦੂਨਾ ਸਿੰਘ ਤਖਾਣ ਸਿੱਖ ਹੰਡੂਰ ਵਾਸੀ ਤਾ ਗੰਨੂੰ ॥<br>ਸਭ ਏਕ ਦਾਸੀ ਦਾਸੀ ਪੰਜ ਥੇ ਚਮਕੌਰ ਤੇ ਦੈ ਹਟੈ,<br>ਦੂਨਾ ਸਿੰਘ ਜੋ ਇੱਕ ਦਾਸੀ ਤਿਸੀ ਭਾਜੜ ਮੈਂ ਸਟੈ ॥"

ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਨਾਲ ਚਮਕੌਰ ਨੂੰ ਜਾਣਾ ਚਾਹੁੰਦੇ ਸਨ ਐਪਰ ਨਾਲ ਅਸਬਾਬ ਨਾਲ ਭਰੀ ਖੁਰਜੀ ਵੇਖ ਕੇ ਗੰਗੂ ਬ੍ਰਾਹਮਣ ਦੀ ਨੀਅਤ ਫਿਟ ਗਈ। ਉਸ ਨੇ ਆਪਣੇ ਪਿੰਡ ਸਹੇੜੀ(ਖੇੜੀ) ਨੂੰ ਚੱਲਣ ਲਈ ਕਿਹਾ। ਪਿੰਡ ਸਹੇੜੀ ਲਿਜਾ ਕੇ ਉਸ ਨੇ ਮਾਤਾ ਜੀ ਤੇ ਗੁਰੂ ਸੁਤਾਂ ਨੂੰ ਬਹੁਤ ਘਟੀਆ ਭੋਜਨ ਛਕਣ ਨੂੰ ਦਿੱਤਾ। ਅੱਧੀ ਰਾਤ ਅਸ਼ਰਫੀਆਂ ਵਾਲੀ ਖੁਰਜੀ ਚੁਰਾ ਕੇ ਦੂਰ ਟੋਏ ਵਿਚ ਗੱਡ ਦਿੱਤੀ। ਸਵੇਰੇ ਜਦੋਂ ਮਾਤਾ ਜੀ ਨੇ ਗੰਗੂ ਨੂੰ ਪੁੱਛਿਆ ਕਿ ਜੇਕਰ ਮਾਇਆ ਦੀ ਲੋੜ ਸੀ ਤਾਂ ਮੰਗ ਕੇ ਲੈ ਲੈਂਦਾ, ਚੋਰੀ ਕਰਨ ਵਾਲਾ ਬੁਰਾ ਕੰਮ ਕਿਉਂ ਕੀਤਾ? ਮਾਤਾ ਜੀ ਦੀ ਇਹ ਗੱਲ ਸੁਣ ਕੇ ਗੰਗੂ ਲੋਹਾ ਲਾਖਾ ਹੋ ਕੇ ਕਹਿਣ ਲੱਗਾ ਕਿ ਇਕ ਤਾਂ ਮੈਂ ਹਕੂਮਤ ਦੇ ਬਾਗੀਆਂ ਨੂੰ ਆਪਣੇ ਘਰ ਪਨਾਹ ਦਿੱਤੀ ਹੈ। ਦੂਜੇ ਤੁਸੀਂ ਮੇਰੇ ਉਪਰ ਚੋਰੀ ਦੀ ਤੋਹਮਤ ਲਗਾ ਰਹੇ ਹੋ। ਨਮਕ ਹਰਾਮੀ ਗੰਗੂ ਗੁਰੂ ਘਰ ਦਾ 20/21 ਸਾਲ ਨਮਕ ਖਾ ਕੇ"ਇਕ ਚੋਰ-ਦੂਜਾ ਚਤਰ" ਵਾਲਾ ਡਰਾਮਾ ਕਰ ਰਿਹਾ ਸੀ। ਉਸ ਨੇ ਮਾਇਆ ਦੇ ਲਾਲਚ ਵਿਚ ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ ਮੋਰਿੰਡੇ ਜਾ ਕੇ ਥਾਣੇ ਦੱਸਿਆ ਕਿ ਮਾਤਾ ਗੁਜਰੀ ਅਤੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਜ਼ਾਦੇ ਮੇਰੇ ਕਬਜ਼ੇ ਵਿਚ ਪਿੰਡ ਵਿਚ ਹਨ। ਆਪ ਉਹਨਾਂ ਨੂੰ ਪਕੜਾਉਣ ਬਦਲੇ ਰੱਖਿਆ ਇਨਾਮ ਦੇ ਦੇਵੋ। ਤੁਰੰਤ ਮੋਰਿੰਡੇ ਦੇ ਥਾਣੇਦਾਰ ਜਾਨੀ ਖਾਂ ਮਾਨੀ ਖਾਂ ਨੇ ਸਹੇੜੀ ਜਾ ਕੇ ਬਿਰਧ ਮਾਤਾ ਗੁਜਰੀ ਤੇ ਗੁਰੂ ਜੀ ਦੇ ਨਿੱਕੇ ਲਾਲਾਂ ਨੂੰ ਗ੍ਰਿਫਤਾਰ ਕਰਕੇ ਸੂਬਾ ਸਰਹਿੰਦ ਵਜੀਰ ਖਾਂ ਦੇ ਪਾਸ ਭੇਜ ਦਿੱਤਾ, ਜਿਥੇ ਉਹਨਾਂ ਨੂੰ ਸਿਆਲਾਂ ਦੀ ਬਰਫ ਵਰਗੀ ਠੰਡੀ ਰਾਤ ਨੂੰ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ। ਠੰਡੇ ਬੁਰਜ ਵਿਚ ਬੈਠੀ ਮਾਤਾ ਗੁਜਰੀ ਅਕਾਲ ਪੁਰਖ ਨੂੰ ਧਿਆਉਂਦੀ ਰਹੀ। ਕਵੀ ਦੂਨਾ ਸਿੰਘ ਮੋਰਿੰਡੇ ਦੇ ਥਾਣੇਦਾਰ ਵਲੋਂ ਗੁਰੂ ਪਰਿਵਾਰ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਘੱਲਣ ਦਾ ਬਿਰਤਾਂਤ ਇਉਂ ਲਿਖਦਾ ਹੈ ਕਿ ਸਾਹਿਬਜ਼ਾਦਿਆਂ ਨੂੰ ਬੋਰੀਆਂ ਵਿਚ ਬੰਨ੍ਹਕੇ ਘੋੜੇ ਉਪਰ ਲੱਦਿਆ ਗਿਆ ਅਤੇ ਮਾਤਾ ਜੀ ਨੂੰ ਇੱਕ ਘੋੜੇ ਉੱਪਰ ਬੰਨ੍ਹਿਆ ਗਿਆ। ਕਵੀ ਅਨੁਸਾਰ : "ਫਿਰ ਫੜੇ ਸਿੰਘ ਜੋਰਾਵਰ ਸਿੰਘ ਤਹਿ ਪਾਇ ਬੋਰੀ ਮੇ ਲੀਏ। ਉਪਰ ਤੁ ਘੋੜੇ ਲੱਦ ਕੇ ਬਹੁਰ ਆਗੇ ਕਰ ਲੀਏ॥ (ਕਥਾ ਗੁਰ ਸੰਤ ਕੀ)।"

ਬੰਦੀ ਖਾਨੇ ਵਿਚ ਦਾਦੀ ਮਾਂ ਸਾਹਿਬਜ਼ਾਦਿਆਂ ਨੂੰ ਜਗਾ ਕੇ ਸਮਝਾਉਣ ਲੱਗੀ "ਪਤਾ ਜੇ ਤੁਸੀਂ ਉਸ ਗੋਬਿੰਦ ਸਿੰਘ ਸ਼ੇਰ ਗੁਰੂ ਦੇ ਸਪੁੱਤਰ ਹੋ, ਜਿਸ ਜਾਲਮਾਂ ਤੋਂ ਕਦੀ ਈਨ ਨਹੀਂ ਮੰਨੀ।ਧਰਮ ਦੀ ਆਨ ਤੇ ਸ਼ਾਨ ਬਦਲੇ ਆਪਣਾ ਸਭ ਕੁਝ ਦਾਅ ਤੇ ਲਾ ਦਿੱਤਾ, ਧਰਮ ਬਦਲੇ ਆਪਣੇ ਪੂਜਨੀਕ ਪਿਤਾ ਨੂੰ ਸ਼ਹੀਦ ਕਰਵਾਉਣਾ ਮੰਨ ਲਿਆ। ਦੇਖਿਓ ਕਿਤੇ ਵਜ਼ੀਰ ਖਾਂ ਦੇ ਦਿੱਤੇ ਲਾਲਚ ਡਰਾਵੇ ਕਾਰਨ ਧਰਮ ਵਲੋਂ ਕਮਜ਼ੋਰੀ ਨਾ ਦਿਖਾ ਬਹਿਣਾ। ਆਪਣੇ ਪਿਤਾ ਦੀ ਸ਼ਾਨ ਨੂੰ ਜਾਨਾਂ ਵਾਰ ਕੇ ਵੀ ਕਾਇਮ ਰੱਖਣਾ।"

ਸਾਹਿਬਜ਼ਾਦਿਆਂ ਨੇ ਉਤਰ ਵਿਚ ਕਿਹਾ, "ਮਾਤਾ ਜੀ, ਸਾਡੇ ਵਰਗਾ ਖੁਸ਼ ਕਿਸਮਤ ਕੌਣ ਹੋਵੇਗਾ ਜੇ ਸਾਡਾ ਸੀਸ ਧਰਮ ਹੇਤ ਲੱਗ ਜਾਵੇ;

ਧੰਨ ਭਾਗ ਹੰਮ ਕੇ ਹੈ ਮਾਈ।<br>ਧਰਮ ਹੇਤਿ ਤਨ ਜੇਕਰ ਜਾਈ॥

ਜਿਸ ਸਮੇਂ ਵਜ਼ੀਰ ਖਾਂ ਦੇ ਸਿਪਾਹੀ ਦੋਹਾਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਲਿਜਾਣ ਲਈ ਆਏ ਤਾਂ ਉਹਨਾਂ ਨੂੰ ਕੇਸਰੀ ਬਸਤਰ ਪਹਿਨਾ ਕੇ ਤਿਆਰ ਕਰ ਕੇ ਪਿਆਰ ਸਹਿਤ ਥਾਪੜਾ ਦੇ ਕੇ ਸਿਪਾਹੀਆਂ ਨਾਲ ਘੱਲ ਦਿੱਤਾ। ਕਚਹਿਰੀ ਵਿਚ ਨਵਾਬ ਵਜ਼ੀਰ ਖਾਨ ਦੇ ਨਾਲ ਹੋਰ ਵੀ ਵੱਡੇ-ਵੱਡੇ ਦਰਬਾਰੀ ਬੈਠੇ ਹੋਏ ਸਨ। ਦੋਵੇਂ ਗੁਰੂ ਕੇ ਲਾਲਾਂ ਨੇ ਦਰਬਾਰ ਵਿਚ ਜਾਂਦਿਆਂ ਹੀ ਗੱਜਕੇ ਕਿਹਾ;

ਵਾਹਿਗੁਰੂ ਜੀ ਕਾ ਖਾਲਸਾ।।<br>ਵਾਹਿਗੁਰੂ ਜੀ ਕੀ ਫਤਿਹ।।

ਸਾਹਿਬਜ਼ਾਦਿਆਂ ਦੇ ਨਿਰਭੈ ਹੋ ਕੇ ਗਜਾਏ ਫਤਿਹ ਦੇ ਜੈਕਾਰੇ ਨੂੰ ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਦੀਵਾਨ ਸੁੱਚਾ ਨੰਦ (ਜਿਸ ਨੂੰ ਖਾਲਸਾ ਝੂਠਾ ਨੰਦ ਮੰਨਦਾ ਹੈ) ਨੇ ਕਿਹਾ ਕਿ ਉਇ ਬੱਚਿਓ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ। ਸਾਹਿਬਜ਼ਾਦਿਆਂ ਉਤਰ ਦਿੱਤਾ, "ਅਸੀਂ ਗੁਰੂ ਅਤੇ ਰੱਬ ਤੋਂ ਛੁੱਟ ਕਿਸੇ ਅੱਗੇ ਸੀਸ ਨਹੀਂ ਨਿਵਾਉਂਦੇ। ਇਹੀ ਸਿੱਖਿਆ ਸਾਨੂੰ ਸਾਡੇ ਪਿਤਾ ਗੁਰੂ ਜੀ ਨੇ ਦਿੱਤੀ ਹੈ।" ਸੂਬੇਦਾਰ ਬੱਚਿਆਂ ਨੂੰ ਸਮਝਾਉਣ ਲੱਗਿਆ ਕਿ ਤੁਹਾਡੇ ਪਿਤਾ ਤੇ ਦੋਵੇਂ ਵੱਡੇ ਵੀਰ ਮਾਰ ਦਿੱਤੇ ਹਨ, ਤੁਸੀਂ ਸਿੱਖੀ ਤੋਂ ਕੀ ਲੈਣਾ ਹੈ। ਸਿੱਖ ਧਰਮ ਨੂੰ ਤਾਂ ਅਸੀਂ ਮੂਲੋਂ ਹੀ ਖਤਮ ਕਰ ਦੇਣਾ ਹੈ, ਤੁਸੀਂ ਇਸਲਾਮ ਧਰਮ ਨੂੰ ਕਬੂਲ ਕਰ ਲਵੋ। ਜੇਕਰ ਮੁਸਲਮਾਨ ਬਣਨਾ ਕਬੂਲ ਨਹੀਂ ਕਰੋਗੇ ਤਾਂ ਕਸ਼ਟ ਦੇ-ਦੇ ਕੇ ਮਾਰ ਦਿੱਤੇ ਜਾਉਗੇ। ਤੁਹਾਡੇ ਸਰੀਰਾਂ ਦੇ ਟੁਕੜੇ-ਟੁਕੜੇ ਕਰ ਦਿੱਤੇ ਜਾਣਗੇ। ਦੋਵੇਂ ਸਾਹਿਬਜ਼ਾਦਿਆਂ ਗਰਜ ਕੇ ਉਤਰ ਦਿੱਤਾ, "ਉਇ ਸੂਬਿਆ! ਸਾਨੂੰ ਸਿੱਖੀ ਜਾਨ ਨਾਲੋਂ ਪਿਆਰੀ ਹੈ। ਦੁਨੀਆ ਦਾ ਕੋਈ ਲਾਲਚ ਸਾਨੂੰ ਸਿੱਖੀ ਸਿਦਕ ਤੋਂ ਡੁਲਾ ਨਹੀਂ ਸਕਦਾ। ਅਸੀਂ ਦਸਮੇਸ਼ ਪਿਤਾ ਦੇ ਸ਼ੇਰ ਬੱਚੇ ਹਾਂ ਅਤੇ ਕਿਸੇ ਪਾਸੋਂ ਡਰਦੇ ਨਹੀਂ, ਅਸੀਂ ਉਸ ਦਾਦੇ ਦੇ ਪੋਤੇ ਹਾਂ ਜਿਸ ਨੇ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਪਰ ਧਰਮ ਨਹੀਂ ਹਾਰਿਆ।" ਸੱਤ ਸਾਲ ਤੇ ਨੌਂ ਸਾਲ ਦੇ ਛੋਟੇ ਬੱਚਿਆਂ ਦੇ ਬਹਾਦਰਾਂ ਵਾਲੇ ਬਚਨ ਸੁਣ ਕੇ ਦਰਬਾਰ ਵਿਚ ਚੁੱਪ ਵਰਤ ਗਈ। ਪਾਪੀ ਸੁੱਚਾ ਨੰਦ ਨਵਾਬ ਵਜ਼ੀਰ ਖਾਨ ਨੂੰ ਭੜਕਾਉਣ ਖਾਤਰ ਬੋਲ ਉੱਠਿਆ ਕਿ ਇੰਨੀ ਛੋਟੀ ਉਮਰ ਵਿਚ ਇਹ ਦਰਬਾਰ ਵਿਚ ਐਨੀ ਅੱਗ ਉਗਲ ਰਹੇ ਹਨ ਤਾਂ ਵੱਡੇ ਹੋ ਕੇ ਹਕੂਮਤ ਲਈ ਵਖਤ ਪਾ ਦੇਣਗੇ। ਇਹਨਾਂ ਦਾ ਤਾਂ ਹੁਣੇ ਹੀ ਮੱਕੂ ਠੱਪ ਦੇਣਾ ਚਾਹੀਦਾ ਹੈ। ਸੂਬਾ ਸਰਹਿੰਦ ਬੱਚਿਆਂ ਨੂੰ ਮਾਰਨ ਦੀ ਥਾਂ ਇਸਲਾਮ 'ਚ ਲਿਆਉਣਾ ਲੋਚਦਾ ਸੀ। ਉਹ ਜਗਤ ਨੂੰ ਦੱਸਣਾ ਚਾਹੁੰਦਾ ਸੀ ਕਿ ਗੁਰੂ ਦੇ ਪੁੱਤਰਾਂ ਨੇ ਸਿੱਖੀ ਤੋਂ ਇਸਲਾਮ ਨੂੰ ਚੰਗਾ ਜਾਣਿਆ। ਬੱਚਿਆਂ ਨੂੰ ਦਾਦੀ ਨਾਲ ਸਲਾਹ ਕਰਨ ਖਾਤਰ ਕਚਹਿਰੀ ਅਗਲੇ ਦਿਨ ਲਈ ਉੱਠ ਗਈ। ਸਿਪਾਹੀ ਦੋਵੇਂ ਬੱਚਿਆਂ ਨੂੰ ਮਾਤਾ ਗੁਜਰੀ ਜੀ ਪਾਸ ਵਾਪਸ ਲੈ ਆਏ। ਗੁਰੂ

ਬਾਕੀ ਸਫ਼ਾ 32 'ਤੇ

# ਸਿੱਖ ਧਰਮ ਦੀ ਬੁਨਿਆਦ 'ਚ ਸ਼ਹਾਦਤ ਦਾ ਸੰਕਲਪ

ਡਾ. ਬਲਵਿੰਦਰ ਸਿੰਘ ਥਿੰਦ
ਮੋਬਾਈਲ ਨੰਬਰ 9417606572
Email: thindbsingh@gmail.com



ਨੈਤਿਕ ਕਦਰਾਂ-ਕੀਮਤਾਂ, ਇਖਲਾਕ, ਸਚਿਆਰ, ਸਦਾਚਾਰ 'ਤੇ ਉਸਰੇ ਮਾਡਲ ਨੂੰ ਧਰਮ ਕਿਹਾ ਜਾਂਦਾ ਹੈ ਅਤੇ ਇਹ ਗੁਣ ਸਿੱਖ ਧਰਮ ਦੀ ਬੁਨਿਆਦ ਹਨ। ਅਸਲ ਵਿਚ ਸਿੱਖ ਧਰਮ ਜਿੱਥੇ ਪ੍ਰਯੋਗੀ ਹੋਣ ਕਰਕੇ ਬਾਹਰਮੁਖੀ ਹੈ ਉਥੇ ਸਿਧਾਂਤਕ ਹੋਣ ਕਰਕੇ ਅੰਤਰਮੁਖੀ ਵਧੇਰੇ ਹੈ। ਅੰਤਰ ਮਨ 'ਚ ਵਸੇ ਅਕਾਲ ਪੁਰਖ ਅਤੇ ਮੌਤ ਨਾਲ ਸਿੱਖ ਦੀ ਯਥਾਰਥਕ ਸਾਂਝ ਹੈ। ਇਹੀ ਕਾਰਨ ਹੈ ਕਿ ਸਿੱਖ ਜ਼ਿੰਦਗੀ ਅਤੇ ਮੌਤ ਨੂੰ ਇਕ ਹੀ ਸਿੱਕੇ ਦੇ ਦੋ ਪਾਸੇ ਸਮਝ ਕੇ ਸਮਸਰਿ ਜਾਣਦਾ ਹੈ।

ਮੌਤ ਦੀ ਅਟੱਲ ਸੱਚਾਈ ਨੂੰ ਰੋਕਣਾ ਅੱਜ ਤੱਕ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੋ ਸਕਿਆ, ਭਾਵੇਂ ਅਜੋਕੇ ਸਮੇਂ ਵਿਗਿਆਨ ਤੇ ਤਕਨੀਕ ਨੇ ਬੇਸ਼ੁਮਾਰ ਤਰੱਕੀ ਕਰ ਲਈ ਹੈ ਅਤੇ ਨਾ ਹੀ ਇਸਦੇ ਰਹੱਸ ਨੂੰ ਪਾਇਆ ਜਾ ਸਕਿਆ ਹੈ। ਪਰ ਇਸਦੇ ਉਲਟ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਵਿਚ ਅਣਖ, ਸੱਚ, ਸਵੈਮਾਨ, ਇਖਲਾਕ ਦੇ ਰਸਤੇ 'ਤੇ ਚਲਦਿਆਂ ਜ਼ੁਲਮ ਦੇ ਘੋਲ ਵਿਚ ਨਹੀਂ ਘੁਲਦੇ ਬਲਕਿ ਉਸ ਕੁਦਰਤੀ ਮੌਤ ਦੀ ਉਡੀਕ ਨਾ ਕਰਦਿਆਂ ਮੌਤ ਨੂੰ ਆਪ ਗਲੇ ਜਾ ਮਿਲਦੇ ਹਨ। ਅਜਿਹੇ ਲੋਕਾਂ ਨੂੰ ਸਬੰਧਿਤ ਕੌਮ ਦੇ ਇਤਿਹਾਸ ਵਿਚ 'ਸ਼ਹੀਦ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਸ ਦੀ ਕੁਰਬਾਨੀ ਨੂੰ 'ਸ਼ਹਾਦਤ' ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। 'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦੇ ਅਰਥ ਹਨ: 'ਖ਼ੁਦਾ ਦੇ ਰਾਹ 'ਤੇ ਮਾਰਿਆ ਜਾਣ ਵਾਲਾ ਗਵਾਹ, ਸਾਖੀ, ਸ਼ਹਾਦੀ ਭਰਨ ਵਾਲਾ।' ਇਸ ਤਰ੍ਹਾਂ 'ਸ਼ਹੀਦ' ਆਪਣੀ 'ਸ਼ਹਾਦਤ' ਦੇ ਕੇ ਆਪਣੇ ਅਕੀਦੇ ਦੀ ਗਵਾਹੀ ਦਾ ਸਬੂਤ ਖ਼ੁਦ ਦਿੰਦਾ ਹੈ।

ਬੁਜ਼ਦਿਲੀ ਦੀ ਮੌਤ ਦੇਸ਼, ਕੌਮ ਤੇ ਸਮਾਜ ਲਈ ਭਾਰੂ ਹੁੰਦੀ ਹੈ; ਜਦੋਂ ਕਿ ਸ਼ਹੀਦ ਦੀ ਬਹਾਦਰੀ ਭਰੀ ਮੌਤ ਆਪਣੇ ਪਿੱਛੇ ਸੁਨਹਿਰਾ ਇਤਿਹਾਸ, ਸੂਰਬੀਰਤਾ ਦੀ ਜਾਗ ਅਤੇ ਸਦਾ ਚੜ੍ਹਦੀਕਲਾ ਦਾ ਸੁਨੇਹਾ ਦੇ ਕੇ ਅਮਰ ਹੋ ਜਾਂਦੀ ਹੈ। ਅਜਿਹੀ ਮੌਤ ਹੀ ਕਿਸੇ ਮਨੁੱਖ ਨੂੰ ਲੋਕ/ਪਰਲੋਕ ਵਿਚ ਇੱਜ਼ਤ ਦਾ ਹੱਕਦਾਰ ਬਣਾਉਂਦੀ ਹੈ। ਸ਼ਹੀਦ ਦੇ ਪੈਰੋਕਾਰਾਂ ਲਈ ਅਜਿਹੀ ਮੌਤ ਉਸ ਕੌਮ ਦੀ ਅਮਾਨਤ ਤੇ ਵਡਮੁੱਲਾ ਖ਼ਜ਼ਾਨਾ ਹੁੰਦੀ ਹੈ, ਜਿਸ ਨਾਲ ਕਿਸੇ ਕੌਮ/ਧਰਮ ਨੂੰ ਅਮੀਰੀ ਮਿਲਦੀ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਇਤਿਹਾਸ ਗੁਰੂ ਸਾਹਿਬਾਨ ਨੇ ਖ਼ੁਦ ਧਰਮ ਕਾਫ਼ਲੇ ਦੇ ਮੋਹਰੀ ਬਣ ਕੇ ਸਿਰਜਿਆ ਹੈ, ਜਿਸ ਦੇ ਪਕੇਰੇ ਸਿੱਟੇ ਵਜੋਂ ਸਮੁੱਚੀ ਸਿੱਖ ਕੌਮ ਵਿਚੋਂ ਇਹੀ ਕੁਰਬਾਨੀ ਦਾ ਜਜ਼ਬਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ਹਾਦਤ ਦਾ ਸੰਕਲਪ ਇਉਂ ਪੇਸ਼ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412)

ਗੁਰੂ ਨਾਨਕ ਦੇਵ ਜੀ ਦੁਆਰਾ ਪੇਸ਼ ਸ਼ਹਾਦਤ ਦੇ ਸੰਕਲਪ ਨੂੰ ਅੱਗੇ ਤੋਰਦਿਆਂ ਗੁਰੂ ਅਰਜਨ ਦੇਵ ਜੀ ਜ਼ਿੰਦਗੀ ਦਾ ਰਾਜ ਸਮਝਾਉਂਦੇ ਹੋਏ ਕਹਿੰਦੇ ਹਨ:

ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥
ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥ (ਪੰਨਾ 1425)

ਇਸੇ ਕਹਿਣੀ ਨੂੰ ਕਰਨੀ ਵਿਚ ਬਦਲਦਿਆਂ 'ਸ਼ਹੀਦਾਂ ਦੇ ਸਿਰਤਾਜ' ਗੁਰੂ ਅਰਜਨ ਦੇਵ ਜੀ ਨੇ ਮੌਤ ਦਾ ਯਥਾਰਥਕ ਜਾਮਾ ਪਹਿਨਿਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਨਿਵੇਕਲੀ ਤੇ ਯੁੱਗ ਪਲਟਾਊ ਹੈ, ਜਿਸ ਨਾਲ ਸਿੱਖ ਧਰਮ ਵਿਚ ਇਕ ਨਵਾਂ ਮੋੜ ਆਇਆ। ਨੈਤਿਕ ਆਦਰਸ਼ਾਂ ਨੂੰ ਬਰਕਰਾਰ ਰੱਖਣ ਅਤੇ ਜ਼ੁਲਮ ਦਾ ਖ਼ਾਤਮਾ ਕਰਨ ਲਈ ਤਲਵਾਰ ਚੁੱਕਣੀ ਜ਼ਰੂਰੀ ਹੋ ਗਈ। ਸੋ ਭਗਤੀ ਨਾਲ ਸ਼ਕਤੀ ਦਾ ਮਿਲਾਪ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਕਰਵਾਇਆ। ਗੁਰਮਤਿ ਵਿਚਾਰਧਾਰਾ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ 'ਸ਼ਹੀਦ' ਪ੍ਰਤੀ ਲਿਖਦੇ ਹਨ ਕਿ ਸਬਰ ਤੇ ਸਿਦਕ 'ਸ਼ਹੀਦ' ਦੇ ਬੁਨਿਆਦੀ ਤੱਤ ਹਨ। ਸਬਰ ਇਕ ਅਜਿਹੀ ਸਵੈ ਵਿਸ਼ਵਾਸ ਤੇ ਦ੍ਰਿੜਤਾ ਵਾਲੀ ਰੂਹਾਨੀ ਜੋਤ ਹੈ ਜੋ ਸ਼ਹੀਦ ਨੂੰ ਸੱਚੇ ਸੁੱਚੇ ਅਕੀਦੇ ਵੱਲ ਜਾਣ ਲਈ ਬਲ ਬਖ਼ਸ਼ਦੀ ਹੈ। ਅਜਿਹੀ ਕਰਤਾਰੀ ਜੋਤ ਦੇ ਆਸਰੇ ਹੀ ਸ਼ਹੀਦ ਆਤਮਾ ਭਰਮ/ਭਉ ਤੋਂ ਮੁਕਤ ਹੋ ਜਾਂਦੀ ਹੈ:

ਮੁਰਦਾ ਹੋਇਆ ਮੁਰੀਦ ਨ ਗਲੀ ਹੋਵਣਾ ॥
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ ॥
(ਵਾਰਾਂ ਭਾਈ ਗੁਰਦਾਸ)

ਗੁਰਮਤਿ ਵਿਚਾਰਧਾਰਾ ਦਾ ਕੇਂਦਰੀ ਉਪਦੇਸ਼ ਮੂਲ ਮੰਤਰ ਹੈ, ਜਿਸ ਵਿਚ ਨਿਰਭਉ, ਨਿਰਵੈਰ ਪ੍ਰਭੂ ਦੇ ਗੁਣ ਹਨ ਅਤੇ ਇਨ੍ਹਾਂ ਉਪਦੇਸ਼ਾਂ 'ਤੇ ਚੱਲਣ ਵਾਲਾ ਧਰਮੀ ਹੋ ਨਿਬੜਦਾ ਹੈ। ਇਹ ਧਰਮ ਦਾ ਮਾਰਗ ਹੀ ਸ਼ਹੀਦੀ ਲਈ ਪ੍ਰੇਰਦਾ ਹੈ। ਇਸ ਮਾਰਗ ਦੇ ਪਾਂਧੀ 'ਸ਼ਹੀਦ' ਦੀ ਆਤਮਾ ਨਾ ਕਿਸੇ ਤੋਂ ਡਰਦੀ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦੀ ਹੈ। 'ਹਿੰਦ ਦੀ ਚਾਦਰ' ਨੌਵੇਂ ਗੁਰੂ ਤੇਗ ਬਹਾਦਰ ਜੀ ਇਸ ਸੰਕਲਪ ਦੀ ਵਿਆਖਿਆ ਪੇਸ਼ ਕਰਦੇ ਹੋਏ ਸ਼ਹਾਦਤ ਮਾਰਗ ਦੇ ਸ਼ਾਹ ਅਸਵਾਰ ਹੋਏ ਹਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥
(ਸਲੋਕ ਵਾਰਾਂ ਤੋਂ ਵਧੀਕ, ਪੰਨਾ 1427)

ਜੇਕਰ ਧਰਮੀ ਗੁਣਾਂ ਵਾਲੇ ਰੱਥ 'ਤੇ ਅਸਵਾਰ ਹੋ ਕੇ ਸ਼ਹੀਦ ਆਪਣੀ ਸ਼ਹਾਦਤ ਦਿੰਦਾ ਹੈ ਤਾਂ ਉਸ ਸ਼ਹੀਦ ਦਾ ਡੁੱਲ੍ਹਿਆ ਖ਼ੂਨ ਧਰਮ ਰੂਪੀ ਕੇਸਰ ਕਿਆਰੀ ਨੂੰ ਹੋਰ ਸਿੰਜ ਜਾਂਦਾ ਹੈ, ਜਿਸ ਸਦਕਾ ਉਸ ਕਿਆਰੀ ਵਿਚੋਂ ਕ੍ਰਾਂਤੀ ਦੇ ਨਵੇਂ ਬੀਜ ਉੱਗਦੇ ਹਨ ਅਤੇ ਪਕੇਰੇ ਸਿੱਟੇ ਵਜੋਂ ਕੌਮ ਦੀ ਤਕਦੀਰ ਹੀ ਬਦਲ ਜਾਂਦੀ ਹੈ। ਲੋਕ ਤੱਥ ਹੈ:

ਜਦੋਂ ਡੁਲ੍ਹਦਾ ਖ਼ੂਨ ਸ਼ਹੀਦਾਂ ਦਾ
ਤਕਦੀਰ ਬਦਲਦੀ ਕੌਮਾਂ ਦੀ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਗੁਰੂ ਸਾਹਿਬਾਨ ਦੀਆਂ ਸ਼ਾਂਤ ਚਿੱਤ ਕੁਰਬਾਨੀਆਂ ਵਕਤ ਦੇ ਜਾਬਰ ਹਾਕਮਾਂ ਦੇ ਪੱਥਰ ਦਿਲਾਂ ਨੂੰ ਕਿਸੇ ਵੀ ਹੀਲੇ ਨਰਮ ਨਹੀਂ ਕਰ ਸਕਦੀਆਂ ਤਾਂ ਜ਼ੁਲਮ ਦਾ ਟਾਕਰਾ ਕਰਨਾ ਸਮੇਂ ਦੀ ਢੁਕਵੀਂ ਮੰਗ ਸੀ। ਇਸ ਮੰਗ ਦੀ ਪੂਰਤੀ ਲਈ 1699 ਈ: ਨੂੰ ਵਿਸਾਖੀ ਵਾਲੇ ਦਿਨ ਹੱਕ, ਸੱਚ, ਇਨਸਾਫ਼ ਆਦਿ ਧਰਮੀ ਗੁਣਾਂ 'ਤੇ ਲੜਨ/ਮਰਨ ਵਾਲਿਆਂ ਦੀ ਚੋਣ ਕੀਤੀ ਗਈ। ਸਿੱਟੇ ਵਜੋਂ ਤਲਵਾਰ ਦੀ ਧਾਰ ਹੇਠ ਜ਼ਿੰਦਗੀ ਤੇ ਮੌਤ ਨੂੰ ਸਮਸਰਿ ਕਰਕੇ ਜਾਨਣ ਵਾਲੇ ਪੰਜ ਸੂਰਬੀਰਾਂ ਦੀ ਪਹਿਚਾਣ ਕੀਤੀ। ਉਨ੍ਹਾਂ ਸੂਰਬੀਰਾਂ ਨੂੰ ਦੋ ਧਾਰੀ ਖੰਡੇ ਦੀ ਪਹੁਲ ਨਾਲ ਤਿਆਰ ਕੀਤੇ ਅੰਮ੍ਰਿਤ ਨੂੰ ਛਕਾ ਕੇ ਅਤੇ ਖ਼ੁਦ ਉਨ੍ਹਾਂ ਪਾਸੋਂ ਛਕ ਕੇ ਬਾਣੀ ਨੂੰ ਬਾਣੇ ਦੇ ਰੂਪ 'ਚ ਸਾਕਾਰ ਕੀਤਾ। ਇਹ ਉਹ ਇਨਕਲਾਬ ਸੀ ਜਿਥੇ ਪੰਜ ਪਿਆਰਿਆਂ ਦੇ ਨਾਮ ਅਤੇ ਆਪਣੇ ਨਾਮ ਨਾਲ 'ਸਿੰਘ' ਸ਼ਬਦ ਜੋੜ ਕੇ ਸ਼ੇਰਾਂ ਦੀ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ ਜਿਸ ਨੂੰ ਮਰਨਾ ਚਾਅ ਜਾਪਣ ਲੱਗਿਆ। ਇਸ ਚਾਅ ਪਿੱਛੇ ਕਾਰਜਸ਼ੀਲ ਬਾਣੀ ਹੈ:

ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ ॥
(ਸਲੋਕ ਭਗਤ ਕਬੀਰ, ਪੰਨਾ 1367)

ਇਹ ਹਰਿ ਦਾ ਦੁਆਰ ਧਰਮ ਦਾ ਉਹ ਸੱਚਾ ਮਾਰਗ ਹੀ ਤਾਂ ਸੀ ਜਿਥੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਅਡੋਲ ਚਿਹਰਾ ਚੜ੍ਹਦੇ ਸੂਰਜ ਵਾਂਗ ਪੂਰੇ ਜਲੌਅ ਵਿਚ ਸੀ ਤੇ ਕੌਮ ਨੂੰ ਸੰਦੇਸ਼ ਦੇ ਰਹੇ ਸਨ:

ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ
ਚਾਰ ਮੁਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ॥

ਗੁਰੂ ਸਾਹਿਬ ਦੇ ਰੂਹਾਨੀ ਅਨੁਭਵ ਤੇ ਜ਼ਿੰਦਗੀ ਦੇ ਪ੍ਰਯੋਗੀ ਵਰਤਾਰੇ ਵਿਚੋਂ ਪ੍ਰਾਪਤ ਵਿਦਵਤਾ, ਅਡੋਲਤਾ, ਨਿਡਰਤਾ, ਬਹਾਦਰੀ ਤੇ ਧਰਮ ਦੀ ਉੱਤਮ ਮਿਸਾਲ ਔਰੰਗਜ਼ੇਬ ਨੂੰ ਲਿਖੇ ਫ਼ਾਰਸੀ ਵਿਚ 'ਜ਼ਫ਼ਰਨਾਮਾ' (ਜਿੱਤ ਦਾ ਪੱਤਰ) ਵਿਚੋਂ ਪ੍ਰਤੱਖ ਮਿਲਦੀ ਹੈ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ : ਚਾਰ।
ਕਿ ਬਾਕੀ ਸਮਾ ਦਸਤ ਪੇਚੀਦ : ਮਾਰ। ੭੮

(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ ਭੁਜੰਗੀ, ਭਾਵ ਖ਼ਾਲਸਾ ਬਾਕੀ ਹੈ!)

ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਬਾਤ ਪਾਉਂਦਾ ਸਮਕਾਲੀਨ ਮੁਸਲਮਾਨ ਪ੍ਰਸਿੱਧ ਕਵੀ ਯੋਗੀ ਅੱਲ੍ਹਾ ਯਾਰ ਖਾਂ ਲਿਖਦਾ ਹੈ:

ਬੱਸ ਏਕ ਤੀਰਥ ਹੈ ਹਿੰਦ ਮੇਂ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।

ਬਾਕੀ ਸਫ਼ਾ 32 'ਤੇ

**ਸ਼ਹੀਦੀ ਹਫ਼ਤੇ ਦੌਰਾਨ ਬੀਤੇ ਦਿਨਾਂ 'ਚ ਆਪਾਂ ਬਹੁਤ ਸਾਰਾ ਇਤਿਹਾਸ ਸਾਂਝਾ ਕਰ ਚੁੱਕੇ ਹਾਂ। ਕੋਸ਼ਿਸ਼ ਹੈ ਕਿ ਇਸ ਸਮੇਂ ਦੌਰਾਨ ਹਾਅ ਦਾ ਨਾਅਰਾ ਮਾਰਨ ਵਾਲੇ ਸਾਰੇ ਲੋਕ ਯਾਦ ਕੀਤੇ ਜਾਣ। ਅਜਿਹੀ ਹੀ ਇਕ ਹੋਰ ਸ਼ਖ਼ਸੀਅਤ ਬਾਰੇ ਜਾਣਕਾਰੀ ਹਾਜ਼ਰ ਹੈ-ਸੰਪਾਦਕ**

# ਸਾਕਾ ਸਰਹਿੰਦ ਦਾ ਅਣਗੌਲਿਆ ਕਿਰਦਾਰ ਬੇਗਮ ਜ਼ੈਨਬੁਨਿਮਾ

ਸ਼ਮਸ਼ੇਰ ਸਿੰਘ ਡੂਮੇਵਾਲ

ਸਾਕਾ ਸਰਹਿੰਦ ਦੀ ਦਿਲ ਕੰਬਾਊ ਦਾਸਤਾਨ ਤਮਾਮ ਮਨੁੱਖਤਾ ਦੇ ਜ਼ਿਹਨ 'ਚ ਅਸਹਿ ਪੀੜ ਬਣੀ ਬੈਠੀ ਹੈ। ਰਹਿੰਦੀ ਦੁਨੀਆ ਤੱਕ ਰਿਸਦੇ ਰਹਿਣ ਵਾਲੇ ਇਸ ਨਾਸੂਰ ਦਾ ਨਿਰੀਖਣ ਕਰਨ ਮੌਕੇ ਇਤਿਹਾਸ ਦੀ ਪਾਰਖੂ ਅੱਖ ਨੇ ਇਸ ਕੌਮੀ ਫੱਟ 'ਤੇ ਟਕੋਰਾਂ ਕਰਨ ਅਤੇ ਨਮਕ ਛਿੜਕਣ ਵਾਲੇ ਵੱਖ-ਵੱਖ ਕਿਰਦਾਰਾਂ ਨੂੰ ਨਾਇਕ ਤੇ ਖਲਨਾਇਕ ਦੇ ਰੂਪ 'ਚ ਤੱਕਿਆ ਹੈ।

ਨੇਕੀ ਅਤੇ ਬਦੀ ਦੇ ਕਿੱਸੇ 'ਚ ਸ਼ਾਮਿਲ ਨਾਇਕਾਂ ਤੇ ਖਲਨਾਇਕਾਂ ਤੋਂ ਬਾਅਦ ਉਸ ਕਿਰਦਾਰ ਵੱਲ ਝਾਤੀ ਮਾਰਨ ਦੀ ਵੀ ਜ਼ਰੂਰਤ ਹੈ ਜੋ ਸਾਕਾ ਸਰਹੰਦ ਦੀ ਤਾਰੀਖ਼ੀ ਕੈਨਵਸ 'ਤੇ ਭਾਵੇਂ ਬਹੁਤ ਘੱਟ ਨਜ਼ਰ ਆਉਂਦਾ ਹੈ ਪਰ ਇਹ ਉਹ ਕਿਰਦਾਰ ਹੈ ਜਿਸ ਨੇ ਜਾਨ ਦੀ ਆਹੂਤੀ ਦੇ ਕੇ ਬੁਝਦੀ ਜ਼ਮੀਰ-ਪ੍ਰਸਤੀ ਨੂੰ ਜਗਦਾ ਰੱਖਿਆ ਅਤੇ ਕਮਲ ਵਾਂਗ ਚਿੱਕੜ 'ਚ ਖੜ੍ਹੇ ਹੋ ਕੇ ਵੀ ਮਹਿਕ ਵੰਡੀ।

ਇਤਿਹਾਸ ਦੇ ਪੰਨਿਆ 'ਤੇ ਵੱਡੀ ਕੁਰਬਾਨੀ ਕਰਨ ਦੇ ਬਾਵਜੂਦ ਇਹ ਕਿਰਦਾਰ ਬਣਦਾ ਮੁਕਾਮ ਨਹੀਂ ਲੈ ਸਕਿਆ। ਇਹ ਕਿਰਦਾਰ ਹੈ ਸੂਬਾ ਸਰਹਿੰਦ ਵਜ਼ੀਦ ਖ਼ਾਨ ਦੀ ਬੇਗਮ ਜ਼ੈਨਬੁਨਿਮਾ ਉਰਫ਼ ਬੇਗਮ ਜ਼ੈਨਾ।

ਭਾਵੇਂ ਜ਼ੈਨਾ ਬਾਰੇ ਇਤਿਹਾਸਕ ਲਿਖਤਾਂ ਅੰਦਰ ਕੋਈ ਹਵਾਲਾ ਨਹੀਂ ਮਿਲਦਾ ਪਰ ਪੰਥ ਪ੍ਰਵਾਨਿਤ ਵਿਦਵਾਨ ਭਾਈ ਵੀਰ ਸਿੰਘ ਨੇ ਰਚਨਾਵਲੀ ਕਲਗੀਧਰ ਚਮਤਕਾਰ 'ਚ ਸੂਬਾ ਸਰਹਿੰਦ ਦੀ ਅਜ਼ੀਜ਼ ਬੇਗਮ ਜ਼ੈਨਬੁਨਿਮਾ, ਉਰਫ਼ ਜ਼ੈਨਾ ਦੀ ਕੁਰਬਾਨੀ ਅਤੇ ਸਿਦਕ ਨੂੰ ਬਾਖ਼ੂਬੀ ਢੰਗ ਨਾਲ ਬਿਆਨਿਆ ਹੈ।

ਬਾਈਧਾਰ ਦੇ ਬਿਲਾਸਪੁਰ ਖੇਤਰ ਦੀ ਜੰਮਪਲ ਜ਼ੈਨਾ ਦਾ ਮੂਲ ਹਿੰਦੂ ਰਾਜਪੂਤ ਘਰਾਣੇ ਨਾਲ ਸਬੰਧਤ ਸੀ ਤੇ ਉਸ ਦਾ ਨਾਂ ਸੀ ਭਾਗੋ। ਛੋਟੀ ਉਮਰ ਦੀ ਭਾਗੋ ਨੂੰ ਆਨੰਦਪੁਰ ਸਾਹਿਬ ਜਾਣ ਦਾ ਇਤਫ਼ਾਕ ਉਦੋਂ ਜੁੜਿਆ ਜਦੋਂ ਉਸ ਦੀ ਮਾਂ ਸੁਭਾਗੋ ਗੁਰੂ ਦਰਬਾਰ 'ਚ ਆਪਣੇ ਪਤੀ ਸਮੇਤ ਸੇਵਾ ਨਿਭਾਉਂਦੀ ਇਕ ਅੰਮ੍ਰਿਤਧਾਰੀ ਬੀਬੀ ਨੂੰ ਮਿਲਣ ਗਈ। ਇਸੇ ਦੌਰਾਨ ਭਾਗੋ ਨੇ ਉਸ ਬੀਬੀ ਨੂੰ ਗੁਰੂ ਕੇ ਸਾਹਿਬਜ਼ਾਦਿਆਂ ਦੀ ਦੇਖਭਾਲ ਕਰਦਿਆਂ ਨੇੜਿਓਂ ਤੱਕਿਆ। ਭਾਗੋ ਦੇ ਜ਼ਿਹਨ 'ਚ ਗੁਰੂ ਲਾਲਾਂ ਦੇ ਜਾਹੋ-ਜਲਾਲ ਦੀਆਂ ਤਸਵੀਰਾਂ ਇਸ ਕਦਰ ਲੱਗ ਗਈਆਂ ਜਿਨ੍ਹਾਂ ਨੂੰ ਉਹ ਜ਼ਿੰਦਗੀ ਦੇ ਅੰਤਿਮ ਪਲਾਂ ਤੱਕ ਵੀ ਨਾ ਵਿਸਾਰ ਸਕੀ।



ਸਮੇਂ ਨੇ ਕਰਵਟ ਲਈ ਕਿ ਭਾਗੋ ਦਾ ਵਿਆਹ ਸਰਹਿੰਦ ਖਿੱਤੇ ਦੇ ਇੱਕ ਪਿੰਡ 'ਚ ਤੈਅ ਕੀਤਾ ਗਿਆ ਪਰ ਉਸ ਦਾ ਡੋਲਾ ਸਹੁਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਸੂਬਾ ਸਰਹਿੰਦ ਨੇ ਲੁੱਟ ਲਿਆ। ਕਿਹਾ ਜਾਂਦਾ ਹੈ ਕਿ ਸੂਬੇ ਨੂੰ ਰੂਪਵਤੀ ਭਾਗੋ ਦੇ ਸ਼ਬਾਬ ਬਾਰੇ ਪਹਿਲਾਂ ਹੀ ਇਲਮ ਸੀ। ਸੂਬੇ ਦੇ ਮਹਿਲੀਂ ਪੁੱਜੀ ਭਾਗੋ ਦਾ ਦਿਲ ਜਿੱਤਣ ਲਈ ਸੂਬੇ ਨੇ ਐਸ਼ੋ ਇਸ਼ਰਤ ਦੇ ਨਜ਼ਾਰਿਆਂ ਨਾਲ ਭਾਗੋ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਮੰਦੇ ਭਾਗਾਂ ਦੀ ਸ਼ਿਕਾਰ ਹੋਈ ਅਭਾਗਣ ਭਾਗੋ ਦਸੌਟੇ ਕੱਟ ਕੇ ਵੀ ਆਪਣੇ ਈਮਾਨ ਦੀ ਸਲਾਮਤੀ ਲਈ ਯਤਨਸ਼ੀਲ ਸੀ। ਆਖ਼ਰ ਬਾਦਸ਼ਾਹੀ ਧੌਂਸ ਅੱਗੇ ਔਰਤ ਜਾਤ ਦੀ ਮਜਬੂਰੀ ਨੇ ਹਥਿਆਰ ਸੁੱਟ ਦਿੱਤੇ। ਨਿਕਾਹ ਤੋਂ ਬਾਅਦ ਉਸ ਦਾ ਨਾਂ ਜ਼ੈਨਬੁਨਿਮਾ ਰੱਖਿਆ ਗਿਆ ਤੇ ਵਜ਼ੀਦ ਖਾਂ ਉਸ ਨੂੰ ਬੇਗਮ ਜ਼ੈਨਾ ਦੇ ਨਾਂ ਨਾਲ ਪੁਕਾਰਦਾ ਰਿਹਾ। ਇਹ ਵੀ ਦੱਸਿਆ ਜਾਂਦਾ ਹੈ ਕਿ ਜ਼ੈਨਾ ਦੀ ਕੁੱਖੋਂ ਵਜ਼ੀਦ ਖ਼ਾਨ ਦੇ ਦੋ ਫ਼ਰਜ਼ੰਦ ਵੀ ਜਨਮੇ। ਲੋਕਾਈ ਦੀ ਦਿਲ-ਕੰਬਾਊ ਤੇ ਬੇਨਜ਼ੀਰ ਸ਼ਹਾਦਤ ਨੇ ਸਰਹਿੰਦ ਦੀ ਧਰਤੀ 'ਤੇ ਆ ਅਲਖ ਜਗਾਈ। ਕਾਜ਼ੀ ਦੇ ਫ਼ਤਵੇ 'ਤੇ ਕਚਿਹਰੀਆਂ 'ਚ ਘੜਿਆ ਮਨਸੂਬਾ ਜ਼ੈਨਾ ਦੇ ਕੰਨੀ ਪਿਆ ਤਾਂ ਆਨੰਦਪੁਰੀ ਦੀ ਧਰਤੀ 'ਤੇ ਤੱਕੀ ਚੰਨ ਅਤੇ ਸੂਰਜ ਵਰਗੇ ਲਾਲਾਂ ਦੀ ਜੋੜੀ ਉਸ ਨੂੰ ਅੱਖਾਂ ਸਾਹਮਣੇ ਅੱਖਾਂ ਮੀਟਦੀ ਪ੍ਰਤੀਤ ਹੋਈ। ਵਕਤ ਨੇ ਭਾਵੇਂ ਭਾਗੋ ਨੂੰ ਸਾਦੇ ਲਿਬਾਸ ਚੋਂ ਕੱਢ ਕੇ ਸ਼ਾਹੀ ਮਹੱਲ ਦੇ ਬਸਤਰਾਂ 'ਚ ਜ਼ੈਨਾ ਬਣਾ ਕੇ ਲਿਆ ਬੈਠਿਆ ਸੀ ਪਰ ਲਹੂ 'ਚ ਰਚਿਆ ਆਨੰਦਪੁਰੀ ਦਾ ਜ਼ਮੀਰ-ਪ੍ਰਸਤ ਪ੍ਰਭਾਵ ਜ਼ੈਨਾ ਦੀ ਜ਼ੁਬਾਨੀ ਬੋਲ ਰਿਹਾ ਸੀ।

ਉਸ ਨੇ ਈਮਾਨੋਂ ਦੁਹਾਈ ਦੇ ਕੇ ਵਜ਼ੀਦੇ ਨੂੰ ਰੋ-ਰੋ ਕੇ ਸਮਝਾਇਆ ਪਰ ਹੰਕਾਰਿਆ ਵਜ਼ੀਦਾ ਆਪਣੀ ਕਬਰ ਹੱਥੀਂ ਪੁੱਟਦਾ ਰਿਹਾ। ਔਧ-ਖਿੜੇ ਫੁੱਲ ਨੀਹਾਂ 'ਚ ਖ਼ਾਮੋਸ਼ ਹੋ ਗਏ, ਧਰਤੀ ਕਲੇਜਿਉਂ ਫਟ ਗਈ। ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਨੂੰ ਖ਼ਬਰ ਮਿਲੀ ਤਾਂ ਉਸ ਦੀ ਆਤਮਾ ਵੀ ਪਰਵਾਜ਼ ਭਰ ਗਈ। ਮਨੁੱਖਤਾ ਧਾਹੀਂ ਰੋਈ ਤੇ ਅੰਬਰ ਨੇ ਲਹੂ ਦੇ ਅੱਥਰੂ ਕੇਰੇ।

ਇਸ ਸਮੁੱਚੇ ਸਿਲਸਿਲੇ ਦਾ ਦੁਖਾਂਤ ਕੰਨੀ ਸੁਣ ਕੇ ਜ਼ੈਨਾ ਦੀਆਂ ਅੱਖਾਂ ਬਰਸ ਪਈਆਂ। ਤੇਜ਼ ਸੰਗੀਨ ਕਟਾਰੀ ਆਪਣੇ ਸੀਨੇ ਮਾਰ ਕੇ ਜ਼ੈਨਾ ਨੇ ਆਪਣੇ ਲਹੂ ਨਾਲ ਆਪਣੇ ਸੰਕਲਪ ਦੀਆਂ ਸੁੱਕਦੀਆਂ ਜੜ੍ਹਾਂ ਮੁੜ ਹਰੀਆਂ ਕਰ ਦਿੱਤੀਆਂ। ਨਿਰਜਿੰਦ ਲੋਥ ਸੂਬੇ ਦੇ ਮਹਿਲੀਂ ਛੱਡ ਕੇ ਜ਼ੈਨਾ ਦੀ ਆਤਮਾ ਵੀ ਨਿੱਕੀਆਂ ਜਿੰਦਾਂ ਦੇ ਮਗਰ ਹੋ ਤੁਰੀ।

ਪਰ ਅੱਜ ਸਮਾਂ ਜਵਾਬ ਮੰਗਦਾ ਹੈ ਕਿ ਕੀ ਵਜ਼ੀਦੇ ਦੇ ਅਨਿਆਂ ਤੋਂ ਬਾਅਦ ਅਸੀਂ ਜ਼ੈਨਾ ਨਾਲ ਨਿਆਂ ਕੀਤਾ ਹੈ? ਸਾਕਾ ਸਰਹਿੰਦ ਦੇ ਮੁੱਖ ਖਲਨਾਇਕ ਦੀ ਬੇਗਮ ਦੀ ਹੈਸੀਅਤ 'ਚ ਗੁਰੂ ਲਾਲਾਂ ਲਈ ਜਾਨ ਵਾਰਨ ਵਾਲੀ ਬੇਗਮ ਜ਼ੈਨਾ ਦੀ ਤਸਵੀਰ ਤਵਾਰੀਖ਼ 'ਤੇ ਧੁੰਦਲੀ ਕਿਉਂ?



# ਯੋਗੀ ਸਰਕਾਰ ਫਿਰਕੂ ਹਿੰਸਾ ਦੀ ਆੜ 'ਚ ਵੋਟ ਬੈਂਕ ਬਣਾਉਣ ਲੱਗੀ

## *ਪੁਲਿਸ ਅਫ਼ਸਰ ਦੇ ਕਾਤਲਾਂ ਨੂੰ ਲੱਭਣ ਦੀ ਬਜਾਏ ਗਊ ਮਾਰਨ ਵਾਲਿਆਂ ਦੀ ਭਾਲ ਜਾਰੀ*

**ਲਖਨਊ/ਬਿਊਰੋ ਨਿਊਜ਼ :** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ 16 ਦਿਨਾਂ ਬਾਅਦ ਆਪਣਾ ਬਿਆਨ ਬਦਲ ਕੇ ਬੁਲੰਦ ਸ਼ਹਿਰ ਦੀ ਹਿੰਸਾ ਨੂੰ ਇਕ ਹਾਦਸਾ ਕਹਿਣ ਤੋਂ ਬਾਅਦ ਹੁਣ ਇਕ ਸਾਜਿਸ਼ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਪਹਿਲੇ ਚਾਰ ਮੁਲਜ਼ਮਾਂ ਨੂੰ ਬੇਗੁਨਾਹ ਦੱਸਦਿਆਂ ਹੋਇਆਂ, ਤਿੰਨ ਹੋਰ ਆਦਮੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਆਪਣੀ ਇਸ ਖੋਜ ਨੂੰ ਸਹੀ ਆਖਿਆ ਪਰ ਸਮਝਣ ਦੀ ਗੱਲ ਇਹ ਹੈ ਕਿ ਇਹ ਸੱਤ ਆਦਮੀ, ਜੋ ਫੜੇ ਗਏ ਹਨ, ਉਨ੍ਹਾਂ ਨੇ ਪੁਲਿਸ ਅਫ਼ਸਰ ਨੂੰ ਨਹੀਂ ਮਾਰਿਆ। 10 ਦਿਨਾਂ ਤੋਂ ਬਾਅਦ ਉੱਤਰ ਪ੍ਰਦੇਸ਼ ਪੁਲਿਸ ਦੀ ਟੀਮ ਨੇ ਦੂਜੀ ਵਾਰੀ ਗਊ ਹੱਤਿਆ ਦੇ ਅਪਰਾਧੀਆਂ ਨੂੰ ਫੜਿਆ। ਪਹਿਲੇ ਚਾਰ ਵੀ ਆਖਦੇ ਰਹੇ ਕਿ ਉਹ ਬੇਕਸੂਰ ਸਨ ਅਤੇ ਇਹ ਤਿੰਨ ਵੀ ਆਪਣੀ ਬੇਗੁਨਾਹੀ ਦੀ ਦੁਹਾਈ ਦੇਂਦੇ ਰਹੇ। ਜੇ ਇਹ ਗਊ ਹੱਤਿਆ (ਜਿਸ ਬਾਰੇ ਅਜੇ ਪੱਕਾ ਨਹੀਂ ਕਿ ਹੋਈ ਵੀ ਸੀ ਜਾਂ ਨਹੀਂ) ਦੇ ਕਸੂਰਵਾਰ ਨਹੀਂ ਹਨ ਤਾਂ ਫਿਰ ਉਹ ਹਿੰਸਾ ਦੇ ਵੀ ਦੋਸ਼ੀ ਨਹੀਂ ਸਨ ਤੇ ਪੁਲਿਸ ਅਫ਼ਸਰ ਦੇ ਕਾਤਲ ਵੀ ਨਹੀਂ ਸਨ। ਪੁਲਿਸ ਅਫ਼ਸਰ ਨੂੰ ਮਾਰਨ ਵਾਲੇ ਅਤੇ ਭੀੜ ਨੂੰ ਉਤਸ਼ਾਹਤ ਕਰਨ ਵਾਲੇ ਤਿੰਨ ਲੋਕ ਸਨ। ਇਕ ਫ਼ੌਜੀ ਸੀ, ਇਕ ਬਜਰੰਗ ਦਲ ਦਾ ਕਾਰਕੁਨ ਅਤੇ ਇਕ ਭਾਜਪਾ ਦੇ ਯੁਵਾ ਵਿੰਗ ਦਾ ਆਗੂ।

ਫ਼ੌਜੀ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਫ਼ੌਜ ਦੀ ਡਿਊਟੀ ਉਤੇ ਚਲਾ ਗਿਆ ਅਤੇ ਇਸ ਕਰਕੇ ਉਸ ਨੂੰ ਫੜਨ ਤੋਂ ਸਿਵਾਏ ਪੁਲਿਸ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ। ਪਰ ਫੜਨ ਤੋਂ ਬਾਅਦ ਉਸ ਨੂੰ ਰਿਮਾਂਡ ਉਤੇ ਨਹੀਂ ਬਲਕਿ ਜੇਲ ਭੇਜ ਦਿਤਾ ਗਿਆ। ਯਾਨੀ ਕਿ ਬਾਕੀ ਦੀ ਭੀੜ ਬਾਰੇ ਪੁੱਛ-ਪੜਤਾਲ ਹੀ ਨਹੀਂ ਕੀਤੀ ਗਈ। ਦੂਜੇ ਦੋਵੇਂ 10 ਦਿਨਾਂ ਤੋਂ ਗ਼ਾਇਬ ਹਨ ਪਰ ਸੋਸ਼ਲ ਮੀਡੀਆ ਉਤੇ ਬਿਆਨ ਪਾ ਰਹੇ ਹਨ। ਪੁਲਿਸ ਉਨ੍ਹਾਂ ਨੂੰ ਫੜ ਨਹੀਂ ਸਕੀ।

ਯੋਗੀ ਦੇ ਰਾਜ ਵਿਚ ਭਗਵੀਂ ਫੌਜ ਅੱਗੇ ਪੁਲੀਸ ਵੀ ਬੇਵੱਸ ਤੇ ਦਹਿਸ਼ਤ ਵਿਚ ਹੈ। ਜੇ ਇਕ ਪੁਲਿਸ ਅਫ਼ਸਰ ਵੀ ਸੁਰੱਖਿਅਤ ਨਹੀਂ ਅਤੇ ਸਰਕਾਰ ਵੀ ਉਸ ਬਾਰੇ ਚਿੰਤਤ ਨਹੀਂ ਤਾਂ ਦੇਸ਼ ਦੇ ਆਮ ਨਾਗਰਿਕ ਕੀ ਕਰਨਗੇ? ਅੱਜ ਹਾਲਤ ਇਹ ਹੋ ਗਈ ਹੈ ਕਿ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਪੁਲਿਸ ਅਫ਼ਸਰ ਦੇ ਕਾਤਲਾਂ ਨੂੰ ਲੱਭਣ ਦੀ ਬਜਾਏ ਇਕ ਗਊ ਦੇ ਕਾਤਲਾਂ ਨੂੰ ਲੱਭ ਰਹੀ ਹੈ। ਅਸਲ ਵਿਚ ਯੋਗੀ ਸਰਕਾਰ ਭਗਵੀਂ ਹਿੰਸਾ ਨੂੰ ਉਤਸ਼ਾਹਿਤ ਕਰਕੇ ਭਗਵਾਂ ਵੋਟ ਬੈਂਕ ਉਸਾਰਨਾ ਚਾਹੁੰਦੀ ਹੈ।



**ਹਾਈ ਕੋਰਟ ਨੇ ਰਿਪੋਰਟ ਦਾਖ਼ਲ ਕਰਨ ਲਈ ਕਿਹਾ :** ਅਲਾਹਾਬਾਦ ਹਾਈ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਬੁਲੰਦ ਸ਼ਹਿਰ ਹਿੰਸਾ ਦੇ ਮਾਮਲੇ ਸਬੰਧੀ ਜਾਂਚ ਰਿਪੋਰਟ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਿੰਸਾ ਦੌਰਾਨ ਪੁਲੀਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਅਤੇ ਇਕ ਨੌਜਵਾਨ ਦੀ ਮੌਤ ਹੋ ਗਈ ਸੀ। ਮੁਲਜ਼ਮ ਸ਼ਿਖਰ ਅਗਰਵਾਲ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਡਿਵੀਜ਼ਨ ਬੈਂਚ ਨੇ ਪਟੀਸ਼ਨਰ ਵੱਲੋਂ ਉਠਾਏ ਮੁੱਦੇ 'ਤੇ ਸਰਕਾਰ ਤੋਂ ਜਵਾਬ ਮੰਗਿਆ। ਇਸ ਮਾਮਲੇ ਦੀ ਅਗਲੀ ਸੁਣਵਾਈ 18 ਜਨਵਰੀ ਨੂੰ ਹੋਵੇਗੀ। ਪਟੀਸ਼ਨਰ ਨੇ ਆਖਿਆ ਕਿ ਉਹ ਇਕ ਮੈਡੀਕਲ ਵਿਦਿਆਰਥੀ ਹੈ ਅਤੇ ਮਾਮਲੇ ਦੀ ਜਾਂਚ ਕਰਨ ਦੀ ਬਜਾਇ ਪੁਲੀਸ ਉਸ ਦੇ ਪਰਿਵਾਰ ਨੂੰ ਪ੍ਰੇਸ਼ਾਨ ਕਰ ਰਹੀ ਹੈ।

### ਨਵ-ਨਿਰਮਾਣ ਸੈਨਾ ਨੇ ਸ਼ਾਹ ਦੀ ਪਾਕਿਸਤਾਨ ਦੀ ਟਿਕਟ ਬੁੱਕ ਕਰਵਾਈ

ਉਤਰ ਪ੍ਰਦੇਸ਼ ਨਵ-ਨਿਰਮਾਣ ਸੈਨਾ ਦੇ ਮੁਖੀ ਅਮਿਤ ਜਾਨੀ ਨੇ ਨਸੀਰੁਦੀਨ ਸ਼ਾਹ ਲਈ ਪਾਕਿਸਤਾਨ ਦੀ ਟਿਕਟ ਬੁੱਕ ਕਰਵਾ ਦਿੱਤੀ ਹੈ। ਅਮਿਤ ਜਾਨੀ ਨੇ ਇਹ ਟਿਕਟ ਨਸੀਰੁਦੀਨ ਸ਼ਾਹ ਦੇ ਘਰ ਵੀ ਭਿਜਵਾ ਦਿੱਤੀ ਹੈ। ਉੱਤਰ ਪ੍ਰਦੇਸ਼ ਦੇ ਅਮਿਤ ਜਾਨੀ ਨੇ ਨਸੀਰੁਦੀਨ ਸ਼ਾਹ ਲਈ 14 ਅਗਸਤ 2019 ਦਾ ਮੁੰਬਈ ਤੋਂ ਕਰਾਚੀ ਦਾ ਟਿਕਟ ਬੁੱਕ ਕਰਵਾਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ, "ਜੇਕਰ ਤੁਹਾਨੂੰ ਹਿੰਦੁਸਤਾਨ 'ਚ ਡਰ ਲੱਗਦਾ ਹੈ ਤਾਂ ਉਹ ਬਿਨਾ ਦੇਰੀ ਕੀਤੇ ਪਾਕਿਸਤਾਨ ਜਾ ਸਕਦੇ ਹਨ। 14 ਅਗਸਤ ਨੂੰ ਪਾਕਿਸਤਾਨ ਦਾ ਆਜ਼ਾਦੀ ਦਿਵਸ ਹੈ ਅਤੇ 15 ਅਗਸਤ ਤਕ ਸਾਡੇ ਦੇਸ਼ 'ਚੋਂ ਇਕ ਗਦਾਰ ਘੱਟ ਹੋ ਜਾਵੇਗਾ। ਉਨ੍ਹਾਂ ਨੇ ਇਹ ਵੀ ਲਿਖਿਆ, ਕਿ ਜੇਕਰ ਡਰ ਲੱਗ ਰਿਹਾ ਹੈ ਤਾਂ ਤੁਸੀਂ 'ਹਨੂਮਾਨ ਚਾਲੀਸਾ' ਵੀ ਪੜ੍ਹ ਸਕਦੇ ਹੋ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਹੈ ਕਿ ਜਿਸ ਨੂੰ ਵੀ ਦੇਸ਼ 'ਚ ਡਰ ਲੱਗ ਰਿਹਾ ਹੈ, ਉਹ ਪਾਕਿਸਤਾਨ ਜਾ ਸਕਦਾ ਹੈ। ਇਸ ਦਾ ਇਤਜ਼ਾਮ ਸੰਗਠਨ ਵੱਲੋਂ ਕੀਤਾ ਜਾਵੇਗਾ। ਉਧਰ ਨਸੀਰੁਦੀਨ ਨੇ ਕਿਹਾ ਹੈ ਕਿ ਉਨ੍ਹਾਂ ਨੇ ਜੋ ਕਿਹਾ ਉਹ ਭਾਰਤੀਆਂ ਦੀ ਚਿੰਤਾ ਹੈ।

## ਨਸੀਰੁਦੀਨ ਸ਼ਾਹ ਨੂੰ ਦੇਸ਼ 'ਚ ਲਗਦਾ ਹੈ ਭਗਵੇਂਵਾਦੀ ਹਿੰਸਾ ਤੋਂ ਡਰ

ਬੁਲੰਦ ਸ਼ਹਿਰ ਹਿੰਸਾ 'ਤੇ ਬਾਲੀਵੁੱਡ ਦੇ ਮੰਨੇ-ਪ੍ਰਮੰਨੇ ਕਲਾਕਾਰ ਨਸੀਰੁਦੀਨ ਸ਼ਾਹ ਨੇ ਕਿਹਾ ਕਿ "ਦੇਸ਼ 'ਚ ਜ਼ਹਿਰ ਫੈਲ ਚੁੱਕਾ ਹੈ। ਹਾਲਾਤ ਇਹ ਹਨ ਕਿ ਗਊ ਦੀ ਕੀਮਤ ਆਮ ਆਦਮੀ ਦੀ ਜਾਨ ਤੋਂ ਜ਼ਿਆਦਾ ਹੋ ਗਈ ਹੈ। ਗੁੱਸਾ ਆਉਂਦਾ ਹੈ ਅਤੇ ਫਿਕਰ ਵੀ ਹੁੰਦਾ ਹੈ ਕਿ ਜਦ ਮੇਰੀ ਔਲਾਦ ਨੂੰ ਭੀੜ ਘੇਰ ਲਵੇਗੀ ਤਾਂ ਉਹ ਕੀ ਜਵਾਬ ਦੇਣਗੇ?" ਸ਼ਾਹ ਨੇ ਇਹ ਗੱਲਾਂ ਇੱਕ ਵੀਡੀਓ ਸੰਦੇਸ਼ 'ਚ ਕਹੀਆਂ, ਜਿਸ ਨੂੰ 'ਕਾਰਵਾਂ-ਏ-ਮੁਹੱਬਤ ਇੰਡੀਆ' ਯੂ-ਟਿਊਬ ਚੈਨਲ ਨੇ ਜਾਰੀ ਕੀਤਾ ਹੈ। ਕਲਿੱਪ 'ਚ ਉਨ੍ਹਾਂ ਕਿਹਾ, "ਇੱਥੇ ਜ਼ਹਿਰ ਫੈਲ ਚੁੱਕਾ ਹੈ। ਇਸ ਜਿੰਨ ਨੂੰ ਦੋਬਾਰਾ ਬੋਤਲ 'ਚ ਬੰਦ ਕਰਨਾ ਬਹੁਤ ਮੁਸ਼ਕਲ ਹੈ। ਕਾਨੂੰਨ ਹੱਥ 'ਚ ਲੈਣ ਦੀ ਖੁੱਲ੍ਹੀ ਛੋਟ ਮਿਲ ਗਈ ਹੈ। ਕਈ ਇਲਾਕਿਆਂ 'ਚ ਅਸੀਂ ਦੇਖ ਰਹੇ ਹਾਂ ਕਿ ਗਊ ਦੀ ਮੌਤ ਨੂੰ ਪੁਲਸ ਅਫ਼ਸਰ ਦੀ ਮੌਤ ਦੀ ਤੁਲਨਾ 'ਚ ਜ਼ਿਆਦਾ ਤਵੱਜੋਂ ਦਿੱਤੀ ਜਾ ਰਹੀ ਹੈ।" ਸ਼ਾਹ ਅਨੁਸਾਰ, "ਮੈਨੂੰ ਫਿਕਰ ਹੁੰਦੀ ਹੈ ਆਪਣੀ ਔਲਾਦ ਬਾਰੇ ਸੋਚ ਕੇ, ਕਿਉਂਕਿ ਉਨ੍ਹਾਂ ਦਾ ਕੋਈ ਮਜ਼ਹਬ ਹੀ ਨਹੀਂ। ਇਸ ਦੀ ਤਾਲੀਮ ਮੈਨੂੰ ਅਤੇ ਮੇਰੀ ਪਤਨੀ ਨੂੰ ਮਿਲੀ ਸੀ ਪਰ ਅਸੀਂ ਬੱਚਿਆਂ ਨੂੰ ਇਹ ਨਹੀਂ ਦਿੱਤੀ। ਉਨ੍ਹਾਂ ਨੂੰ ਅਸੀਂ ਚੰਗਿਆਈ ਤੇ ਬੁਰਾਈ ਬਾਰੇ ਹੀ ਸਿਖਾਇਆ। ਕੁਰਾਨ ਸ਼ਰੀਫ਼ ਦੀਆਂ ਇਕ-ਦੋ ਲਾਈਨਾਂ ਯਾਦ ਕਰਾਈਆਂ। ਕੱਲ੍ਹ ਨੂੰ ਬੱਚਿਆਂ ਨੂੰ ਕਿਤੇ ਭੀੜ ਨੇ ਘੇਰ ਲਿਆ ਕਿ ਤੂੰ ਹਿੰਦੂ ਹੈ ਜਾਂ ਮੁਸਲਮਾਨ, ਤਾਂ ਉਨ੍ਹਾਂ ਕੋਲ ਕੋਈ ਜਵਾਬ ਹੀ ਨਹੀਂ ਹੋਵੇਗਾ। ਇਸ ਚੀਜ਼ ਦੀ ਫਿਕਰ ਹੁੰਦੀ ਹੈ, ਕਿਉਂਕਿ ਹਾਲਾਤ ਸੁਧਰਦੇ ਨਹੀਂ ਦਿਖਾਈ ਦਿੰਦੇ।" ਵੀਡੀਓ 'ਚ ਉਹ ਅੱਗੇ ਕਹਿ ਰਹੇ ਹਨ, "ਇਨ੍ਹਾਂ ਗੱਲਾਂ ਤੋਂ ਮੈਨੂੰ ਡਰ ਨਹੀਂ ਬਲਕਿ ਗੁੱਸਾ ਆਉਂਦਾ ਹੈ। ਮੈਨੂੰ ਲੱਗਦਾ ਹੈ ਕਿ ਹਰ ਸਹੀ ਸੋਚ ਰੱਖਣ ਵਾਲੇ ਇਨਸਾਨ ਨੂੰ ਗੁੱਸਾ ਆਉਣਾ ਚਾਹੀਦਾ ਹੈ, ਕਿਉਂਕਿ ਇਹ ਸਾਡਾ ਘਰ ਹੈ, ਸਾਨੂੰ ਇੱਥੋਂ ਕੌਣ ਕੱਢ ਸਕਦਾ ਹੈ।" ਜ਼ਿਕਰਯੋਗ ਹੈ ਕਿ ਬੁਲੰਦ ਸ਼ਹਿਰ ਦੇ ਸਿਆਨਾ ਪਿੰਡ 'ਚ ਤਿੰਨ ਦਸੰਬਰ ਨੂੰ ਹਿੰਸਾ ਭੜਕ ਗਈ ਸੀ। ਕਾਰਨ ਗਊ ਹੱਤਿਆ ਦੀ ਅਫਵਾਹ ਫੈਲਣਾ ਸੀ। ਭੀੜ ਨੇ ਇਸ ਸ਼ੱਕ 'ਚ ਪਿੰਡ 'ਚ ਤੋੜ-ਫੋੜ ਕੀਤੀ ਤੇ ਅੱਗ ਲਾ ਦਿੱਤੀ ਅਤੇ ਗੋਲੀਬਾਰੀ ਵੀ ਕੀਤੀ ਸੀ। ਘਟਨਾ ਦੌਰਾਨ ਪੁਲਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਸਮੇਤ ਦੋ ਲੋਕਾਂ ਦੀ ਗੋਲੀ ਲੱਗਣ ਨਾਲ ਜਾਨ ਚਲੀ ਗਈ ਸੀ। ਮਾਮਲੇ ਦੀ ਜਾਂਚ ਐਸਆਈਟੀ ਨੂੰ ਸੌਂਪੀ ਗਈ ਸੀ, ਜਿਸ ਤੋਂ ਬਾਅਦ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

**ਅਜਮੇਰ 'ਚ ਨਸੀਰੁਦੀਨ ਸ਼ਾਹ ਦਾ ਵਿਰੋਧ :** ਰਾਜਸਥਾਨ ਦੇ ਅਜਮੇਰ 'ਚ ਕਰਵਾਏ ਜਾ ਰਹੇ 'ਲਿਟਰੇਚਰ ਫ਼ਿਲਮ ਫੈਸਟੀਵਲ' 'ਚ ਬਾਲੀਵੁੱਡ ਦੇ ਮਸ਼ਹੂਰ ਅਭਿਨੇਤਾ ਨਸੀਰੁਦੀਨ ਸ਼ਾਹ ਦਾ ਵਿਰੋਧ ਦਾ ਕੀਤਾ ਗਿਆ ਹੈ। ਨਸੀਰੁਦੀਨ ਸ਼ਾਹ ਅਜਮੇਰ ਦੇ ਉਸੇ ਸਕੂਲ 'ਚ ਪਹੁੰਚੇ ਸਨ, ਜਿੱਥੋਂ ਉਨ੍ਹਾਂ ਨੇ ਪੜ੍ਹਾਈ ਪੂਰੀ ਕੀਤੀ ਸੀ, ਜਿਸ ਦੇ ਚਲਦਿਆਂ ਯੁਵਾ ਮੋਰਚੇ ਦੁਆਰਾ ਸਕੂਲ ਦੇ ਬਾਹਰ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਇਸ ਦੌਰਾਨ ਮੋਰਚੇ ਦੁਆਰਾ 'ਲਿਟਰੇਚਰ ਫੈਸਟੀਵਲ' ਦੇ ਪੋਸਟਰ ਵੀ ਸਾੜੇ ਗਏ ਅਤੇ ਹਿੰਦੁਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਮੋਰਚੇ ਦੇ ਨੌਜਵਾਨਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਨੇ ਇੱਥੇ ਰਹਿਣਾ ਹੈ ਤਾਂ ਉਨ੍ਹਾਂ ਨੂੰ 'ਵੰਦੇ ਮਾਤਰਮ' ਬੋਲਣਾ ਹੋਵੇਗਾ। ਯੁਵਾ ਮੋਰਚਾ ਦੇ ਪ੍ਰਧਾਨ ਨੇ ਕਿਹਾ ਕਿ ਜਿਸ ਦੇਸ਼ 'ਚ ਰੋਟੀ ਕਮਾਈ, ਦੌਲਤ ਕਮਾਈ, ਉਸੇ ਦੇਸ਼ 'ਚ ਤੁਹਾਨੂੰ ਡਰ ਲੱਗ ਰਿਹਾ ਹੈ? ਉਸ ਅਨੁਸਾਰ ਸਿਰਫ਼ ਦੇਸ਼ ਨੂੰ ਨੀਵਾਂ ਦਿਖਾਉਣ ਲਈ ਇਹ ਬਿਆਨ ਦਿੱਤਾ ਗਿਆ ਹੈ।

### ਮੰਦਿਰ ਦੀ ਬਾਉਲੀ ਵਿਚੋਂ 2 ਦਰਜਨ ਦੇ ਕਰੀਬ ਅਣਚੱਲੇ ਹੈਂਡ ਗ੍ਰਨੇਡ ਮਿਲੇ



**ਪਠਾਨਕੋਟ/ਬਿਊਰੋ ਨਿਊਜ਼ :** ਇਥੋਂ ਦੇ ਬਾਉਲੀਆਂ ਵਾਲੇ ਮੰਦਿਰ ਦੀ ਬੰਦ ਪਈ ਬਾਉਲੀ ਵਿੱਚੋਂ ਖੁਦਾਈ ਦੌਰਾਨ ਦੋ ਦਰਜਨ ਹੈਂਡ ਗ੍ਰਨੇਡ ਮਿਲਣ ਨਾਲ ਸਨਸਨੀ ਫੈਲ ਗਈ। ਇਸ ਦੀ ਸੂਚਨਾ ਮੰਦਿਰ ਕਮੇਟੀ ਨੇ ਪੁਲੀਸ ਨੂੰ ਦਿੱਤੀ ਜਿਸ ਤੋਂ ਬਾਅਦ ਉਚ ਅਧਿਕਾਰੀ ਮੌਕੇ ਉਤੇ ਪੁੱਜੇ ਅਤੇ ਉਨ੍ਹਾਂ ਖਸਤਾ ਹਾਲਤ ਹੈਂਡ ਗ੍ਰਨੇਡਾਂ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਆਰੰਭ ਦਿੱਤੀ। ਜ਼ਿਕਰਯੋਗ ਹੈ ਕਿ ਇਸ ਮੰਦਿਰ ਦੀ ਬਾਉਲੀ ਦਾ ਮਾਮਲਾ ਪਿਛਲੇ ਦਿਨੀਂ ਉਸ ਵੇਲੇ ਚਰਚਾ ਵਿੱਚ ਆਇਆ ਸੀ ਜਦ ਬਾਉਲੀ ਵਾਲੀ ਜਗ੍ਹਾ ਨੂੰ ਮਿੱਟੀ ਪਾ ਕੇ ਪੱਧਰਾ ਕਰ ਦਿੱਤਾ ਗਿਆ ਸੀ। ਇਸ ਦਾ ਇਲਾਕੇ ਦੇ ਲੋਕਾਂ ਨੇ ਨੋਟਿਸ ਲੈਂਦਿਆਂ ਪੁਲੀਸ ਨੂੰ ਸ਼ਿਕਾਇਤ ਕਰ ਦਿੱਤੀ ਕਿ ਉਕਤ ਪ੍ਰਾਚੀਨ ਬਾਉਲੀ ਵਾਲੀ ਜਗ੍ਹਾ ਉਪਰ ਭੂ-ਮਾਫੀਆ ਵੱਲੋਂ ਨਾਜਾਇਜ਼ ਕਬਜ਼ਾ ਕੀਤਾ ਜਾ ਰਿਹਾ ਹੈ। ਪੁਲੀਸ ਨੇ ਦਖ਼ਲ ਦੇ ਕੇ ਚਾਰਦੀਵਾਰੀ ਦੀ ਉਸਾਰੀ ਨੂੰ ਰੁਕਵਾ ਦਿੱਤਾ ਸੀ ਤੇ ਸਾਰੀ ਮਿੱਟੀ ਨੂੰ ਚੁੱਕਣ ਦਾ ਨਿਰਦੇਸ਼ ਦੇ ਦਿੱਤਾ ਸੀ। ਮੰਦਿਰ ਦੇ ਪੁਜਾਰੀ ਨੇ ਇਹ ਕਹਿ ਕੇ ਆਪਣਾ ਬਚਾਅ ਕੀਤਾ ਕਿ ਉਕਤ ਜਗ੍ਹਾ 'ਤੇ ਲੋੜਵੰਦ ਲੜਕੀਆਂ ਦੇ ਵਿਆਹ ਸਮਾਗਮ ਆਦਿ ਕਰਵਾਏ ਜਾਣੇ ਸਨ ਤੇ ਮਿੱਟੀ ਪਾਉਣ ਦਾ ਕੰਮ ਦਾਨੀ ਸੱਜਣਾਂ ਵੱਲੋਂ ਕੀਤਾ ਗਿਆ ਸੀ। ਪੁਲੀਸ ਵੱਲੋਂ ਮਿੱਟੀ ਚੁੱਕਣ ਦੇ ਨਿਰਦੇਸ਼ ਬਾਅਦ ਬਾਉਲੀ ਵਾਲੀ ਜਗ੍ਹਾ ਤੋਂ ਮਿੱਟੀ ਬਾਹਰ ਕੱਢਣ ਲਈ ਲੇਬਰ ਲਗਾਈ ਗਈ। ਜਦ ਲੇਬਰ 6-7 ਫੁੱਟ ਹੇਠਾਂ ਖੂਹ ਵਿਚ ਪੁੱਜੀ ਤਾਂ ਉਥੋਂ ਗ੍ਰਨੇਡ ਮਿਲੇ।

### ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਸੱਤ ਸਾਲ ਦੀ ਸਜ਼ਾ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਪਾਕਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਨੇ ਨਵਾਜ਼ ਸ਼ਰੀਫ਼ ਨੂੰ ਅਲ-ਅਜ਼ੀਜ਼ੀਆ ਸਟੀਲ ਮਿੱਲ ਨਾਲ ਸਬੰਧਤ ਭ੍ਰਿਸ਼ਟਾਚਾਰ ਮਾਮਲੇ ਵਿਚ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਹਾਲਾਂਕਿ ਅਯੋਗ ਦੱਸ ਕੇ ਗੱਦੀਓਂ ਲਾਹੇ ਸਾਬਕਾ ਵਜ਼ੀਰੇ ਆਜ਼ਮ ਨੂੰ ਪਨਾਮਾ ਪੇਪਰ ਘੁਟਾਲੇ ਨਾਲ ਜੁੜੇ ਫਲੈਗਸ਼ਿਪ ਨਿਵੇਸ਼ ਭ੍ਰਿਸ਼ਟਾਚਾਰ ਕੇਸ 'ਚੋਂ ਬਰੀ ਕਰ ਦਿੱਤਾ ਹੈ। ਸ਼ਰੀਫ਼ ਪਰਿਵਾਰ ਖ਼ਿਲਾਫ਼ ਬਕਾਇਆ ਭ੍ਰਿਸ਼ਟਾਚਾਰ ਨਾਲ ਸਬੰਧਤ ਇਨ੍ਹਾਂ ਦੋ ਮਾਮਲਿਆਂ ਵਿਚ ਫੈਸਲਾ ਜਵਾਬਦੇਹੀ ਅਦਾਲਤ-2 ਦੇ ਜੱਜ ਮੁਹੰਮਦ ਅਰਸ਼ਦ ਮਲਿਕ ਨੇ ਸੁਣਾਇਆ।

# ਗੈਂਗਸਟਰ ਸੋਹਰਾਬੁਦੀਨ ਫ਼ਰਜ਼ੀ ਮੁਕਾਬਲਾ : ਸਾਰੇ 22 ਮੁਲਜ਼ਮ ਬਰੀ

**ਮੁੰਬਈ/ਬਿਊਰੋ ਨਿਊਜ਼ :** ਗੈਂਗਸਟਰ ਸੋਹਰਾਬੁਦੀਨ ਸ਼ੇਖ਼, ਉਨ੍ਹਾਂ ਦੀ ਪਤਨੀ ਕੌਸਰ ਬੀ ਤੇ ਸਹਾਇਕ ਤੁਲਸੀ ਪ੍ਰਜਾਪਤੀ ਨੂੰ ਕਥਿਤ ਫ਼ਰਜ਼ੀ ਮੁਕਾਬਲੇ ਵਿਚ ਮਾਰਨ ਦੇ ਕੇਸ 'ਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਸਾਰੇ 22 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਮੁਲਜ਼ਮਾਂ ਨੂੰ ਬਰੀ ਕਰਨ ਲਈ ਅਦਾਲਤ ਨੇ ਲੋੜੀਂਦੇ ਸਬੂਤਾਂ ਦੀ ਘਾਟ ਦਾ ਹਵਾਲਾ ਦਿੱਤਾ ਹੈ ਤੇ ਨਾਲ ਹੀ 'ਤਿੰਨ ਜਾਨਾਂ' ਚਲੇ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ।

ਇਸੇ ਦੌਰਾਨ ਸੋਹਰਾਬੁਦੀਨ ਦੇ ਭਰਾ ਰਬਾਬੁਦੀਨ ਨੇ ਕਿਹਾ ਹੈ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਉਪਰਲੀ ਅਦਾਲਤ ਵਿਚ ਜਾਣਗੇ। ਵਿਸ਼ੇਸ਼ ਸੀਬੀਆਈ ਜੱਜ ਐਸ.ਜੇ. ਸ਼ਰਮਾ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਕਾਨੂੰਨੀ ਢਾਂਚਾ ਬੇਸ਼ੱਕ ਸਿਰਫ਼ ਸਬੂਤਾਂ ਦੇ ਆਧਾਰ 'ਤੇ ਕੰਮ ਕਰਦਾ ਹੈ ਤੇ ਇਸਤਗਾਸਾ ਪੱਖ ਠੋਸ ਸਬੂਤ ਪੇਸ਼ ਕਰਨ ਵਿਚ ਨਾਕਾਮ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਤਗਾਸਾ ਪੱਖ ਵੱਲੋਂ ਪੇਸ਼ ਕੀਤੇ ਤੱਥ ਇਹ ਸਾਬਤ ਨਹੀਂ ਕਰਦੇ ਕਿ ਤਿੰਨਾਂ ਨੂੰ ਕਤਲ ਕਰਨ ਪਿੱਛੇ ਸਾਜ਼ਿਸ਼ ਰਚੀ ਗਈ ਸੀ ਜਾਂ ਮੁਲਜ਼ਮਾਂ ਦੀ ਇਸ ਵਿਚ ਕੋਈ ਭੂਮਿਕਾ ਸੀ। ਜੱਜ ਨੇ ਕਿਹਾ ਕਿ ਹੁਣ ਤੱਕ ਪੇਸ਼ ਕੀਤੇ ਗਏ ਸਬੂਤ ਤੇ ਦਰਜ ਕੀਤੇ ਗਏ ਬਿਆਨ ਤਿੰਨਾਂ ਮੌਤਾਂ ਤੇ 22 ਮੁਲਜ਼ਮਾਂ ਵਿਚਾਲੇ ਕੋਈ ਸੰਪਰਕ ਸਾਬਿਤ ਨਹੀਂ ਕਰਦੇ। ਇਸ ਲਈ ਸਾਜ਼ਿਸ਼ ਘੜਨ ਦਾ ਕੋਈ ਕੇਸ ਬਣਦਾ ਹੀ ਨਹੀਂ।

ਦੱਸਣਯੋਗ ਹੈ ਕਿ ਮੁਲਜ਼ਮਾਂ ਵਿਚ ਜ਼ਿਆਦਾਤਰ ਗੁਜਰਾਤ ਤੇ ਰਾਜਸਥਾਨ ਦੇ ਪੁਲੀਸ ਅਧਿਕਾਰੀ ਹਨ ਤੇ ਸੁਣਵਾਈ ਦੌਰਾਨ ਜ਼ਮਾਨਤ 'ਤੇ ਚੱਲ ਰਹੇ ਸਨ। ਤੇਰਾਂ ਸਾਲ ਚੱਲੇ ਇਸ ਕੇਸ ਵਿਚ ਕਈ ਮੋੜ ਆਏ ਹਨ ਤੇ ਸੁਣਵਾਈ ਦੌਰਾਨ ਇਸਤਗਾਸਾ ਪੱਖ ਵੱਲੋਂ ਪੇਸ਼ ਕੀਤੇ 92 ਗਵਾਹ ਮੁੱਕਰ ਚੁੱਕੇ ਹਨ। ਇਸ ਕੇਸ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਵੀ 2010 ਵਿਚ ਕੁਝ ਸਮੇਂ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ 2014 ਵਿਚ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ। ਵਿਸ਼ੇਸ਼ ਸੀਬੀਆਈ ਜੱਜ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ੇਖ਼ ਤੇ ਹੋਰਾਂ ਦਾ ਕਤਲ ਕੀਤਾ ਗਿਆ ਸੀ ਪਰ ਕੇਸ ਵਿਚ ਨਾਮਜ਼ਦ ਮੁਲਜ਼ਮਾਂ ਦੀ ਕੋਈ ਭੂਮਿਕਾ ਸਾਬਿਤ ਨਹੀਂ ਹੋ ਸਕੀ ਹੈ।



ਸੋਹਰਾਬੁਦੀਨ ਦਾ ਭਰਾ ਰਬਾਬੁਦੀਨ ਸ਼ੇਖ ਫੈਸਲੇ ਮਗਰੋਂ ਅਦਾਲਤ ਵਿਚੋਂ ਬਾਹਰ ਆਉਂਦਾ ਹੋਇਆ।

ਦੱਸਣਯੋਗ ਹੈ ਕਿ ਸ਼ੇਖ਼, ਕੌਸਰ ਬੀ ਤੇ ਪ੍ਰਜਾਪਤੀ ਨੂੰ 22 ਤੇ 23 ਨਵੰਬਰ 2005 ਦੀ ਦਰਮਿਆਨੀ ਰਾਤ ਨੂੰ ਹੈਦਰਾਬਾਦ ਤੋਂ ਮਹਾਰਾਸ਼ਟਰ ਦੇ ਸਾਂਗਲੀ ਆਉਂਦਿਆਂ ਪੁਲੀਸ ਟੀਮ ਨੇ ਹਿਰਾਸਤ ਵਿਚ ਲੈ ਲਿਆ ਸੀ। ਸ਼ੇਖ਼ ਤੇ ਕੌਸਰ ਨੂੰ ਇਕ ਵਾਹਨ ਅਤੇ ਪ੍ਰਜਾਪਤੀ ਨੂੰ ਇਕ ਹੋਰ ਵਾਹਨ ਵਿਚ ਲਿਜਾਇਆ ਗਿਆ ਸੀ। ਸੀਬੀਆਈ ਨੇ ਆਪਣੀ ਜਾਂਚ ਵਿਚ ਦੱਸਿਆ ਸੀ ਕਿ ਸ਼ੇਖ਼ ਨੂੰ 26 ਨਵੰਬਰ 2005 ਨੂੰ ਗੁਜਰਾਤ ਤੇ ਰਾਜਸਥਾਨ ਦੀ ਪੁਲੀਸ ਟੀਮ ਨੇ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਸੀ। ਜਦਕਿ ਕੌਸਰ ਬੀ ਦੀ ਤਿੰਨ ਦਿਨਾਂ ਬਾਅਦ ਹੱਤਿਆ ਕਰ ਦਿੱਤੀ ਗਈ। ਕੇਂਦਰੀ ਜੇਲ੍ਹ ਉਦੈਪੁਰ ਵਿਚ ਬੰਦ ਪ੍ਰਜਾਪਤੀ ਨੂੰ ਗੁਜਰਾਤ-ਰਾਜਸਥਾਨ ਸਰਹੱਦ 'ਤੇ ਹੋਏ ਇਕ ਮੁਕਾਬਲੇ ਵਿਚ 27 ਦਸੰਬਰ, 2006 ਨੂੰ ਮਾਰ ਦਿੱਤਾ ਗਿਆ ਸੀ। 22 ਮੁਲਜ਼ਮਾਂ ਵਿਚੋਂ 21 ਗੁਜਰਾਤ ਤੇ ਰਾਜਸਥਾਨ ਦੇ ਜੂਨੀਅਰ ਪੁਲੀਸ ਅਫ਼ਸਰ ਸਨ ਜਦਕਿ ਇਕ ਮੁਲਜ਼ਮ ਗੁਜਰਾਤ ਦੇ ਉਸ ਫਾਰਮ ਹਾਊਸ ਦਾ ਮਾਲਕ ਸੀ ਜਿੱਥੇ ਕਥਿਤ ਤੌਰ 'ਤੇ ਸ਼ੇਖ਼ ਅਤੇ ਕੌਸਰ ਬੀ ਨੂੰ ਕਤਲ ਕਰਨ ਤੋਂ ਪਹਿਲਾਂ ਰੱਖਿਆ ਗਿਆ ਸੀ। ਪੁਲੀਸ ਨੇ ਸੋਹਰਾਬੁਦੀਨ ਨੂੰ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਨਾਲ ਜੋੜਿਆ ਸੀ ਤੇ ਉਸ ਉੱਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ ਲਾਏ ਸਨ। ਸ੍ਰੀ ਮੋਦੀ ਉਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ ਸੀ। ਇਸ ਕੇਸ ਵਿਚ ਪਹਿਲਾਂ ਅਤਿ ਮਹੱਤਵਪੂਰਨ ਵਿਅਕਤੀਆਂ ਸਣੇ 38 ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਅਮਿਤ ਸ਼ਾਹ ਤੋਂ ਇਲਾਵਾ ਉਸ ਵੇਲੇ ਦੇ ਰਾਜਸਥਾਨ ਦੇ ਗ੍ਰਹਿ ਮੰਤਰੀ ਗੁਲਾਬਚੰਦ ਕਟਾਰੀਆ, ਸੀਨੀਅਰ ਆਈਪੀਐੱਸ ਡੀਜੀ ਵੰਜ਼ਾਰਾ ਤੇ ਪੀਸੀ ਪਾਂਡੇ ਨੂੰ ਸੀਬੀਆਈ ਅਦਾਲਤ ਪਹਿਲਾਂ ਹੀ ਸਬੂਤਾਂ ਦੀ ਘਾਟ ਦੱਸ ਕੇ ਬਰੀ ਕਰ ਚੁੱਕੀ ਹੈ।

# ਸ਼ਿਲਾਂਗ ਦੇ ਸਿੱਖਾਂ ਨੂੰ ਡਰਾਉਣ-ਧਮਕਾਉਣ ਦਾ ਸਿਲਸਿਲਾ ਜਾਰੀ

**ਖੰਨਾ/ਬਿਊਰੋ ਨਿਊਜ਼ :** ਭਾਰਤ ਦੇ ਉਤਰ-ਪੂਰਬੀ ਰਾਜ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ 'ਚ ਸਿੱਖਾਂ ਨੂੰ ਡਰਾਉਣ-ਧਮਕਾਉਣ ਦਾ ਸਿਲਸਿਲਾ ਹਾਲਾਂ ਵੀ ਜਾਰੀ ਹੈ। 200 ਸਾਲਾਂ ਤੋਂ ਵਧੇਰੇ ਸਮੇਂ ਤੋਂ ਇਥੇ ਰਹਿ ਰਹੇ ਸਿੱਖਾਂ ਨੂੰ ਪੰਜਾਬੀ ਬਸਤੀ ਛੱਡ ਕੇ ਜਾਣ ਲਈ ਕਥਿਤ ਰੂਪ 'ਚ ਮੇਘਾਲਿਆ ਦੇ ਉਪ ਮੁੱਖ ਮੰਤਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਵਲੋਂ ਦਬਾਉਣ ਅਤੇ ਧਮਕਾਉਣ ਖ਼ਿਲਾਫ਼ ਸਿੱਖਾਂ ਦੇ ਇਕ ਵਫ਼ਦ ਨੇ ਸ਼ਿਲਾਂਗ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਦੀ ਅਗਵਾਈ 'ਚ ਮੇਘਾਲਿਆ ਦੇ ਰਾਜਪਾਲ ਸ੍ਰੀ ਤਥਾਗਤ ਰੌਏ ਨੂੰ ਮਿਲ ਕੇ ਦਖ਼ਲ-ਅੰਦਾਜ਼ੀ ਦੀ ਮੰਗ ਕੀਤੀ ਹੈ।

ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਸਕੂਲ ਸ਼ਿਲਾਂਗ ਲਈ ਐਲਾਨੀ 50 ਲੱਖ ਰੁਪਏ ਦੀ ਗਰਾਂਟ ਅਤੇ 3 ਪੀੜਤ ਪਰਿਵਾਰਾਂ ਲਈ ਐਲਾਨੀ 10 ਲੱਖ ਰੁਪਏ ਦੀ ਗਰਾਂਟ ਖ਼ਿਲਾਫ਼ ਮੇਘਾਲਿਆ ਦੇ ਡਿਪਟੀ ਮੁੱਖ ਮੰਤਰੀ ਪ੍ਰੈਸਟੋਨ ਟਿਨਸੋਂਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹੈਮਲਸਟਨ ਡੋਹਲਿੰਗ ਨੇ ਬਿਆਨ ਦਿੱਤਾ ਸੀ ਕਿ ਉਹ ਪੰਜਾਬ ਸਰਕਾਰ ਵਲੋਂ ਦਿੱਤੀ ਰਕਮ ਸਿੱਖਾਂ ਨੂੰ ਵਰਤਣ ਨਹੀਂ ਦੇਣਗੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਉਹ ਪੰਜਾਬੀਆਂ ਦੇ ਉੱਥੇ ਆਉਣ ਦੇ ਰੁਝਾਨ ਤੋਂ ਦੁਖੀ ਅਤੇ ਨਾਖ਼ੁਸ਼ ਹਨ। ਵਫ਼ਦ ਨੇ ਰਾਜਪਾਲ ਤੋਂ ਮੰਗ ਕੀਤੀ ਕਿ ਉਹ ਮੇਘਾਲਿਆ ਸਰਕਾਰ ਨੂੰ ਗੁਰੂ ਨਾਨਕ ਸਕੂਲ ਲਈ ਪੰਜਾਬ ਸਰਕਾਰ ਵਲੋਂ ਆਈ ਗਰਾਂਟ ਵਰਤਣ 'ਚ ਅੜਿੱਕਾ ਡਾਹੁਣ ਤੋਂ ਰੋਕਣ।

ਸ਼ਿਲਾਂਗ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਰਾਜਪਾਲ ਨੂੰ ਦਸਤਾਵੇਜ਼ਾਂ ਸਮੇਤ ਦੱਸਿਆ ਹੈ ਕਿ ਇਸ ਸਕੂਲ ਦੀ ਜਗ੍ਹਾ ਬਾਰੇ ਕੋਈ ਵਿਵਾਦ ਹੀ ਨਹੀਂ ਹੈ ਅਤੇ ਸਾਡੀ ਪੰਚਾਇਤ ਕਮੇਟੀ ਕੋਲ ਇਸ ਦਾ ਪਟਾ ਵੀ ਹੈ। ਉਨ੍ਹਾਂ ਕਿਹਾ ਕਿ ਇਸ



ਮੇਘਾਲਿਆ ਦੇ ਰਾਜਪਾਲ ਨੂੰ ਮਿਲਦੇ ਸਮੇਂ ਸਿੱਖਾਂ ਦਾ ਵਫ਼ਦ ਦੀ ਅਗਵਾਈ ਕਰਦੇ ਹੋਏ ਗੁਰਦੁਆਰਾ ਕਮੇਟੀ ਸਿਲਾਂਗ ਦੇ ਪ੍ਰਧਾਨ ਗੁਰਜੀਤ ਸਿੰਘ ਅਤੇ ਹੋਰ।

ਸਕੂਲ ਨੂੰ ਪਹਿਲਾਂ ਵੀ ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਅਤੇ ਮੁੱਖ ਮੰਤਰੀਆਂ ਵਲੋਂ ਕਈ ਵਾਰ ਗਰਾਂਟ ਮਿਲੀ ਹੈ, ਜੋ ਕਦੇ ਰੋਕੀ ਨਹੀਂ ਗਈ। ਉਨ੍ਹਾਂ ਕਿਹਾ ਕਿ ਸਕੂਲ 'ਚ ਕੇਵਲ ਸਿੱਖ ਵਿਦਿਆਰਥੀ ਹੀ ਨਹੀਂ ਹਨ ਸਗੋਂ ਹੋਰ ਧਰਮਾਂ ਦੇ ਗ਼ਰੀਬ ਵਿਦਿਆਰਥੀ ਵੀ ਪੜ੍ਹਦੇ ਹਨ। ਗੁਰਜੀਤ ਸਿੰਘ ਨੇ ਕਿਹਾ ਕਿ ਲੰਘੇ ਜੂਨ ਮਹੀਨੇ 'ਚ ਹੋਏ ਹਿੰਸਕ ਹਾਦਸਿਆਂ ਤੋਂ ਬਾਅਦ ਮੇਘਾਲਿਆ ਸਰਕਾਰ ਨੇ ਡਿਪਟੀ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਇਕ ਉੱਚ ਪੱਧਰੀ ਕਮੇਟੀ ਬਣਾਈ ਸੀ ਪਰ ਇਹ ਕਮੇਟੀ ਇਨਸਾਫ਼ ਕਰਨ ਦੀ ਥਾਂ ਸ਼ਿਲਾਂਗ ਕਾਸਲ ਬੋਰਡ ਰਾਹੀਂ ਗ਼ੈਰ-ਕਾਨੂੰਨੀ ਸਰਵੇ ਕਰਵਾ ਕੇ ਗ਼ਰੀਬ ਸਿੱਖਾਂ ਨੂੰ ਉਜਾੜਨ ਦੇ ਮਨਸੂਬੇ ਬਣਾ

ਰਹੀ ਹੈ। ਹਾਲਾਂਕਿ ਇਸ ਉੱਚ ਪੱਧਰੀ ਕਮੇਟੀ ਦੀਆਂ ਕਾਰਵਾਈਆਂ 'ਤੇ ਘੱਟ-ਗਿਣਤੀ ਕਮਿਸ਼ਨ, ਮਨੁੱਖੀ ਅਧਿਕਾਰ ਕਮਿਸ਼ਨ ਅਤੇ ਮੇਘਾਲਿਆ ਹਾਈ ਕੋਰਟ ਨੇ ਸਿੱਖਾਂ ਨੂੰ ਪੰਜਾਬੀ ਕਾਲੋਨੀ ਤੋਂ ਹਟਾਉਣ ਦੇ ਯਤਨਾਂ ਉੱਪਰ ਰੋਕ ਵੀ ਲਾਈ ਹੋਈ ਹੈ ਪਰ ਇਹ ਫਿਰ ਵੀ ਸਿੱਖਾਂ ਨੂੰ ਇੱਥੋਂ ਭਜਾਉਣ ਦੀਆਂ ਕੋਸ਼ਿਸ਼ਾਂ 'ਚ ਲੱਗੇ ਹੋਏ ਹਨ। ਸਿੱਖ ਵਫ਼ਦ ਨੇ ਰਾਜਪਾਲ ਦੀ ਦਖ਼ਲਅੰਦਾਜ਼ੀ ਦੀ ਮੰਗ ਕਰਦੇ ਹੋਏ ਕਿਹਾ ਕਿ ਸੰਨ 2006 ਤੋਂ ਠੰਢੇ ਬਸਤੇ ਵਿਚ ਪਈਆਂ 218 ਸਿੱਖ ਪਰਿਵਾਰਾਂ ਦੀਆਂ ਪਟਿਆਂ ਸਬੰਧੀ ਅਰਜ਼ੀਆਂ ਉਤੇ ਕਾਰਵਾਈ ਕਰਕੇ ਸਾਨੂੰ ਪਟੇ ਦਿਵਾਏ ਜਾਣ। ਪੰਜਾਬੀ ਕਾਲੋਨੀ 'ਚ ਵਸਦੇ ਸਿੱਖਾਂ ਨੂੰ ਅਤੇ ਹੋਰ ਬਰਾਦਰੀਆਂ ਨੂੰ ਵਿਦਿਆਰਥੀ ਜਥੇਬੰਦੀਆਂ, ਕਬਾਇਲੀ ਸਮਾਜਿਕ ਗ਼ੈਰ-ਸਰਕਾਰੀ ਜਥੇਬੰਦੀਆਂ, ਅੱਤਵਾਦੀ ਜਥੇਬੰਦੀ ਐਚਐਨਐਲਸੀ. ਅਤੇ ਸਿਆਸੀ ਆਗੂਆਂ ਵਲੋਂ ਲਗਾਤਾਰ ਸਿੱਧੇ ਅਤੇ ਅਸਿੱਧੇ ਤਰੀਕਿਆਂ ਨਾਲ ਡਰਾਇਆ ਧਮਕਾਇਆ ਜਾ ਰਿਹਾ ਹੈ। ਰਾਜਪਾਲ ਨੂੰ ਮਿਲੇ ਵਫ਼ਦ ਵਿਚ ਪੰਚਾਇਤ ਕਮੇਟੀ ਦੇ ਮੁਖੀ ਬਿੱਲੂ ਸਿੰਘ, ਡਿਪਟੀ ਮੁਖੀ ਸੁਖਵਿੰਦਰ ਸਿੰਘ, ਪੰਚਾਇਤ ਮੈਂਬਰ ਸ਼ਾਮ ਸਿੰਘ, ਤਜਿੰਦਰ ਸਿੰਘ ਅਤੇ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਪ੍ਰਿਥੀਦਾਸ ਵੀ ਸ਼ਾਮਿਲ ਸਨ।

### ਦਰਬਾਰ ਸਾਹਿਬ ਦੀ ਤਸਵੀਰ ਦੀ ਬੇਹੁਰਮਤੀ ਦਾ ਮਾਮਲਾ

## ਐਮਾਜ਼ੌਨ ਕੰਪਨੀ ਨੇ ਸਿੱਖ ਕੌਮ ਤੋਂ ਮੰਗੀ ਮਾਫ਼ੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਭੇਜੇ ਗਏ ਲੀਗਲ ਨੋਟਿਸ ਦਾ ਜਵਾਬ ਦਿੰਦਿਆਂ ਆਨਲਾਈਨ ਸ਼ਾਪਿੰਗ ਕੰਪਨੀ ਐਮਾਜ਼ੌਨ ਨੇ ਆਪਣੀ ਗਲਤੀ 'ਤੇ ਮੁਆਫੀ ਮੰਗੀ ਹੈ। ਕੰਪਨੀ ਵੱਲੋਂ ਸਮੁੱਚੀ ਮਨੁੱਖਤਾ ਦੇ ਅਧਿਆਤਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨੂੰ ਟਾਇਲਟ ਸੀਟ ਦੇ ਮੈਟ 'ਤੇ ਲਗਾਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਐਮਾਜ਼ੌਨ ਨੂੰ ਲੀਗਲ ਨੋਟਿਸ ਭੇਜਿਆ ਗਿਆ ਸੀ, ਜਿਸ ਦੇ ਜਵਾਬ ਵਿਚ ਕੰਪਨੀ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਣ ਕਾਰਨ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਕੰਪਨੀ ਅਨੁਸਾਰ ਉਸ ਨੇ ਆਪਣੇ ਵਿਵਾਦਤ ਉਤਪਾਦ ਹਟਾ ਦਿੱਤੇ ਹਨ।

ਸ਼੍ਰੋਮਣੀ ਕਮੇਟੀ ਨੂੰ ਭੇਜੇ ਗਏ ਪੱਤਰ ਰਾਹੀਂ ਕੰਪਨੀ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਉਹ ਹਰ ਧਰਮ ਦਾ ਸਤਿਕਾਰ ਕਰਦੇ ਹਨ ਅਤੇ ਤੀਸਰੀ ਧਿਰ ਵੱਲੋਂ ਕੀਤੀ ਗਲਤੀ ਲਈ ਉਨ੍ਹਾਂ ਨੂੰ ਬੇਹੱਦ ਅਫਸੋਸ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਕੰਪਨੀ ਵੱਲੋਂ ਭੇਜਿਆ ਪੱਤਰ ਸ਼੍ਰੋਮਣੀ ਕਮੇਟੀ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਦੇ ਡਾਇਰੈਕਟਰ ਪਬਲਿਕ ਰੀਲੇਸ਼ਨ ਮਿਸਟਰ ਅਵਿਨਾਸ਼ ਨੇ ਉਨ੍ਹਾਂ ਨਾਲ ਫੋਨ 'ਤੇ ਗੱਲ ਵੀ ਕੀਤੀ ਹੈ ਅਤੇ ਹੋਈ ਗਲਤੀ ਲਈ ਸਿੱਖ ਜਗਤ ਪਾਸੋਂ ਖਿਮਾ ਜਾਚਨਾ ਕੀਤੀ ਹੈ। ਮੁੱਖ ਸਕੱਤਰ ਅਨੁਸਾਰ ਕੰਪਨੀ ਨੇ ਅੱਗੇ ਤੋਂ ਸੁਚੇਤ ਰਹਿਣ ਦਾ ਭਰੋਸਾ ਦਿਵਾਉਂਦਿਆਂ ਕਿਹਾ ਹੈ ਕਿ ਜੇਕਰ ਅੱਗੇ ਤੋਂ ਕੋਈ ਤੀਜੀ ਧਿਰ ਅਜਿਹਾ ਕਰਦੀ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

## ਜੁਝਾਰੂ ਸਿੰਘ ਭਾਈ ਦਿਲਬਾਗ ਸਿੰਘ ਬਾਘਾ 28 ਸਾਲ ਬਾਅਦ ਘਰ ਪਰਤਿਆ

**ਪਟਿਆਲਾ/ਬਿਊਰੋ ਨਿਊਜ਼ :** ਸਰਕਾਰ ਵੱਲੋਂ 19 ਸਾਲ ਤੋਂ ਜੇਲ੍ਹ ਵਿਚ ਬੰਦ ਜੁਝਾਰੂ ਸਿੰਘ ਦਿਲਬਾਗ ਸਿੰਘ ਬਾਘਾ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਘੱਗਾ ਥਾਣੇ ਅਧੀਨ ਪੈਂਦੇ ਪਿੰਡ ਅਤਾਲਾਂ ਦਾ ਦਿਲਬਾਗ ਸਿੰਘ ਕਤਲ ਤੇ ਟਾਡਾ ਐਕਟ ਦੇ ਦੋ ਦਰਜਨ ਕੇਸਾਂ ਅਧੀਨ 19 ਸਾਲ ਤੋਂ ਜੇਲ੍ਹ ਵਿਚ ਬੰਦ ਸੀ। ਉਹ ਗ੍ਰਿਫਤਾਰੀ ਤੋਂ ਪਹਿਲਾਂ 9 ਸਾਲ ਭਗੌੜਾ ਵੀ ਰਿਹਾ ਸੀ, ਇਸ ਤਰ੍ਹਾਂ ਉਹ 28 ਸਾਲਾਂ ਬਾਅਦ ਘਰ ਪਰਤਿਆ ਹੈ।



ਜ਼ਿਕਰਯੋਗ ਹੈ ਕਿ ਖਾੜਕੂਵਾਦ ਦੌਰਾਨ ਬਾਘਾ 'ਤੇ ਦੋ ਦਰਜਨ ਕੇਸ ਦਰਜ ਹੋਏ ਜਿਨ੍ਹਾਂ ਵਿਚੋਂ ਵੀਹ ਦੇ ਕਰੀਬ ਕਤਲਾਂ ਨਾਲ ਸਬੰਧਤ ਮਾਮਲੇ ਸਨ ਪਰ ਇਨ੍ਹਾਂ ਵਿਚੋਂ ਦੋ ਕੇਸਾਂ ਵਿਚੋਂ ਹੀ ਸਜ਼ਾ ਹੋਈ ਜਿਨ੍ਹਾਂ ਵਿਚੋਂ ਵੀ ਹਰਿਆਣਾ ਨਾਲ਼ ਸਬੰਧਤ ਇੱਕ ਕੇਸ ਵਿਚੋਂ ਉਸ ਨੂੰ ਸੁਪਰੀਮ ਕੋਰਟ ਨੇ ਬਰੀ ਕਰ ਦਿੱਤਾ ਸੀ। ਇਹ ਕੇਸ ਘੱਗਾ ਥਾਣੇ ਵਿਚ ਸਾਲ 1992 'ਚ ਦਰਜ ਹੋਇਆ ਜਿਸ ਵਿਚ ਹੋਈ ਉਮਰ ਕੈਦ ਦੀ ਸਜ਼ਾ ਤਹਿਤ ਉਹ 1999 ਤੋਂ ਹੁਣ ਤੱਕ ਜੇਲ੍ਹ ਵਿਚ ਹੀ ਰਿਹਾ। ਘਰ ਪਰਤਣ ਤੋਂ ਬਾਅਦ ਬਾਘਾ ਨੇ ਦੱਸਿਆ ਕਿ ਪੁਲੀਸ ਨੇ ਉਸ 'ਤੇ ਝੂਠੇ ਕੇਸ ਦਰਜ ਕੀਤੇ ਸਨ। ਉਸ ਨੇ ਗ੍ਰਿਫ਼ਤਾਰੀ ਦੇ ਡਰੋਂ ਸਾਲ 1990 ਵਿਚ ਘਰ ਛੱਡ ਦਿੱਤਾ ਸੀ ਪਰ 1999 ਵਿਚ ਦਿੱਲੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਉਸ ਨੇ ਕਿਹਾ ਕਿ ਘੱਗਾ ਥਾਣੇ ਦੇ ਕੇਸ ਵਿਚ ਹੋਈ ਉਮਰ ਕੈਦ ਤਹਿਤ ਉਸ ਦੀ ਰਿਹਾਈ 14 ਸਾਲਾਂ ਬਾਅਦ ਹੋਣੀ ਬਣਦੀ ਸੀ ਪਰ ਉਸ ਨੂੰ 19 ਸਾਲਾਂ ਤੱਕ ਜੇਲ੍ਹ ਵਿਚ ਬੰਦ ਰੱਖਿਆ ਗਿਆ। ਉਹ ਭਾਵੇਂ ਪਹਿਲਾਂ ਵੀ ਪੈਰੋਲ 'ਤੇ ਬਾਹਰ ਆਉਂਦਾ ਰਿਹਾ ਹੈ ਪਰ ਜੇਲ੍ਹ ਤੋਂ ਮੁਕੰਮਲ ਮੁਕਤੀ ਹੁਣ ਹੀ ਮਿਲੀ ਹੈ। ਉਸ ਨੇ ਆਪਣੀ ਰਿਹਾਈ ਲਈ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਸਜ਼ਾ ਪੂਰੀ ਕਰ ਚੁੱਕੇ ਬਾਕੀ ਸਿੱਖ ਬੰਦੀਆਂ ਦੀ ਵੀ ਰਿਹਾਈ ਹੋਣੀ ਚਾਹੀਦੀ ਹੈ। ਉਸ ਨੇ ਕਿਹਾ ਕਿ 2002 ਦੀ ਸਰਕਾਰ ਮੌਕੇ ਵੀ ਅਮਰਿੰਦਰ ਸਿੰਘ ਨੇ ਤਿੰਨ ਦਰਜਨ ਦੇ ਕਰੀਬ ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਸੀ। ਉਸ ਨੇ ਕਿਹਾ ਕਿ ਹੁਣ ਉਹ ਘਰ ਰਹਿ ਕੇ ਖੇਤੀਬਾੜੀ ਕਰੇਗਾ।

ਇਸੇ ਦੌਰਾਨ ਉਸ ਨੇ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਮੱਥਾ ਵੀ ਟੇਕਿਆ। ਦੱਸਣਯੋਗ ਹੈ ਕਿ 56 ਸਾਲਾ ਬਾਘਾ ਨੇ ਅੱਧੀ ਉਮਰ ਜੇਲ੍ਹ ਵਿਚ ਹੀ ਲੰਘਾਈ ਹੈ।

## ਜਹਾਜ਼ ਵਿਚ ਔਰਤ ਨਾਲ ਛੇੜਛਾੜ ਕਰਨ ਦੇ ਦੋਸ਼ ਵਿਚ ਭਾਰਤੀ ਨੂੰ 9 ਸਾਲ ਦੀ ਜੇਲ੍ਹ

**ਲਾਸ ਵੇਗਾਸ/ਹੁਸਨ ਲੜੋਆ ਬੰਗਾ :** ਅਦਾਲਤ ਵੱਲੋਂ ਇਥੇ ਵਰਕ ਵੀਜ਼ੇ ਉਪਰ ਰਹਿ ਰਹੇ ਇਕ ਭਾਰਤੀ ਨੂੰ ਜਹਾਜ਼ ਵਿਚ ਸੁੱਤੀ ਪਈ ਇਕ ਔਰਤ ਉਪਰ ਸਰੀਰਕ ਸ਼ੋਸ਼ਣ ਦੇ ਇਰਾਦੇ ਨਾਲ ਹਮਲਾ ਕਰਨ ਦੇ ਦੋਸ਼ ਵਿਚ 9 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਸਾਲ ਜਨਵਰੀ ਵਿਚ ਪ੍ਰਭੂ ਰਾਮਾਮੂਰਤੀ ਨਾਮੀ ਵਿਅਕਤੀ ਆਪਣੀ ਪਤਨੀ ਨਾਲ ਸਪਿਰਟ ਏਅਰਲਾਈਨਜ਼ ਦੇ ਜਹਾਜ਼ ਵਿਚ ਲਾਸ ਵੇਗਾਸ ਤੋਂ ਸਵਾਰ ਹੋਇਆ ਸੀ। ਇਹ ਜਹਾਜ਼ ਡੈਟਰਾਇਟ ਜਾ ਰਿਹਾ ਸੀ। ਉਹ ਆਪਣੀ ਪਤਨੀ ਤੇ ਇਕ ਹੋਰ ਔਰਤ ਦੇ ਵਿਚਕਾਰ ਬੈਠਾ ਸੀ। 23 ਸਾਲਾ ਔਰਤ ਨੇ ਦੋਸ਼ ਲਾਇਆ ਕਿ ਦੋਸ਼ੀ ਨੇ ਰਾਤ ਵੇਲੇ ਉਸ ਨਾਲ ਛੇੜਛਾੜ ਕੀਤੀ।



ਸਜ਼ਾ ਪੂਰੀ ਹੋਣ 'ਤੇ ਉਸ ਨੂੰ ਭਾਰਤ ਵਾਪਿਸ ਭੇਜ ਦਿੱਤਾ ਜਾਵੇਗਾ। ਇਸਤਗਾਸਾ ਪੱਖ ਨੇ ਦੋਸ਼ੀ ਨੂੰ 11 ਸਾਲ ਸਜ਼ਾ ਦੇਣ ਦੀ ਵਕਾਲਤ ਕੀਤੀ ਸੀ ਪਰ ਜ਼ਿਲ੍ਹਾ ਜੱਜ ਟੈਰੈਂਸ ਬਰਗ ਨੇ 9 ਸਾਲ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਉਸ ਨੂੰ ਆਸ ਹੈ ਕਿ ਇਹ ਸਜ਼ਾ ਹੋਰ ਲੋਕਾਂ ਨੂੰ ਅਜਿਹਾ ਗੁਨਾਹ ਕਰਨ ਤੋਂ ਰੋਕਣ ਲਈ ਕਾਫੀ ਹੈ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆਗਾਮੀ ਵਰ੍ਹੇ ਲੋਕ ਸਭਾ ਚੋਣਾਂ ਤੋਂ ਬਾਅਦ ਹੋਣ ਦੀ ਸੰਭਾਵਨਾ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਗਾਮੀ ਵਰ੍ਹੇ ਲੋਕ ਸਭਾ ਚੋਣਾਂ ਤੋਂ ਬਾਅਦ ਹੋਣ ਦੀ ਸੰਭਾਵਨਾ ਹੈ। ਦਸੰਬਰ-2011 ਵਿਚ ਬਣੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀ ਮਿਆਦ ਦੋ ਸਾਲ ਪਹਿਲਾਂ ਦਸੰਬਰ-2016 ਵਿਚ ਹੀ ਮੁਕੰਮਲ ਹੋ ਚੁੱਕੀ ਹੈ। ਇਹ ਖੁਲਾਸਾ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸੀਨੀਅਰ ਐਡਵੋਕੇਟ ਐੱਚ ਐੱਸ ਫੂਲਕਾ ਨੂੰ ਭੇਜੇ ਗਏ ਇੱਕ ਪੱਤਰ ਵਿਚ ਕੀਤਾ ਗਿਆ ਹੈ। ਕੇਂਦਰ ਸਰਕਾਰ ਦੀ ਅੰਦਰੂਨੀ ਸੁਰੱਖਿਆ ਦੀ ਡਿਵੀਜ਼ਨ ਦੇ ਡਾਇਰੈਕਟਰ ਗੋਪੀ ਚੰਦਰ ਵੱਲੋਂ ਭੇਜੇ ਪੱਤਰ ਵਿਚ ਦੱਸਿਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀ ਮਿਆਦ 16 ਦਸੰਬਰ-2016 ਨੂੰ ਪੂਰੀ ਹੋ ਚੁੱਕੀ ਹੈ। ਐਡਵੋਕੇਟ ਫੂਲਕਾ ਵੱਲੋਂ 9 ਅਕਤੂਬਰ 2018 ਨੂੰ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਭੇਜ ਕੇ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 51 ਹੇਠ ਇਸ ਸਬੰਧੀ ਜਾਣਕਾਰੀ ਮੰਗੀ ਗਈ ਸੀ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਇਹ ਪੱਤਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤਾ ਗਿਆ ਸੀ, ਜਿਸ ਦਾ ਹੁਣ ਗ੍ਰਹਿ ਮੰਤਰਾਲੇ ਵੱਲੋਂ ਐਡਵੋਕੇਟ ਐੱਚਐੱਸ ਫੂਲਕਾ ਨੂੰ ਪੱਤਰ ਭੇਜ ਕੇ ਜਵਾਬ ਦਿੱਤਾ ਗਿਆ ਹੈ। ਇਸ ਪੱਤਰ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਮੌਜੂਦਾ ਹਾਊਸ 16 ਦਸੰਬਰ 2011 ਨੂੰ ਇਕ ਨੋਟੀਫਿਕੇਸ਼ਨ ਰਾਹੀਂ ਗਠਿਤ ਹੋ



ਗਿਆ ਸੀ ਅਤੇ ਇਸ ਦੀ ਮਿਆਦ 16 ਦਸੰਬਰ 2016 ਨੂੰ ਪੂਰੀ ਹੋ ਚੁੱਕੀ ਹੈ।

ਗੁਰਦੁਆਰਾ ਚੋਣਾਂ ਵਾਸਤੇ ਚੀਫ਼ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਕਰਨ ਲਈ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਅਗਸਤ-2018 ਵਿਚ ਨਵਾਂ ਗੁਰਦੁਆਰਾ ਚੋਣ ਕਮਿਸ਼ਨਰ ਚੁਣਿਆ ਗਿਆ ਸੀ ਪਰ ਉਨ੍ਹਾਂ ਵੱਲੋਂ ਇਸ ਅਹੁਦੇ ਦਾ ਕਾਰਜਭਾਰ ਸਾਂਭਣ ਤੋਂ ਅਸਮਰੱਥਾ ਪ੍ਰਗਟਾਈ ਗਈ ਸੀ, ਜਿਸ ਕਾਰਨ ਇਸ ਮਾਮਲੇ ਵਿਚ ਦੇਰ ਹੋਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦੀ ਨਵੀਂ ਨਿਯੁਕਤੀ ਲਈ ਪ੍ਰਕਿਰਿਆ ਜਾਰੀ ਹੈ।

ਸ੍ਰੀ ਫੂਲਕਾ ਨੇ ਦੱਸਿਆ ਕਿ ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਪੱਤਰ ਭੇਜਿਆ ਸੀ ਕਿ ਉਹ ਕੇਂਦਰ ਸਰਕਾਰ ਉਤੇ ਜ਼ੋਰ ਪਾ ਕੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਾਉਣ ਲਈ ਦਬਾਅ ਪਾਉਣ ਪਰ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਹੋਈ ਹੈ ਜਦੋਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਸੰਨ 2011 ਵਿਚ ਚੁਣੇ ਹਾਊਸ ਦੀ ਮਿਆਦ ਦਸੰਬਰ-2016 ਵਿਚ ਪੂਰੀ ਹੋ ਚੁੱਕੀ ਹੈ।

## ਚਮਕੌਰ ਦੀ ਗੜ੍ਹੀ ਦਾ ਪੁਰਾਤਨ ਦਿੱਖ ਵਾਲਾ ਇਮਾਰਤੀ ਢਾਂਚਾ ਤਿਆਰ

**ਚਮਕੌਰ ਸਾਹਿਬ/ਬਿਊਰੋ ਨਿਊਜ਼ :**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘਾਂ ਦੀ ਮੁਗਲ ਫੌਜਾਂ ਨਾਲ ਹੋਈ ਅਸਾਂਵੀ ਲੜਾਈ ਦੀ ਚਸ਼ਮਦੀਦ ਗਵਾਹ ਚਮਕੌਰ ਦੀ ਕੱਚੀ ਗੜ੍ਹੀ ਨੂੰ ਪੁਰਾਤਨ ਦਿੱਖ ਦਿੱਤੀ ਗਈ ਹੈ। ਇਸ ਤਹਿਤ ਦਰਸ਼ਨੀ ਡਿਊਢੀ ਦੇ ਗੇਟ ਦਾ ਲੈਂਟਰ ਪਾਉਣ ਨਾਲ



ਕੰਮ ਮੁਕੰਮਲ ਹੋ ਗਿਆ ਹੈ। ਕੱਚੀ ਗੜ੍ਹੀ ਦੀ ਕਾਰਸੇਵਾ ਕਰਵਾਉਣ ਵਾਲੇ ਜਥੇਦਾਰ ਬਾਈ ਦੀਪ ਸਿੰਘ ਘੜੂੰਆਂ ਅਤੇ ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਸਿੱਖ ਪੰਥ ਨਾਲ ਸਬੰਧਤ ਪੁਰਾਤਨ ਅਤੇ ਇਤਿਹਾਸਕ ਮਹੱਤਵ ਵਾਲੀਆਂ ਇਮਾਰਤਾਂ ਨੂੰ ਪਰਾਤਨ ਦਿੱਖ ਦੇਣ ਦੇ ਉਦੇਸ਼ ਨਾਲ ਉਨ੍ਹਾਂ ਨੂੰ ਸਾਲ 2015 ਵਿਚ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੀ ਕਾਰ ਸੇਵਾ ਸੌਂਪੀ ਗਈ ਸੀ, ਜਿਸ ਨੂੰ ਕਾਰ ਸੇਵਾ ਦੇ ਮਾਹਿਰ ਮਿਸਤਰੀਆਂ ਨੇ ਛੋਟੀਆਂ ਟਾਇਲਾਂ ਰਾਹੀਂ ਇਸ ਗੜ੍ਹੀ ਨੂੰ ਮੁੜ ਪੁਰਾਤਨ ਦਿੱਖ ਦੇਣ ਦਾ ਕਾਰਜ ਮਿਥੇ ਸਮੇਂ ਅੰਦਰ ਨੇਪਰੇ ਚੜ੍ਹਾਇਆ ਹੈ। ਬਾਈ ਦੀਪ ਸਿੰਘ ਨੇ ਦੱਸਿਆ ਕਿ ਦਰਸ਼ਨੀ ਡਿਊਢੀ ਦੇ ਗੇਟ (500 ਵਰਗ ਫੁੱਟ ਏਰੀਏ) 'ਤੇ ਸਿੱਖ ਸੰਗਤ ਦੇ ਸਹਿਯੋਗ ਨਾਲ ਲੈਂਟਰ ਪਾ ਕੇ ਗੜ੍ਹੀ ਵਿਖੇ ਚੱਲ ਰਹੇ ਕਾਰਜ ਸੰਪੂਰਨ ਕੀਤੇ ਗਏ ਹਨ। ਇਸ ਮੌਕੇ ਭਾਈ ਗੁਰਦਿਆਲ ਸਿੰਘ, ਬਾਬਾ ਕਰਨੈਲ ਸਿੰਘ, ਬਾਬਾ ਸੁਰਮੁਖ ਸਿੰਘ, ਬਾਬਾ ਪਰਮਜੀਤ ਸਿੰਘ ਗੋਗੀ, ਭਾਈ ਪ੍ਰਿਥੀ ਸਿੰਘ ਅਤੇ ਫੋਰਮੈਨ ਕਾਲਾ ਸਿੰਘ ਹਾਜ਼ਰ ਸਨ।

## ਪੱਛਮੀ ਬੰਗਾਲ 'ਚ ਭਾਜਪਾ ਦੀ ਰੱਥ ਯਾਤਰਾ 'ਤੇ ਹਾਈ ਕੋਰਟ ਨੇ ਲਗਾਈ ਰੋਕ

**ਕੋਲਕਾਤਾ/ਬਿਊਰੋ ਨਿਊਜ਼ :**

ਪੱਛਮੀ ਬੰਗਾਲ 'ਚ ਭਾਜਪਾ ਦੀ ਰੱਥ ਯਾਤਰਾ 'ਤੇ ਕੋਲਕਾਤਾ ਹਾਈ ਕੋਰਟ ਨੇ ਰੋਕ ਲਾ ਦਿੱਤੀ ਹੈ। ਹਾਈ ਕੋਰਟ ਦੀ ਚੀਫ਼ ਜਸਟਿਸ ਦੀ ਪ੍ਰਧਾਨਗੀ ਬੈਂਚ ਨੇ ਸੂਬੇ ਦੀ ਮਮਤਾ ਸਰਕਾਰ ਨੂੰ ਵੱਡੀ ਰਾਹਤ ਦਿੰਦੇ ਹੋਏ ਸਿੰਗਲ ਬੈਂਚ ਦੇ ਆਦੇਸ਼ ਨੂੰ ਰੱਦ ਕਰ ਦਿੱਤਾ ਹੈ। ਸਿੰਗਲ ਬੈਂਚ ਨੇ ਭਾਜਪਾ ਨੂੰ ਸੂਬੇ 'ਚ ਰੱਥ ਯਾਤਰਾ ਕੱਢਣ ਦੀ ਇਜਾਜ਼ਤ ਦੇ ਦਿੱਤੀ ਸੀ। ਚੀਫ਼ ਜਸਟਿਸ ਦੀ ਬੈਂਚ ਨੇ ਕਿਹਾ ਕਿ ਖ਼ੁਫ਼ੀਆ ਰਿਪੋਰਟਾਂ 'ਤੇ ਵਿਚਾਰ ਕੀਤਾ ਜਾਵੇ। ਇਸ ਤੋਂ ਪਹਿਲਾ ਪੱਛਮੀ ਬੰਗਾਲ ਸਰਕਾਰ ਭਾਜਪਾ ਨੂੰ ਸੂਬੇ 'ਚ ਰੱਥ ਯਾਤਰਾ ਕੱਢਣ ਦੀ ਇਜਾਜ਼ਤ ਦੇਣ ਦੇ ਸਿੰਗਲ ਬੈਂਚ ਦੇ ਫੈਸਲੇ ਖਿਲਾਫ਼ ਕੋਲਕਾਤਾ ਹਾਈ ਕੋਰਟ ਦੀ ਡਵੀਜ਼ਨਲ ਬੈਂਚ ਦੇ ਕੋਲ ਪਹੁੰਚੀ ਸੀ। ਮਮਤਾ ਸਰਕਾਰ ਦੀ ਦਲੀਲ ਸੀ ਕਿ ਭਾਜਪਾ ਦੀ ਰੱਥ ਯਾਤਰਾ ਕਾਰਨ ਫਿਰਕੂ ਦੰਗੇ ਹੋ ਸਕਦੇ ਹਨ।



Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




THINKING OF MOVING TO INDIANA?
We can help you find a home and get your mortgage financing !
Call Bina Today!
(317) 345-6337
We specialize in :
Self-Employed
Residential
New Construction
Commercial Properties
Mortgage Financing Provided By:
Tony Gregory
(317) 418-1022
tonylends1960@gmail.com
BINA REAL ESTATE
Bina Ahluwalia
bina@binarealestate.com
Approved Mortgage, A Winterwood Mortgage Group
NMLS ID: 254201 | NMLS CO ID: 122171




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31,2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




www.indiventy.com
indiventy
Indiventy Technologies
CERTIFIED ISO 9001:2015 COMPANY
Full Website for $300 Only
UX
CMS
HTML 5
No Hidden Charges
Our Services
Website Designing
Website Development
Desktop Application Development
Mobile Application Development
Graphic Designing
SEO (search Engine Optimiztation)
Plans
Basic website
Website + Domain + Hosting
Full Website with uptown 8 Pages
5 Social Media Handles of Choice up to 4 Branded Emails accounts with 250mb storage each
Full Responsive Design
SEO friendly Structure
200 Backlinks
$300
Custom websites
Custom Web Solutions with Framework
Full Responsive Design
SEO friendly Structure
Online Branding including logo and Graphic Support
Virus Protection and Malware Scanning
SSL Certificate
500 backlinks
Starting $500
*Request Custom Quotation
Softwares/Applications
Android and IOS applications
Desktop Applications
Online Offline Softwares
Starting $500
*Request Custom Quotation
More Information: 775-293-4666

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES



# CALENDAR 2019

## January

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| ★13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## February

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | ★12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | | |

## March

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | ★14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## April

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| ★14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## May

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | ★15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## June

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | ★15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

## July

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | ★16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## August

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | ★16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## September

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| ★15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## October

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | ★15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## November

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | ★14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## December

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | ★14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## IMPORTANT DATES

5 Jan ...... Parkash Guru Gobind Singh Sahib
31 Jan ..... Parkash Guru Har Rai Sahib
12 Mar ...... Hola Mahalla
14 Mar ..... Gurgaddi Guru Har Rai Sahib
19 Mar ..... Joti Jot Guru Hargobind Sahib
14 Apr ..... Vaisaki
16 Apr .... Joti Jot Guru Angad Sahib
16 Apr .... Gurgaddi Guru Amardas Sahib
16 Apr .... Joti Jot Guru Harkrishan Sahib
18 Apr ..... Gurgaddi Guru Tegh Bahadur Ji
18 Apr ..... Parkash Guru Angad Sahib
18 Apr ..... Parkash Guru Tegh Bahadur Sahib
2 May ........ Parkash Guru Arjan Sahib
23 May ...... Parkash Guru Amardas Sahib
11 June ..... Gurgaddi Guru Hargobind Sahib
16 June ..... Shaheedi Guru Arjan Sahib
05 July ...... Parkash Guru Hargobind Sahib
23 July ...... Parkash Guru Harkrishan Sahib
30 Aug ....... Completion Guru Granth Sahib
01 Sep ....... First Parkash Guru Granth Sahib
16 Sep ...... Joti Jot Guru Amardas Sahib
16 Sep ...... Gurgaddi Guru Ramdas Sahib
16 Sep ....... Joti Jot Guru Ramdas Sahib
16 Sep ....... Gurgaddi Guru Arjan Sahib
18 Sep .... Gurgaddi Guru Angad Sahib
22 Sep ..... Joti Jot Guru Nanak Sahib
09 Oct ..... Parkash Guru Ramdas Sahib
30 Oct ..... Joti Jot Guru Har Rai Sahib
20 Oct ..... Gurgaddi Guru Harkrishan Sahib
20 Oct ..... Gurgaddi Adi Guru Granth Sahib
21 Oct ..... Joti Jot Guru Gobind Singh Sahib
27 Oct ...... Bandi Chhor Divas
12 Nov ..... Parkash Guru Nanak Sahib
24 Nov .... Gurgaddi Guru Gobind Singh Ji
24 Nov .... Shaheedi Guru Tegh Bahadur Ji

**US HOLIDAYS**

04 Jul ...... Independence Day
28 Nov...... Thanksgiving
25 Dec...... Christmas Day

Nanakshahi Sangrands : ★

# ਮੱਧ ਪ੍ਰਦੇਸ਼ ਤੋਂ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸਿਕਲੀਗਰ ਸਿੱਖ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਭੋਪਾਲ ਦੇ ਗੁਰਦੁਆਰਾ ਮਾਤਾ ਸਾਹਿਬ ਕੌਰ ਨਾਲ ਸਬੰਧਿਤ ਸਿਕਲੀਗਰ ਸਿੱਖਾਂ ਦੇ ਇਕ ਜਥੇ ਨੇ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਲਗਭਗ ਦੋ ਸੌ ਸਿੱਖਾਂ ਦੇ ਇਸ ਜਥੇ ਵਿਚ ਵਧੇਰੇ ਬੱਚੇ ਅਤੇ ਉਨ੍ਹਾਂ ਦੇ ਮਾਤਾ ਪਿਤਾ ਸ਼ਾਮਲ ਸਨ, ਜੋ ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਆਨੰਦਪੁਰ ਸਾਹਿਬ ਲਈ ਰਵਾਨਾ ਹੋ ਗਏ। ਇਨ੍ਹਾਂ ਸਿੱਖਾਂ ਦੀ ਨਵੀਂ ਪੀੜ੍ਹੀ ਦੇ ਬੱਚੇ ਹੁਣ ਸਕੂਲਾਂ-ਕਾਲਜਾਂ ਵਿਚ ਪੜ੍ਹ ਰਹੇ ਹਨ ਅਤੇ ਵਿਦਿਆ ਪ੍ਰਾਪਤ ਕਰਕੇ ਸਿਕਲੀਗਰ ਭਾਈਚਾਰੇ ਨੂੰ ਗੁਰਬਤ ਤੇ ਅਨਪੜ੍ਹਤਾ ਵਿਚੋਂ ਬਾਹਰ ਕੱਢਣ ਲਈ ਯਤਨਸ਼ੀਲ ਹਨ। ਇਹ ਗੱਲ ਸਿਕਲੀਗਰ ਸਿੱਖਾਂ ਨੇ ਹੀ ਦੱਸੀ। ਸਿਕਲੀਗਰ ਸਿੱਖ ਭਾਈਚਾਰੇ ਦੇ ਇਹ ਲੋਕ ਪੰਜਾਬ ਦੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਵੀ ਕਰਨਗੇ। ਗਿਆਨੀ ਦਲੀਪ ਸਿੰਘ ਦੀ ਅਗਵਾਈ ਵਿਚ ਪੁੱਜੇ ਇਸ ਜਥੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਆਉਣ ਜਾਣ ਦੀਆਂ ਰੇਲ ਟਿਕਟਾਂ, ਰਿਹਾਇਸ਼ ਤੇ ਗੁਰਧਾਮਾਂ ਦੀ ਯਾਤਰਾ ਵਾਸਤੇ ਪੰਜ ਬੱਸਾਂ ਵੀ ਮੁਫ਼ਤ ਮੁਹੱਈਆ ਕੀਤੀਆਂ ਗਈਆਂ।ਇਸ ਤੋਂ ਪਹਿਲਾਂ ਛੱਤੀਸਗੜ੍ਹ ਤੋਂ ਵੀ ਸਿਕਲੀਗਰ ਸਿੱਖਾਂ ਦਾ ਜਥਾ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜਾ ਸੀ।



ਭੋਪਾਲ ਵਿਚ ਵਸਦੇ ਸਿਕਲੀਗਰ ਭਾਈਚਾਰੇ ਬਾਰੇ ਗੱਲ ਕਰਦਿਆਂ ਗਿਆਨੀ ਦਲੀਪ ਸਿੰਘ, ਹਰਵਿੰਦਰ ਸਿੰਘ ਤੇ ਹੋਰ ਨੇ ਦੱਸਿਆ ਕਿ ਸ਼ਹਿਰ ਵਿਚ ਸਿਕਲੀਗਰ ਭਾਈਚਾਰੇ ਦੇ 50 ਤੋਂ ਵੱਧ ਪਰਿਵਾਰ ਰਹਿ ਰਹੇ ਹਨ ਤੇ ਇਨ੍ਹਾਂ ਦੇ ਬੱਚੇ ਵੀ ਨਾਲ ਹਨ। ਇਨ੍ਹਾਂ ਦੇ ਪੁਰਖੇ ਲਗਭਗ ਕੁਝ ਦਹਾਕੇ ਪਹਿਲਾਂ ਇੱਥੇ ਆ ਗਏ ਸਨ ਤੇ ਇੱਥੇ ਆ ਕੇ ਛੋਟੇ ਮੋਟੇ ਕਾਰੋਬਾਰ ਸ਼ੁਰੂ ਕਰ ਦਿੱਤੇ। ਇਹ ਪਰਿਵਾਰ ਪੂਰੀ ਤਰ੍ਹਾਂ ਗੁਰੂ ਘਰ ਨਾਲ ਜੁੜੇ ਹੋਏ ਹਨ। ਇਨ੍ਹਾਂ ਦੇ ਬੱਚੇ ਵੀ ਗੁਰਸਿੱਖ ਹਨ। ਜਥੇ ਵਿਚ ਕਿਰਪਾਲ ਸਿੰਘ, ਜੋਗਿੰਦਰ ਸਿੰਘ, ਬੀਬੀ ਅਮਰਜੀਤ ਕੌਰ, ਜਸਬੀਰ ਕੌਰ, ਹਰਕੀਰਤ ਕੌਰ, ਰੇਸ਼ਮ ਸਿੰਘ ਤੇ ਹੋਰ ਸ਼ਾਮਲ ਸਨ।

# ਪੰਜਾਬ ਭਵਨ ਸਰ੍ਹੀ ਦੇ ਸੁੱਖੀ ਬਾਠ ਹੋਣਗੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੇ ਮੁੱਖ ਮਹਿਮਾਨ

**ਫਰੀਮੌਂਟ/ਬਿਊਰੋ ਨਿਊਜ਼ :**

ਇੱਕੀ ਇੰਟਰਨੈਸ਼ਨਲ ਐਂਟਰੇਟਨਮੈਂਟ ਵਲੋਂ ਸ. ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਅਤੇ ਐੱਸ.ਅਸ਼ੋਕ ਭੌਰਾ ਦੀ ਅਗਵਾਈ 'ਚ 6 ਜਨਵਰੀ 2019, ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁੱਲੇਵਾਰਡ ਛੇਵੇਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ 'ਚ ਪੰਜਾਬ ਭਵਨ ਸਰ੍ਹੀ ਦੇ ਸੰਚਾਲਕ ਅਤੇ ਕੌਮਾਂਤਰੀ ਪੰਜਾਬੀ ਸੱਭਿਆਚਾਰਕ ਸਰਗਰਮੀਆਂ 'ਚ ਇਨ੍ਹੀਂ ਦਿਨੀਂ ਅਹਿਮ ਭੂਮਿਕਾ ਨਿਭਾਅ ਰਹੇ ਸੁੱਖੀ ਬਾਠ ਪ੍ਰੋਗਰਾਮ ਦੇ ਮੁੱਖ ਮਹਿਮਾਨ ਹੋਣਗੇ। ਸ. ਅਮੋਲਕ ਸਿੰਘ ਗਾਖਲ ਤੇ ਮੱਖਣ ਸਿੰਘ ਬੈਂਸ ਨੇ ਸਾਂਝੇ ਰੂਪ ਵਿਚ ਸਮੂਹ ਪੰਜਾਬੀਆਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦਿਆਂ ਕਿਹਾ ਕਿ ਆਧੁਨਿਕ ਇਲੈਕਟ੍ਰਾਨਿਕ ਸੁਵਿਧਾਵਾਂ ਨਾਲ ਪੰਜਾਬ ਦੇ ਅਮੀਰ ਵਿਰਾਸਤੀ ਸੱਭਿਆਚਾਰਕ ਰੰਗਾਂ ਨੂੰ ਇਕ ਮੰਚ 'ਤੇ ਇਸ ਪ੍ਰੋਗਰਾਮ ਰਾਹੀਂ ਪੇਸ਼ ਕੀਤਾ ਜਾਂਦਾ ਹੈ ਜੋ ਕਿ ਪੰਜਾਬੀ ਭੈਣਾਂ ਭਰਾਵਾਂ ਲਈ ਜਾਂ ਬਜ਼ੁਰਗਾਂ ਲਈ ਨਾ ਸਿਰਫ ਇਕ ਮਨੋਰੰਜਨਦਾਇਕ ਪ੍ਰੋਗਰਾਮ ਹੈ, ਸਗੋਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਵੀ ਇਕ ਤਰ੍ਹਾਂ ਨਾਲ ਸੂਤਰਧਾਰ ਪ੍ਰੋਗਰਾਮ ਬਣ ਗਿਆ ਹੈ।

ਇਸ ਮੌਕੇ 'ਭਾਬੀਏ ਨੀ ਭਾਬੀਏ' ਫੇਮ ਕਲਾਕਾਰ ਚੰਨੀ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਬਾਲੀਵੁੱਡ ਗਾਇਕਾ ਮੋਨਾ ਸਿੰਘ, ਪੰਜਾਬੀਆਂ 'ਚ ਬੁਲੰਦ ਅਵਾਜ਼ ਕਰਕੇ ਜਾਣੀ ਜਾਂਦੀ ਯੁਵਾ ਗਾਇਕਾ ਹਰਮਨਦੀਪ ਤੇ 'ਮੈਂ ਸੁਣਿਆ ਮੇਰੇ ਖਤ ਤੇ ਫੋਟੋਆਂ' ਨਾਲ ਪੰਜਾਬੀ ਗਾਇਕੀ ਦੇ ਖੇਤਰ 'ਚ ਬਹੁਚਰਚਿਤ ਰਹੀ ਗਾਇਕਾ ਮਨਿੰਦਰ ਦਿਓਲ ਆਉਣ ਵਾਲੇ ਦਰਸ਼ਕਾਂ ਦਾ ਗੀਤ ਸੰਗੀਤ ਨਾਲ ਮਨੋਰੰਜਨ ਕਰਨਗੇ। ਅਜੇ ਭੰਗੜਾ ਅਕੈਡਮੀ ਦੇ ਬੱਚਿਆਂ ਦਾ ਗਿੱਧਾ-ਭੰਗੜਾ, ਯੂ.ਸੀ. ਡੇਵਿਸ ਤੇ 'ਬੇਏਰੀਆ ਧਮਕ' ਅਤੇ 'ਪੰਜਾਬੀ ਧੜਕਣ ਅਕੈਡਮੀ' ਦੀਆਂ ਕੁੜੀਆਂ ਗਿੱਧਾ ਪੇਸ਼ ਕਰਨਗੀਆਂ। ਮਲਵਈ ਗਿੱਧੇ ਦੀ ਪੇਸ਼ਕਾਰੀ ਵੀ ਇਸੇ ਮੰਚ ਤੋਂ ਪਹਿਲੀ ਵਾਰ ਵੇਖਣ ਨੂੰ ਮਿਲੇਗੀ। ਕੋਰੀਓਗ੍ਰਾਫੀ ਦੇ ਨਾਲ-ਨਾਲ ਸਥਾਨਕ 'ਆਪਣਾ ਸੰਗੀਤ' ਦੇ ਅਨੂਪ ਚੀਮਾ, ਬੁਲੰਦ ਆਵਾਜ਼ ਵਾਲੇ ਸੱਤੀ ਪਾਬਲਾ ਅਤੇ ਕੈਲੀ ਜੱਸ ਵੀ ਗਾਇਕੀ ਦੀਆਂ ਪਰਤਾਂ ਫੋਲਣਗੇ। ਪ੍ਰੋਗਰਾਮ ਵਿਚ ਐਂਟਰੀ ਤਾਂ ਬਿਲਕੁਲ ਮੁਫਤ ਹੋਵੇਗੀ ਹੀ ਸਗੋਂ ਚਾਹ ਪਕੌੜਿਆਂ ਨਾਲ ਵੀ ਮਹਿਮਾਨ ਨਿਵਾਜੀ ਕੀਤੀ ਜਾਵੇਗੀ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਵੱਖ-ਵੱਖ ਚੈਨਲ ਇਸ ਪ੍ਰੋਗਰਾਮ ਨੂੰ ਪ੍ਰਸਾਰਣ ਕਰਨ ਦਾ ਸਹਿਯੋਗ ਵੀ ਦੇਣਗੇ। ਸਵੇਰੇ 12 ਤੋਂ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲਣ ਵਾਲਾ ਇਹ ਪ੍ਰੋਗਰਾਮ ਆਪਣੀਆਂ ਮਹਿਕਾਂ ਬਿਖੇਰੇਗਾ। ਸੰਪਰਕ ਲਈ ਫੋਨ ਨੰਬਰ 510-695-4836 ਜਾਂ 510- 512-3401 ਉਤੇ ਕਾਲ ਕੀਤੀ ਜਾ ਸਕਦੀ ਹੈ।

## ਹੁਣ ਕੈਲੀਫੋਰਨੀਆ ਵਿਚ ਘਰ ਖਰੀਦਣ ਵਾਲੇ ਰਹਿਣ ਸਾਵਧਾਨ

**ਸੈਕਰਾਮੈਂਟੋ/ਬਿਊਰੋ ਨਿਊਜ਼ :**

ਰਾਜ ਵਿਚ ਅੱਜਕੱਲ੍ਹ ਵੱਖ-ਵੱਖ ਤਰ੍ਹਾਂ ਦੀਆਂ ਹੇਰਾਫੇਰੀਆਂ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਇਸੇ ਤਰ੍ਹਾਂ ਹੁਣ ਰੀਅਲ ਅਸਟੇਟ ਦੇ ਖੇਤਰ ਵਿਚ ਵੀ ਨਵੀਆਂ ਠੱਗੀਆਂ ਸਾਹਮਣੇ ਆਈਆਂ ਹਨ। ਘਰ ਦਾ ਲੋਨ ਦੇਣ ਲਈ ਕੁਝ ਜਾਅਲੀ ਕੰਪਨੀਆਂ ਮੀਡੀਆ ਰਾਹੀਂ ਆਪਣੇ ਇਸ਼ਤਿਹਾਰ ਦਿੰਦੀਆਂ ਹਨ ਅਤੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੀਆਂ ਹਨ। ਇਹ ਮੋਰਟਗੇਜ ਕੰਪਨੀਆਂ ਦਾ ਆਪਣਾ ਕੋਈ ਅਤਾ-ਪਤਾ ਨਹੀਂ ਹੁੰਦਾ ਅਤੇ ਨਾ ਹੀ ਲੋਨ ਦੇਣ ਵਾਲੇ ਏਜੰਟ ਦਾ ਕੋਈ ਨਾਮ ਦੱਸਿਆ ਜਾਂਦਾ ਹੈ। ਬਸ ਇਸ਼ਤਿਹਾਰਬਾਜ਼ੀ ਕਰਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਇਹ ਲੋਕ ਵੱਖ-ਵੱਖ ਮੀਡੀਏ ਵਿਚ ਟੋਲ ਫ੍ਰੀ ਨੰਬਰ ਦੇ ਕੇ ਆਪਣਾ ਪ੍ਰਚਾਰ ਕਰਦੇ ਹਨ। ਇਹ ਟੋਲ ਫ੍ਰੀ ਨੰਬਰ 1-800 ਤੋਂ ਸ਼ੁਰੂ ਹੁੰਦੇ ਹਨ। ਜਦੋਂ ਘਰ ਖਰੀਦਣ ਦੇ ਚਾਹਵਾਨ ਇਨ੍ਹਾਂ ਲੋਕਾਂ ਨੂੰ ਕਾਲ ਕਰਦੇ ਹਨ, ਤਾਂ ਉਹ ਆਪਣੀ ਸਾਰੀ ਨਿੱਜੀ ਜਾਣਕਾਰੀ ਫੋਨ ਚੁੱਕਣ ਵਾਲੇ ਸ਼ਖਸ ਨੂੰ ਦੇ ਦਿੰਦੇ ਹਨ ਅਤੇ ਬਾਅਦ ਵਿਚ ਉਦੋਂ ਪਛਤਾਉਂਦੇ ਹਨ, ਜਦ ਉਨ੍ਹਾਂ ਦਾ ਆਪਣਾ ਸਕੋਰ ਥੱਲੇ ਲੈਵਲ ਤੱਕ ਡਿੱਗ ਜਾਂਦਾ ਹੈ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਚੋਰੀ ਹੋ ਜਾਂਦੀ ਹੈ ਅਤੇ ਘਰ ਖਰੀਦਣ ਦਾ ਲੋਨ ਫਿਰ ਵੀ ਨਹੀਂ ਹੁੰਦਾ। ਸੈਕਰਾਮੈਂਟੋ ਦੇ ਉੱਘੇ ਰਿਐਲਟਰ ਗੁਰਜਤਿੰਦਰ ਸਿੰਘ ਰੰਧਾਵਾ ਪਿਛਲੇ 15 ਸਾਲਾਂ ਤੋਂ ਰੀਅਲ ਅਸਟੇਟ ਦੇ ਖੇਤਰ ਵਿਚ ਹਨ। ਉਨ੍ਹਾਂ ਨੇ ਘਰ ਖਰੀਦਣ ਵਾਲੇ ਲੋਕਾਂ ਨੂੰ ਇਨ੍ਹਾਂ ਠੱਗਾਂ ਤੋਂ ਬਚਣ ਦੀ ਅਪੀਲ ਕੀਤੀ ਹੈ ਅਤੇ ਕਿਹਾ ਹੈ ਕਿ ਆਪਣੇ ਜਾਣਕਾਰ ਜਾਂ ਭਰੋਸੇਮੰਦ ਰਿਐਲਟਰ ਤੋਂ ਹੀ ਘਰ ਖਰੀਦਣ ਬਾਰੇ ਪੂਰੀ ਜਾਣਕਾਰੀ ਲਈ ਜਾਵੇ। ਹੋਰ ਜਾਣਕਾਰੀ ਲਈ ਗੁਰਜਤਿੰਦਰ ਸਿੰਘ ਰੰਧਾਵਾ ਨੂੰ 916-320-9444 'ਤੇ ਕਾਲ ਕੀਤੀ ਜਾ ਸਕਦੀ ਹੈ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

**Two Acres Truck Yard with small shop Available in Manteca asking for $950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**




TRANS-ALLIANCE
TOGETHER WE SAVE

## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN · Continental · GOODYEAR
BFGoodrich · GENERAL TIRE · DUNLOP TIRES
YOKOHAMA · KUMHO TIRES · ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955




SAVE UPTO 24¢

PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਸਾਲ-2018

# ਪੰਜਾਬ ਦੀ ਸਿਆਸਤ ਵਿਚ ਸਿੱਖ ਮੁੱਦੇ ਛਾਏ ਰਹੇ

## ਗੁਰੂ ਗਰੰਥ ਸਾਹਿਬ ਦੀ ਬੇਅਦਬੀ ਤੇ ਸੌਦਾ ਸਾਧ ਦੇ ਮਾਮਲੇ ਕਾਰਨ ਅਕਾਲੀ ਦਲ ਬਣਦਾ ਰਿਹਾ ਸਿੱਖ ਪੰਥ ਦੇ ਗੁੱਸੇ ਦਾ ਸ਼ਿਕਾਰ



- ਇਨਸਾਫ਼ ਮੋਰਚੇ ਦੇ ਦਬਾਅ ਹੇਠ ਸਰਕਾਰ ਬੇਅਦਬੀ ਮਾਮਲੇ ਦੀ ਜਾਂਚ ਟੀਮ ਨੂੰ ਤੇਜ਼ ਕਰਨ ਲਈ ਹੋਈ ਮਜਬੂਰ
- ਬੇਅਦਬੀ ਕਾਂਡ ਬਾਰੇ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖਿਆ
- ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦੀ ਚਾਰਾਜੋਈ ਆਰੰਭ
- ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਉਮਰ ਕੈਦ

**ਜਲੰਧਰ/ਬਿਊਰੋ ਨਿਊਜ਼ :**
ਲੰਘ ਰਿਹਾ ਵਰ੍ਹਾ 2018 ਪੰਜਾਬ ਦੀ ਸਿਆਸਤ ਵਿਚ ਕਾਫੀ ਹਲਚਲ ਮਚਾਉਣ ਵਾਲਾ ਰਿਹਾ ਹੈ। ਪੰਜਾਬ ਦੀ ਰਾਜਨੀਤੀ ਦੇ ਅੰਬਰ ਉਤੇ ਸਾਰਾ ਸਾਲ ਹੀ ਸਿੱਖ ਮੁੱਦੇ ਛਾਏ ਰਹੇ। ਗੁਰੂ ਗਰੰਥ ਸਾਹਿਬ ਦੀ ਬੇਅਦਬੀ ਤੇ ਸੌਦਾ ਸਾਧ ਦੇ ਮਾਮਲੇ ਕਾਰਨ ਅਕਾਲੀ ਦਲ ਸਿੱਖ ਪੰਥ ਦੇ ਗੁੱਸੇ ਦਾ ਸ਼ਿਕਾਰ ਬਣਦਾ ਰਿਹਾ।ਇਸ ਕਾਰਨ ਪਾਰਟੀ ਨਿਘਾਰ ਵੱਲ ਗਈ। ਅਕਾਲੀ ਦਲ ਵੀ ਇਸ ਮਾਮਲੇ ਉਪਰ ਕੋਈ ਗਿਣਨਯੋਗ ਜਨਤਕ ਸਰਗਰਮੀ ਕਰਨ ਤੋਂ ਪਾਸੇ ਹੀ ਰਿਹਾ ਪਰ ਕੈਪਟਨ ਸਰਕਾਰ ਇਸ ਮਾਮਲੇ ਨੂੰ ਲੈ ਕੇ ਬੁਰੀ ਤਰ੍ਹਾਂ ਘਿਰਦੀ ਰਹੀ ਤੇ ਕਾਂਗਰਸ ਦੇ ਅੰਦਰ ਵੀ ਇਸ ਮਸਲੇ ਨੂੰ ਲੈ ਕੇ ਖਿੱਚ-ਧੂਹ ਹੁੰਦੀ ਰਹੀ।



**ਬਰਗਾੜੀ ਇਨਸਾਫ਼ ਮੋਰਚੇ ਦਾ ਉਭਾਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਮੁੱਦੇ ਉਪਰ ਚੋਣਾਂ ਦੌਰਾਨ ਕਾਂਗਰਸ ਖਾਸਕਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ੀ ਲੱਭਣ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀ ਪੁਲਿਸ ਅਫ਼ਸਰਾਂ ਤੇ ਰਾਜਸੀ ਨੇਤਾਵਾਂ ਵਿਰੁੱਧ ਕਾਰਵਾਈ ਦੇ ਵਾਅਦੇ ਕੀਤੇ ਸਨ ਪਰ ਇਕ ਸਾਲ ਬੀਤ ਜਾਣ ਦੇ ਬਾਅਦ ਵੀ ਕੋਈ ਕਾਰਵਾਈ ਨਹੀਂ ਹੋਈ ਸਿੱਖ ਭਾਈਚਾਰੇ ਵਲੋਂ ਵੀ ਤੇ ਕਾਂਗਰਸ ਦੇ ਅੰਦਰੋਂ ਵੀ ਇਸ ਮੁੱਦੇ ਨੂੰ ਲੈ ਕੇ ਕਾਫ਼ੀ ਦਬਾਅ ਪੈ ਰਿਹਾ ਸੀ। ਕੈਪਟਨ ਸਰਕਾਰ ਨੇ ਬਣਦਿਆਂ ਹੀ ਬੇਅਦਬੀ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਥਾਪ ਦਿੱਤਾ ਸੀ ਪਰ ਸਾਲ ਬੀਤ ਜਾਣ ਬਾਅਦ ਵੀ ਇਸ ਦੀ ਰਿਪੋਰਟ ਨਹੀਂ ਸੀ ਆਈ। ਸਿੱਖ ਸੰਗਤ 'ਚ ਫੈਲੇ ਰੋਸ ਨੂੰ ਲੈ ਕੇ ਆਖਰ ਕਈ ਪੰਥਕ ਸੰਗਠਨਾਂ ਦੇ ਆਗੂਆਂ ਦੀ ਹਮਾਇਤ ਨਾਲ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ 'ਚ ਬਣੇ ਬਰਗਾੜੀ ਇਨਸਾਫ਼ ਮੋਰਚੇ ਨੇ ਪਹਿਲੀ ਜੂਨ ਤੋਂ ਬਰਗਾੜੀ ਵਿਖੇ ਇਨਸਾਫ਼ ਮੋਰਚਾ ਸ਼ੁਰੂ ਕਰ ਦਿੱਤਾ। ਇਨਸਾਫ਼ ਮੋਰਚੇ ਦੇ ਦਬਾਅ ਹੇਠ ਸਰਕਾਰ ਬੇਅਦਬੀ ਮਾਮਲੇ ਦੀ ਜਾਂਚ ਟੀਮ ਨੂੰ ਤੇਜ਼ ਕਰਨ ਲਈ ਮਜਬੂਰ ਹੋਈ ਤੇ ਉਸ ਨੇ ਕਰੀਬ ਮਹੀਨੇ ਵਿਚ ਹੀ ਬਰਗਾੜੀ ਤੇ ਹੋਰ ਥਾਵਾਂ ਉਪਰ ਹੋਈ ਬੇਅਦਬੀ ਲਈ ਸਿਰਸਾ ਡੇਰੇ ਨਾਲ ਸਬੰਧਿਤ ਪ੍ਰੇਮੀ ਗ੍ਰਿਫ਼ਤਾਰ ਕਰਕੇ ਸਾਰੇ ਮਾਮਲੇ ਉਤੋਂ ਪਰਦਾ ਚੁੱਕ ਦਿੱਤਾ। ਬੇਅਦਬੀ ਮਾਮਲੇ 'ਚ ਪਹਿਲੀ ਵਾਰ ਡੇਰਾ ਸਿਰਸਾ ਦੇ ਪ੍ਰੇਮੀਆਂ ਦਾ ਹੱਥ ਸਾਹਮਣੇ ਆਇਆ ਤੇ ਬਾਦਲ ਦਲੀਆਂ ਦੇ ਝੂਠ ਦਾ ਭਾਂਡਾ ਭੰਨਿਆ ਗਿਆ। ਉਸੇ ਸਮੇਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਾਹਮਣੇ ਆਈ ਤੇ ਇਸ ਰਿਪੋਰਟ ਨੂੰ ਜਨਤਕ ਕਰਨ ਦਾ ਮੁੱਦਾ ਭਖ ਉਠਿਆ। ਉਸ ਸਮੇਂ ਪੰਜਾਬ ਦੀ ਸਮੁੱਚੀ ਸਿਆਸਤ ਇਸੇ ਮੁੱਦੇ ਦੁਆਲੇ ਕੇਂਦਰਤ ਹੋ ਕੇ ਰਹਿ ਗਈ। ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿਚ ਰਿਪੋਰਟ ਉਪਰ ਹੋਈ ਬਹਿਸ ਨਿਵੇਕਲੀ ਤੇ ਬੇਮਿਸਾਲ ਸੀ। ਕਾਂਗਰਸੀ ਵਜ਼ੀਰ, ਵਿਧਾਇਕ ਤੇ 'ਆਪ' ਦੇ ਵਿਧਾਇਕ ਉਥੇ ਸਿੱਖ ਮਸਲਿਆਂ ਬਾਰੇ ਇੰਝ ਬੋਲ ਰਹੇ ਸਨ ਜਿਵੇਂ ਕਿਸੇ ਵੇਲੇ ਤੇਜ਼ ਤਰਾਰ ਅਕਾਲੀ ਆਗੂ ਸਿੱਖ ਮਸਲਿਆਂ 'ਤੇ ਬੋਲਦੇ ਹੁੰਦੇ ਸਨ। ਅਕਾਲੀ ਲੀਡਰਸ਼ਿਪ ਉਸ ਸਮੇਂ ਬੇਅਦਬੀ, ਬਹਿਬਲ ਕਲਾਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਕਰਨ ਤੇ ਸਿਰਸਾ ਡੇਰੇ ਦੇ ਮੁਖੀ ਨੂੰ ਦਖ਼ਲ ਦੇ ਕੇ ਮਾਫ਼ੀ ਦਿਵਾਉਣ ਤੇ ਫਿਰ ਵਿਧਾਨ ਸਭਾ ਚੋਣਾਂ ਵਿਚ ਉਸ ਦੀ ਮਦਦ ਹਾਸਲ ਕਰਨ ਦੇ ਮਸਲਿਆਂ ਨੂੰ ਲੈ ਕੇ ਸਿੱਖ ਭਾਈਚਾਰੇ ਦੀ ਸਖਤ ਨਰਾਜ਼ਗੀ ਦਾ ਸ਼ਿਕਾਰ ਸੀ। ਇਨ੍ਹਾਂ ਮਸਲਿਆਂ ਨੂੰ ਲੈ ਕੇ ਅਕਾਲੀ ਸਾਰੀਆਂ ਹੀ ਰਾਜਸੀ ਧਿਰਾਂ ਦੇ ਨਿਸ਼ਾਨੇ 'ਤੇ ਰਹੇ। ਪਿਛਲੇ ਕੁਝ ਸਮੇਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੌਦਾ ਸਾਧ ਨੂੰ ਅਖੌਤੀ ਮੁਆਫ਼ੀਨਾਮਾ, ਪੰਜਾਬ ਵਿਚ ਹੋਈ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਦਾ ਬਣਦੀ ਗੰਭੀਰਤਾ ਨਾਲ ਨੋਟਿਸ ਨਾ ਲੈਣਾ, ਅਕਾਲੀ ਦਲ ਦੇ ਪ੍ਰਭਾਵ ਥੱਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗ਼ਲਤ ਫ਼ੈਸਲੇ ਲੈ ਕੇ ਉਸ ਦੇ ਵੱਕਾਰ ਨੂੰ ਢਾਹ ਲਾਉਣਾ ਆਦਿ ਫ਼ੈਸਲਿਆਂ ਨੇ ਐੱਸਜੀਪੀਸੀ. ਨੂੰ ਸਿੱਖ ਜਗਤ ਵਿਚ ਬੇਅਸਰ ਅਤੇ ਬੇਮਾਅਨੇ ਕਰ ਦਿੱਤਾ। ਅਕਾਲੀ ਦਲ ਵੱਲੋਂ ਭਾਜਪਾ ਨਾਲ ਗੰਢ-ਤੁੱਪ ਵਿਚ ਸਿੱਖਾਂ ਦੇ ਹਿੱਤਾਂ ਦੀ ਰਾਖੀ ਨਾ ਕਰ ਸਕਣਾ, ਪੰਜਾਬ ਦੇ ਪਾਣੀਆਂ 'ਤੇ ਪੰਜਾਬ ਦਾ ਅਧਿਕਾਰ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਤੇ ਆਪਣਾ ਦਾਅਵਾ ਨਾ ਬਣਾ ਸਕਣਾ, ਅਕਾਲੀ ਦਲ ਨੂੰ ਪੰਜਾਬੀ ਪਾਰਟੀ ਪ੍ਰਚਾਰਨਾ ਅਤੇ ਵੋਟਾਂ ਲਈ ਸੌਦਾ ਸਾਧ ਨਾਲ ਅੰਦਰਖਾਤੇ ਸਮਝੌਤੇ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਪ੍ਰੇਮੀਆਂ ਨੂੰ ਆਪਣੇ ਰਾਜਕਾਲ ਵਿਚ ਖੁੱਲ੍ਹ ਦੇਣਾ ਦੁਖਦਾਈ ਰਿਹਾ।ਇਨ੍ਹਾਂ ਮੰਦਭਾਗੇ ਫ਼ੈਸਲਿਆਂ ਨੇ ਲੰਬੇ ਸਮੇਂ ਦੀ ਮਿਹਨਤ ਨਾਲ ਖੜ੍ਹੀ ਕੀਤੀ ਸਿੱਖ ਸਿਆਸੀ ਜਮਾਤ ਅਕਾਲੀ ਦਲ ਨੂੰ ਫੀਤਾ-ਫੀਤਾ ਕਰਕੇ ਖ਼ਾਤਮੇ ਦੇ ਕਿਨਾਰੇ 'ਤੇ ਲਿਆ ਕੇ ਖੜ੍ਹਾ ਦਿੱਤਾ।

ਬਰਗਾੜੀ ਮੋਰਚੇ ਦੀ ਸਮਾਪਤੀ ਕਾਰਨ ਮੁਤਵਾਜ਼ੀ ਜਥੇਦਾਰਾਂ ਦਾ ਮਾਇਆ ਤੇ ਮੋਰਚਾ ਚੁਕਣ ਨੂੰ ਲੈਕੇ ਵਿਵਾਦ ਛਿੜ ਗਿਆ। ਪਰ ਇਸ ਮੋਰਚੇ ਦੇ ਦਬਾਅ ਕਾਰਨ ਬੇਅਦਬੀ ਮਾਮਲੇ ਬਾਰੇ ਸਥਿਤੀ ਸਪੱਸ਼ਟ ਹੋਈ ਹੈ, ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ 'ਚ ਦੋ ਦੋਸ਼ੀ ਅਧਿਕਾਰੀ ਨਾਮਜ਼ਦ ਕੀਤੇ ਗਏ ਹਨ ਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਵੀ ਆਰੰਭ ਹੋ ਚੁੱਕੀ ਹੈ। ਦੂਸਰੇ ਪਾਸੇ ਬਰਗਾੜੀ ਮੋਰਚੇ ਦੀ ਸਮਾਪਤੀ ਮਗਰੋਂ ਮੁਤਵਾਜ਼ੀ ਜਥੇਦਾਰਾਂ ਵਿਚਾਲੇ ਉੱਭਰੇ ਮਤਭੇਦਾਂ ਨੂੰ ਦੂਰ ਕਰਨ ਲਈ ਅੰਦਰੋਂ-ਅੰਦਰੀਂ ਸੁਲ੍ਹਾ ਦੇ ਯਤਨ ਸ਼ੁਰੂ ਕੀਤੇ ਗਏ। ਪੰਥਕ ਆਗੂ ਕਿਸੇ ਵੀ ਸੂਰਤ ਵਿਚ ਮੋਰਚੇ ਨੂੰ ਖਿੱਲਰਨ ਨਹੀਂ ਦੇਣਾ ਚਾਹੁੰਦੇ। ਭਾਈ ਧਿਆਨ ਸਿੰਘ ਮੰਡ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਨਾਮ ਲੇਵਾ ਸੰਗਤ, ਹਜ਼ਾਰਾਂ, ਲੱਖਾਂ ਦੀ ਗਿਣਤੀ ਵਿਚ ਵਾਰ-ਵਾਰ ਜੁੜਨ ਦੇ ਬਾਵਜੂਦ, ਬਿਲਕੁਲ ਸ਼ਾਂਤ ਰਹੀ ਤੇ ਕੋਈ ਅਣਸੁਖਾਵੀ ਘਟਨਾ ਨਹੀਂ ਵਾਪਰੀ। ਸ਼ਾਂਤਮਈ ਮੋਰਚੇ ਵਲੋਂ ਨਾਮਜ਼ਦ ਕੀਤੇ ਨੁਮਾਇੰਦਿਆਂ ਨੇ ਪੰਜਾਬ ਸਰਕਾਰ ਦੇ ਸੱਦੇ ਉਤੇ ਗੱਲਬਾਤ ਆਰੰਭੀ। ਪੰਜਾਬ ਸਰਕਾਰ ਨੇ ਕਈ ਮੰਗਾਂ ਮੰਨ ਲਈਆਂ ਹਨ। ਦੋ ਵਜ਼ੀਰ ਸ. ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਆਪ ਬਰਗਾੜੀ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮੰਗਾਂ ਮੰਨੀਆਂ ਤੇ ਕਿਹਾ ਕਿ;

(ੳ) ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ 35 ਬੰਦੇ ਗ੍ਰਿਫ਼ਤਾਰ ਕਰ ਲਏ ਗਏ ਹਨ।

(ਅ) ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ, ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਵੀ ਸੰਮਨ ਜਾਰੀ ਕਰ ਦਿਤੇ ਹਨ।

(ੲ) ਬਹਿਬਲ ਕਲਾਂ ਤੇ ਕੋਟਕਪੂਰਾ ਦੇ ਗੋਲੀ ਕਾਂਡ ਵਿਚ ਸ਼ਹੀਦ ਹੋਇਆਂ ਦੇ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਿਆ ਦਿਤਾ ਗਿਆ ਹੈ।

(ਸ) ਜਿਨ੍ਹਾਂ ਪੁਲਿਸ ਅਫ਼ਸਰਾਂ ਨੇ ਵਧੀਕੀਆਂ ਕੀਤੀਆਂ ਹਨ, ਉਨ੍ਹਾਂ ਨੇ ਹਾਈਕੋਰਟ ਵਿਚੋਂ ਸਟੇਅ ਲਿਆ ਹੋਇਆ ਹੈ। ਪੰਜਾਬ ਸਰਕਾਰ ਉਸ ਸਟੇਅ ਦੀ ਵਿਰੋਧਤਾ ਕਰੇਗੀ ਤੇ ਦੋ ਵਕੀਲ ਪੰਥਕ ਧਿਰਾਂ ਵਲੋਂ ਵੀ ਇਸ ਕੇਸ ਵਿਚ ਸਰਕਾਰੀ ਵਕੀਲਾਂ ਦਾ ਸਾਥ ਦੇਣਗੇ।

(ਹ) ਵਾਅਦਾ ਕੀਤਾ ਗਿਆ ਕਿ ਅਸੈਂਬਲੀ ਵਿਚ ਬਿੱਲ ਲਿਆ ਕੇ ਪਾਸ ਕੀਤਾ ਜਾਵੇਗਾ ਕਿ ਸਿੱਖ ਕੈਦੀਆਂ ਨੂੰ 180 ਦਿਨ ਦੀ ਪੈਰੋਲ ਦਿਤੀ ਜਾਵੇਗੀ। ਪੰਜਾਬ ਤੋਂ ਬਾਹਰ ਕੈਦੀਆਂ ਨੂੰ ਪੰਜਾਬ ਵਿਚ ਲਿਆਉਣ ਲਈ ਪੰਜਾਬ ਸਰਕਾਰ ਉਨ੍ਹਾਂ ਸੂਬਿਆਂ ਨਾਲ ਰਾਬਤਾ ਬਣਾਵੇਗੀ।

ਉਪਰੋਕਤ ਗੱਲਾਂ ਦੇ ਮੰਨਣ ਉਤੇ ਹੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵਾਅਦੇ ਹੋਣ ਉਤੇ ਮੋਰਚੇ ਦੀ ਸਫ਼ਲਤਾ ਤੇ ਸੰਪੂਰਨਤਾ ਦੀ ਅਰਦਾਸ ਕੀਤੀ ਗਈ।

ਇਸ ਦੌਰਾਨ ਪੰਜਾਬ ਸਰਕਾਰ ਮੰਨੀਆਂ ਮੰਗਾਂ ਨੂੰ ਅਮਲ ਵਿੱਚ ਲਿਆਉਂਦੀ ਹੈ ਤਾਂ ਸਾਰਾ ਮਸਲਾ ਸੁਲਝ ਜਾਣ ਦੀ ਉਮੀਦ ਹੈ। ਕੈਪਟਨ ਹਕੂਮਤ ਆਪਣੇ ਵਾਅਦੇ ਨੂੰ ਅਮਲੀਜਾਮਾ ਨਾ ਪਹਿਨਾ ਸਕੀ ਤਾਂ ਪੰਥਕ ਆਗੂ ਮੁਤਵਾਜ਼ੀ ਜਥੇਦਾਰਾਂ ਦੀ ਏਕਤਾ ਕਰਵਾ ਕੇ ਇਸ ਮੁੱਦੇ 'ਤੇ ਸੰਘਰਸ਼ ਦੀ ਨਵੀਂ ਰੂਪ ਰੇਖਾ ਘੜ ਸਕਦੇ ਹਨ।

ਸੂਤਰ ਦੱਸਦੇ ਹਨ ਕਿ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਤਾਂ ਪੰਥਕ ਏਕਤਾ ਦੇ ਮੱਦੇਨਜ਼ਰ ਅਤੇ ਪੰਥਕ ਭਰੋਸੇਯੋਗਤਾ ਖ਼ਾਤਰ ਦੋ ਪੈਰ ਪਿੱਛੇ ਹਟਣ ਦਾ ਵਾਅਦਾ ਵੀ ਕਰ ਦਿੱਤਾ ਹੈ।

ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨਾਲ ਮੁਲਾਕਾਤ ਤੋਂ ਬਾਅਦ ਉਨ੍ਹਾਂ ਦੀ ਥਾਂ 'ਤੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਫ਼ਤਹਿਗੜ੍ਹ ਸਾਹਿਬ ਵਿੱਚ 10 ਜਨਵਰੀ ਨੂੰ ਸੱਦੀ ਬੈਠਕ ਰੱਦ ਕਰ ਦਿੱਤੀ ਹੈ। ਮੰਡ ਨੇ ਇਹ ਫੈਸਲਾ ਹਵਾਰਾ ਨਾਲ ਤਿਹਾੜ ਜੇਲ੍ਹ ਵਿੱਚ ਮੁਲਾਕਾਤ ਤੋਂ ਬਾਅਦ ਲਿਆ ਹੈ। ਜ਼ਿਕਰਯੋਗ ਹੈ ਕਿ ਬਰਗਾੜੀ ਮੋਰਚਾ ਸਮਾਪਤ ਕਰਨ ਕਾਰਨ ਦੋ ਮੁਤਵਾਜ਼ੀ ਜਥੇਦਾਰਾਂ ਬਲਜੀਤ ਸਿੰਘ ਦਾਦੂਵਾਲ ਤੇ ਭਾਈ ਅਮਰੀਕ ਸਿੰਘ ਨੇ ਇਲਜ਼ਾਮ ਲਾਏ ਸੀ ਕਿ ਭਾਈ ਧਿਆਨ ਸਿੰਘ ਮੰਡ ਨੇ ਮਨਮਾਨੇ ਢੰਗ ਨਾਲ ਮੋਰਚਾ ਸਮਾਪਤ ਕਰਕੇ ਸਿੱਖ ਕੌਮ ਨਾਲ ਧੋਖਾ ਕੀਤਾ ਹੈ। ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਸ੍ਰੀ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਜੇਲ੍ਹ ਅੰਦਰੋਂ ਜਾਰੀ ਚਿੱਠੀ ਵਿੱਚ ਲਿਖਿਆ ਹੈ ਕਿ ਉਹ ਜਲਦ ਹੀ ਕੌਮ ਦੀ 5 ਸਿੰਘਾਂ 'ਤੇ ਆਧਾਰਤ ਕਮੇਟੀ ਬਣਾਉਣਗੇ। ਕੋਈ ਨਵਾਂ ਸੰਘਰਸ਼ ਵਿੱਢਣ, ਰੂਪ-ਰੇਖਾ ਤੈਅ ਕਰਨ ਤੇ ਹਰੇਕ ਪੜਾਅ 'ਤੇ ਇਸ ਕਮੇਟੀ ਦੀ ਸਹਿਮਤੀ ਲਾਜ਼ਮੀ ਹੋਵੇਗੀ। ਇਸ ਤੋਂ ਸਾਫ਼ ਹੈ ਕਿ ਹਵਾਰਾ ਦੇ ਦਖ਼ਲ ਤੋਂ ਬਾਅਦ ਪੰਥਕ ਧਿਰਾਂ 'ਚ ਮੁੜ ਤੋਂ ਏਕਾ ਕਾਇਮ ਹੁੰਦਾ ਜਾਪ ਰਿਹਾ ਹੈ।

**ਜੋਰਾ ਸਿੰਘ ਕਮਿਸ਼ਨ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਹੋਈ :** ਪੰਜਾਬ ਸਰਕਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਆਖਿਆ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਕੀਤੀ ਹਾਲਾਂਕਿ ਰਿਪੋਰਟ ਮਿਲਣ ਤੋਂ ਬਾਅਦ ਉਹ ਸਰਕਾਰ 9 ਮਹੀਨੇ ਸੱਤਾ ਵਿਚ ਰਹੀ ਸੀ। ਜਦੋਂ ਜਸਟਿਸ ਰਾਜਨ ਗੁਪਤਾ ਦੇ ਬੈਂਚ ਸਾਹਮਣੇ ਸੁਣਵਾਈ ਸ਼ੁਰੂ ਹੋਈ ਤਾਂ ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਐਡਵੋਕੇਟ ਪੀ ਚਿਦੰਬਰਮ ਪੰਜਾਬ ਸਰਕਾਰ ਦੀ ਤਰਫ਼ੋਂ ਪੇਸ਼ ਹੋਏ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਕੁੱਲ ਸੱਤ ਕੇਸ ਦਰਜ ਕੀਤੇ

ਗਏ ਸਨ ਜਿਨ੍ਹਾਂ 'ਚੋਂ ਤਿੰਨ ਬੇਅਦਬੀ ਦੀਆਂ ਘਟਨਾਵਾਂ ਨਾਲ ਸਬੰਧਤ ਸਨ ਜਦਕਿ ਦੋ ਰੋਸ ਮੁਜ਼ਾਹਰਿਆਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨਾਲ। ਦੋ ਹੋਰ ਕੇਸ ਪੁਲੀਸ ਕਰਮੀਆਂ ਨਾਲ ਸਬੰਧਤ ਸਨ ਜਿਨ੍ਹਾਂ 'ਚੋਂ ਇਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸੌਂਪੇ ਜਾਣ ਤੋਂ ਬਾਅਦ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਉਦੋਂ ਕਾਇਮ ਕੀਤਾ ਸੀ ਜਦੋਂ ਪਹਿਲੇ ਕਮਿਸ਼ਨ ਦੀ ਰਿਪੋਰਟ 'ਤੇ ਕੋਈ ਕਾਰਵਾਈ ਨਾ ਕੀਤੀ ਗਈ। ਜ਼ੋਰਾ ਸਿੰਘ ਕਮਿਸ਼ਨ ਨੇ ਪੁਲੀਸ ਅਫ਼ਸਰਾਂ ਦੀ ਭੂਮਿਕਾ ਦੀ ਜਾਂਚ ਕਰਨ ਦੀ ਹੀ ਸਿਫ਼ਾਰਸ਼ ਕੀਤੀ। ਉਂਜ ਵੀ ਇਸ ਦੀਆਂ ਸਿਫਾਰਸ਼ਾਂ ਸਰਕਾਰ ਲਈ ਮੰਨਣੀਆਂ ਲਾਜ਼ਮੀ ਨਹੀਂ ਸਨ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਅੰਦਰ ਅਸੰਤੁਸ਼ਟੀ ਦੇ ਮੱਦੇਨਜ਼ਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਕਾਇਮ ਕੀਤਾ ਗਿਆ ਕਿਉਂਕਿ ਬੇਅਦਬੀ ਦੇ ਕੇਸਾਂ ਦੀ ਠੀਕ ਢੰਗ ਨਾਲ ਜਾਂਚ ਨਹੀਂ ਕੀਤੀ ਗਈ ਤੇ ਦੇਰੀ ਵੀ ਹੋ ਗਈ ਸੀ। ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਕਾਇਮ ਕੀਤੇ ਕਮਿਸ਼ਨ ਦੀਆਂ ਸਿਫਾਰਸ਼ਾਂ ਕਾਨੂੰਨ ਮੁਤਾਬਕ ਸਹੀ ਸਨ। ਦਰਅਸਲ ਕਮਿਸ਼ਨ ਦੀ ਰਿਪੋਰਟ ਸੌਂਪੇ ਜਾਣ ਤੋਂ ਬਾਅਦ ਜਾਂਚ ਦੇ ਕੰਮ ਵਿਚ ਤੇਜ਼ੀ ਆਈ। ਪਟੀਸ਼ਨਰ ਪੁਲੀਸ ਅਫ਼ਸਰਾਂ ਨੂੰ ਕਮਿਸ਼ਨ ਆਫ ਇਨਕੁਆਰੀ ਐਕਟ ਦੀ ਧਾਰਾ 8-ਬੀ ਤਹਿਤ ਨੋਟਿਸ ਤੇ ਸੰਮਨ ਜਾਰੀ ਕੀਤੇ ਗਏ ਸਨ ਪਰ ਉਨ੍ਹਾਂ ਜਾਂਚ ਦੇ ਕੰਮ ਵਿਚ ਕੋਈ ਸਹਿਯੋਗ ਨਾ ਦਿੱਤਾ ਹਾਲਾਂਕਿ ਸੈਕਸ਼ਨ 8-ਬੀ ਤਹਿਤ ਉਨ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਬਣਦਾ ਸੀ।

ਜਸਟਿਸ ਰੰਜਨ ਗੁਪਤਾ ਦੀ ਅਗਵਾਈ ਹੇਠਲੇ ਬੈਂਚ ਨੇ ਸਪੱਸ਼ਟ ਕੀਤਾ ਹੈ ਕਿ ਬੇਅਦਬੀ ਮਾਮਲਿਆਂ ਦੀ ਜਾਂਚ ਜਾਰੀ ਰੱਖੀ ਜਾ ਸਕਦੀ ਹੈ। ਬੈਂਚ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਹੇਠਲੀ ਅਦਾਲਤ ਮੂਹਰੇ ਸਿੱਟ ਦੀ ਅੰਤਿਮ ਰਿਪੋਰਟ ਦਾਖ਼ਲ ਕਰਨ ਤੋਂ ਪਹਿਲਾਂ ਇਸ ਦੀ ਇਜਾਜ਼ਤ ਲਈ ਜਾਵੇ। ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਜੇਕਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਖ਼ਿਲਾਫ਼ ਬੈਂਚ ਨੇ ਫ਼ੈਸਲਾ ਸੁਣਾਇਆ ਤਾਂ ਵੀ ਸਰਕਾਰ ਪੁਲੀਸ ਅਧਿਕਾਰੀਆਂ ਵਿਰੁੱਧ ਜਾਂਚ ਜਾਰੀ ਰੱਖੇਗੀ। ਇਹ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ।

ਅਦਾਲਤ ਦਾ ਫੈਸਲਾ ਇਸ ਮਾਮਲੇ ਵਿਚ ਕੁਝ ਵੀ ਆਵੇ ਪਰ ਸਰਕਾਰ ਵਲੋਂ ਇਸ ਕੇਸ ਵਿਚ ਕਮਿਸ਼ਨ ਦੇ ਅਧਿਕਾਰਾਂ ਸਬੰਧੀ ਦਿੱਤੀਆਂ ਗਈਆਂ ਦਲੀਲਾਂ ਜਨਤਕ ਹੋਣ ਤੋਂ ਬਾਅਦ ਇਹ ਦੇਖ ਕੇ ਲੋਕਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ਕਿ ਜਿਸ ਕਮਿਸ਼ਨ ਨੂੰ ਆਪਣੀ ਰਿਪੋਰਟ ਤਿਆਰ ਕਰਨ ਲਈ ਪੌਣੇ ਦੋ ਸਾਲ ਦਾ ਸਮਾਂ ਲੱਗਿਆ, ਜਿਸ ਕਮਿਸ਼ਨ ਦੀ ਰਿਪੋਰਟ ਤਿਆਰ ਕਰਨ ਵਿਚ ਸਰਕਾਰ ਦਾ ਬਹੁਤ ਸਾਰਾ ਪੈਸਾ ਲੱਗ ਗਿਆ, ਜਿਸ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਵਿਧਾਨ ਸਭਾ ਦਾ ਇਕ ਵਿਸ਼ੇਸ਼ ਸੈਸ਼ਨ ਸੱਦ ਲਿਆ ਗਿਆ, ਜਿਸ ਕਮਿਸ਼ਨ ਦੀ ਰਿਪੋਰਟ ਤੇ ਕਾਰਵਾਈ ਕਰਵਾਉਣ ਲੱਗਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੂੰ ਵਿਧਾਨ ਸਭਾ ਅੰਦਰ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਚਿੱਲੀ ਚਿਕਨ ਤੱਕ ਦੱਸ ਦਿੱਤਾ ਗਿਆ,



ਜਿਸ ਕਮਿਸ਼ਨ ਦੀ ਰਿਪੋਰਟ ਤੇ ਬਹਿਸ ਦੌਰਾਨ ਗਿਆਨੀ ਗੁਰਬਚਨ ਸਿੰਘ ਵਿਰੁੱਧ ਨਿੱਜੀ ਹਮਲੇ ਕਰਦਿਆਂ ਉਨ੍ਹਾਂ ਨੂੰ ਭ੍ਰਿਸ਼ਟ ਜਥੇਦਾਰ ਗਰਦਾਨਦਿਆਂ ਉਨ੍ਹਾਂ ਤੇ ਨਿੱਜੀ ਹਮਲੇ ਤੱਕ ਕਰ ਦਿੱਤੇ ਗਏ, ਜਿਸ ਕਮਿਸ਼ਨ ਦੀ ਰਿਪੋਰਟ ਤੇ ਕਾਰਵਾਈ ਕਰਵਾਉਣ ਲਈ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅੱਗੇ ਝੁਕ ਕੇ ਆਪਣੇ ਕੁੜਤੇ ਦੀ ਝੋਲੀ ਅੱਡ-ਅੱਡ ਕੇ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ, ਉਸ ਕਮਿਸ਼ਨ ਕੋਲ ਤਾਂ ਅਜਿਹੇ ਕੋਈ ਅਧਿਕਾਰ ਹੀ ਨਹੀਂ ਹਨ ਕਿ ਉਹ ਕਿਸੇ ਵਿਰੁੱਧ ਕਾਰਵਾਈ ਕਰਦਾ। ਉਹ ਸਿਰਫ਼ ਸੂਚਨਾ ਹਾਸਲ ਕਰਨ ਦਾ ਇੱਕ ਜ਼ਰੀਆ ਮਾਤਰ ਸੀ। ਹੁਣ ਸਵਾਲ ਇਹ ਉੱਠਦਾ ਹੈ ਕਿ, ਕੀ ਅਜਿਹੇ ਕਮਿਸ਼ਨ ਲੋਕਾਂ ਨੂੰ ਮੂਰਖ ਬਣਾਉਣ ਲਈ ਬਣਾਏ ਜਾਂਦੇ ਹਨ? ਜੇ ਹਾਂ ਤਾਂ ਲੋਕ ਕਦੋਂ ਤੱਕ ਮੂਰਖ ਬਣਦੇ ਰਹਿਣਗੇ? ਕਿਉਂਕਿ ਜੇਕਰ ਅਜਿਹੇ ਕਮਿਸ਼ਨਾਂ ਤੋਂ ਸਿਰਫ਼ ਸੂਚਨਾਵਾਂ ਹੀ ਹਾਸਲ ਕੀਤੀਆਂ ਜਾਂਦੀਆਂ ਹਨ ਤਾਂ ਫਿਰ ਉਹ ਸੂਚਨਾਵਾਂ ਹਾਸਲ ਕਰਨ ਦੇ ਹੋਰ ਵੀ ਬਹੁਤ ਤਰੀਕੇ ਹਨ, ਲੋਕਾਂ ਨੂੰ ਅਜਿਹੇ ਕਮਿਸ਼ਨਾਂ ਦੀ ਰਿਪੋਰਟ ਦੇ ਇੰਤਜ਼ਾਰ ਵਿੱਚ ਬੈਠਣਾ ਕਿਉਂ ਪਵੇ?

**ਕਰਤਾਰਪੁਰ ਲਾਂਘਾ** : ਅਜਿਹੇ ਮਾਹੌਲ ਵਿਚ ਕੇਂਦਰੀ ਕੈਬਨਿਟ ਵੱਲੋਂ ਪ੍ਰਕਾਸ਼ ਪੁਰਬ ਤੋਂ ਇਕ ਦਿਨ ਪਹਿਲਾਂ ਕਰਤਾਰਪੁਰ ਕੋਰੀਡੋਰ ਬਣਾਉਣ ਦੇ ਅਚਾਨਕ ਕੀਤੇ ਫ਼ੈਸਲੇ ਨੇ ਸਭ ਧਿਰਾਂ ਨੂੰ ਹੈਰਾਨ ਕਰ ਦਿੱਤਾ। ਸਿਰਫ਼ ਕੋਰੀਡੋਰ ਹੀ ਨਹੀਂ ਸਗੋਂ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਨਾਲ ਜੋੜ ਕੇ ਹੋਰ ਬਹੁਤ ਅਹਿਮ ਫ਼ੈਸਲੇ ਕੀਤੇ। ਜਿਸ ਢੰਗ ਨਾਲ ਕੇਂਦਰੀ ਕੈਬਨਿਟ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਅਤੇ ਇਸ ਤੋਂ ਬਾਅਦ ਜਿਸ ਤਰ੍ਹਾਂ ਭਾਰਤ ਵਾਲੇ ਪਾਸੇ 26 ਨਵੰਬਰ ਨੂੰ ਉਪ -ਰਾਸ਼ਟਰਪਤੀ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਅਤੇ 28 ਨਵੰਬਰ ਨੂੰ ਇਮਰਾਨ ਖ਼ਾਨ ਵੱਲੋਂ ਕਰਤਾਰਪੁਰ 'ਚ ਇਸ ਦਾ ਨੀਂਹ -ਪੱਥਰ ਰੱਖਣ ਦੇ ਫਟਾ-ਫਟ ਐਲਾਨ ਹੋਏ, ਇਹ ਸਭ ਹੈਰਾਨੀਜਨਕ ਹੀ ਰਹੇ ਹਨ। 22 ਨਵੰਬਰ ਦੀ ਜਿਸ ਕੈਬਨਿਟ ਮੀਟਿੰਗ ਵਿਚ ਲਾਂਘੇ ਦਾ ਮਤਾ ਪਾਸ ਕੀਤਾ ਗਿਆ, ਉਹ ਏਜੰਡੇ ਵਿਚ ਸ਼ਾਮਲ ਨਹੀਂ ਸੀ। ਤਟ ਫਟ ਏਜੰਡਾ ਬਣਾ ਕੇ ਇਹ ਫ਼ੈਸਲੇ ਕੀਤੇ ਗਏ। ਇਹ ਸਾਰਾ ਕੁਝ ਉਦੋਂ ਕੀਤਾ ਜਦੋਂ ਇਹ ਸੂਹ ਮਿਲੀ ਕਿ ਪਾਕਿਸਤਾਨ ਨੇ 27 ਜਾਂ 28 ਨਵੰਬਰ ਨੂੰ ਕਰਤਾਰਪੁਰ 'ਚ ਲਾਂਘੇ ਦਾ ਨੀਂਹ ਪੱਥਰ ਰੱਖਣ ਦਾ ਫ਼ੈਸਲਾ ਕਰ ਲਿਆ ਹੈ। ਇਸ ਨੇ ਇਕਦਮ ਦ੍ਰਿਸ਼ ਬਦਲ ਦਿੱਤਾ। ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਹੋਏ ਕਿ ਪਾਕਿਸਤਾਨ ਦੇ ਫ਼ੈਸਲੇ ਬਾਰੇ ਇੰਨੀ ਦੇਰੀ ਨਾਲ ਕਿਉਂ ਪਤਾ ਲੱਗਾ? ਮਜਬੂਰੀ ਨਾਲ ਕੀਤੇ ਇਸ ਫ਼ੈਸਲੇ ਨੂੰ ਕੇਂਦਰ ਸਰਕਾਰ ਨੇ ਆਪਣੀ ਕਲਾਕਾਰੀ-ਰੰਗਤ ਦੇ ਕੇ ਪੇਸ਼ ਕੀਤਾ। ਇਹ ਬੇਸ਼ੱਕ ਮਜਬੂਰੀ ਵਿਚ ਕੀਤਾ ਗਿਆ ਪਰ ਫਿਰ ਵੀ ਇਹ ਇਤਿਹਾਸਕ ਫ਼ੈਸਲਾ ਹੈ। ਇਸ ਦੇ ਬਹੁਤ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ।ਕਰਤਾਰਪੁਰ ਲਾਂਘੇ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੰਭਾਵਿਤ ਗੁਰਦਾਸਪੁਰ ਦੇ 3 ਜਨਵਰੀ ਨੂੰ ਹੋਣ ਵਾਲੇ ਦੌਰੇ ਤੋਂ ਪਹਿਲਾਂ ਹੀ ਪਾਕਿਸਤਾਨ ਨੇ ਆਪਣੇ ਪਾਸੇ ਲਾਂਘੇ ਦੀ ਉਸਾਰੀ ਦੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਪਾਕਿਸਤਾਨ ਦੀ ਇਕ ਏਜੰਸੀ ਨੇ ਪਾਕਿਸਤਾਨ ਸਰਕਾਰ ਨੂੰ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਕੁਝ ਪਾਬੰਦੀਨੁਮਾ ਸਿਫ਼ਾਰਸ਼ਾਂ ਭੇਜੀਆਂ ਹਨ। ਇਨ੍ਹਾਂ ਮੁਤਾਬਕ ਹਰ ਰੋਜ਼ ਸਵੇਰੇ 9 ਤੋਂ ਸ਼ਾਮ 5 ਵਜੇ ਤਕ ਲਾਂਘਾ ਖੋਲ੍ਹਿਆ ਜਾਵੇਗਾ। ਰੋਜ਼ਾਨਾ 500 ਦੇ ਕਰੀਬ ਸਿੱਖ ਸ਼ਰਧਾਲੂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣਗੇ।

ਭਾਰਤ ਵਾਲੇ ਪਾਸੇ ਵੀ ਕਰਤਾਰਪੁਰ ਲਾਂਘੇ ਲਈ ਉਸਾਰੀ ਦਾ ਕੰਮ ਜਾਰੀ ਹੈ। ਹਾਲਾਂਕਿ ਪ੍ਰਧਾਨ ਮੰਤਰੀ ਮੋਦੀ ਦੇ 3 ਜਨਵਰੀ ਦੇ ਪੰਜਾਬ ਦੌਰੇ ਦਾ ਵੇਰਵਾ ਹਾਲੇ ਨਹੀਂ ਆਇਆ ਹੈ ਪਰ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਲਾਂਘੇ ਵਾਲੇ ਖੇਤਰ ਦਾ ਮੁਆਇਨਾ ਕਰ ਸਕਦੇ ਹਨ। ਭਾਰਤ ਵਿਚ ਇਸ ਲਾਂਘੇ ਬਾਰੇ ਕੇਂਦਰ ਅਤੇ ਸੂਬਾ ਸਰਕਾਰ ਮਿਲ ਕੇ ਨਿਯਮ ਤਿਆਰ ਕਰਨਗੇ ਪਰ ਪਾਕਿਸਤਾਨ ਵਿਚ ਭਾਵੇਂ ਉੱਥੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅੱਗੇ ਨਜ਼ਰ ਆ ਰਹੇ ਹਨ। ਪਾਕਿਸਤਾਨ ਦੀ ਏਜੰਸੀ ਐਫਆਈਏ ਕਰਤਾਰਪੁਰ ਕੋਰੀਡੋਰ, ਸਿੱਖਾਂ ਦੇ ਪਾਕਿਸਤਾਨ ਆਉਣ ਸਬੰਧੀ ਖਾਕਾ ਤਿਆਰ ਕਰ ਰਹੀ ਹੈ। ਜਾਣਕਾਰੀ ਮੁਤਾਬਕ ਕਰਤਾਰਪੁਰ ਸਾਹਿਬ ਦੀ ਸਰਹੱਦ 'ਤੇ ਇਮੀਗ੍ਰੇਸ਼ਨ ਸੈਂਟਰ ਬਣਾਇਆ ਜਾਵੇਗਾ।



ਪਾਕਿਸਤਾਨ ਦੀਆਂ ਬੱਸਾਂ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ ਤਕ ਲੈ ਕੇ ਜਾਣਗੀਆਂ ਅਤੇ ਸਰਹੱਦ ਹਰ ਰੋਜ਼ 8 ਘੰਟੇ ਲਈ ਖੋਲ੍ਹੀ ਜਾਏਗੀ। ਇਹ ਸਿਫਾਰਸ਼ਾਂ ਪਾਕਿਸਤਾਨ ਸਰਕਾਰ ਨੂੰ ਭੇਜ ਦਿੱਤੀਆਂ ਗਈਆਂ ਹਨ ਤੇ ਮਨਜ਼ੂਰੀ ਦੀ ਉਡੀਕ ਕੀਤੀ ਜਾ ਰਹੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਇਸ ਨਾਲ ਭਾਜਪਾ ਸਰਕਾਰ ਦੇ ਘੱਟ ਗਿਣਤੀ ਤੇ ਸਿੱਖ-ਵਿਰੋਧੀ ਬਣੇ ਜਾਂ ਬਣਦੇ ਜਾ ਰਹੇ ਅਕਸ ਨੂੰ ਸੁਧਾਰਨ 'ਚ ਮੋਦੀ ਨੂੰ ਮਦਦ ਮਿਲੇਗੀ।

ਯਾਦ ਰਹੇ ਕਿ ਸਿੱਖ ਸੰਗਤ ਦੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੀ ਚਿਰੋਕਣੀ ਮੰਗ ਭਾਰਤ ਤੇ ਪਾਕਿ ਸਰਕਾਰ ਵਲੋਂ ਮੰਨ ਲਏ ਜਾਣ ਦੇ ਮਾਮਲੇ ਉਪਰ ਵੀ ਪੰਜਾਬ ਦੀ ਸਿਆਸਤ 'ਤੇ ਖ਼ੂਬ ਵਿਵਾਦ ਮਚਿਆ। ਲਾਂਘੇ ਬਾਰੇ ਪੰਜਾਬ ਦੇ ਵਜ਼ੀਰ ਨਵਜੋਤ ਸਿੰਘ ਸਿੱਧੂ ਦੇ ਦਾਅਵੇ ਉਪਰ ਅਕਾਲੀ ਆਗੂ ਤਿਲਮਿਲਾ ਉਠੇ ਤੇ ਉਨ੍ਹਾਂ ਉਪਰ ਝੂਠ ਬੋਲਣ ਦੇ ਦੋਸ਼ ਲਗਾਉਂਦੇ ਰਹੇ ਤੇ ਪਾਕਿਸਤਾਨ ਜਰਨੈਲ ਨਾਲ ਪਾਈ ਜੱਫੀ ਬਦਲੇ ਦੇਸ਼-ਧ੍ਰੋਹ ਦਾ ਕੇਸ ਦਰਜ ਕਰਨ ਦੀ ਬਿਆਨਬਾਜ਼ੀ ਵੀ ਕਰਦੇ ਰਹੇ। ਜਦ ਦੋਵਾਂ ਸਰਕਾਰਾਂ ਨੇ ਲਾਂਘੇ ਦਾ ਐਲਾਨ ਕਰ ਦਿੱਤਾ ਤਾਂ ਅਕਾਲੀ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਦੌੜ 'ਚ ਪੈ ਗਏ। ਪਰ ਕੈਪਟਨ ਅਮਰਿੰਦਰ ਸਿੰਘ ਵਲੋਂ ਲਾਂਘਾ ਖੋਲ੍ਹਣ ਪਿੱਛੇ ਪਾਕਿਸਤਾਨ ਦੀ ਸਾਜ਼ਿਸ਼ ਦੇ ਦਿੱਤੇ ਬਿਆਨਾਂ ਨੇ ਇਕ ਨਵੀਂ ਚਰਚਾ ਛੇੜ ਦਿੱਤੀ। ਕੈਪਟਨ ਅਮਰਿੰਦਰ ਸਿੰਘ ਵਲੋਂ ਕਾਂਗਰਸੀ ਲੀਹ ਤੋਂ ਬਾਹਰ ਜਾ ਕੇ ਸਿੱਖ ਮਸਲਿਆਂ ਬਾਰੇ ਦਿੱਤੇ ਜਾਂਦੇ ਬਿਆਨਾਂ ਤੇ ਪੰਜਾਬ ਬਾਰੇ ਲਏ ਕਈ ਫ਼ੈਸਲਿਆਂ ਨਾਲ ਜਿਹੜੀ ਸਿੱਖ ਭਾਈਚਾਰੇ ਦੇ ਵੱਡੇ ਹਿੱਸਿਆਂ 'ਚ ਭੱਲ ਬਣੀ ਸੀ, ਉਸ ਉਪਰ ਵੀ ਪਹਿਲਾਂ ਕੈਨੇਡਾ ਦੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਪੰਜਾਬ ਫੇਰੀ ਦੌਰਾਨ ਅਪਣਾਏ ਰੁੱਖੇ ਵਤੀਰੇ ਤੇ ਫਿਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਸਮੇਂ ਵੀ ਪਹਿਲਾਂ ਤਕਰਾਰ ਖੜ੍ਹਾ ਕਰਨ ਤੇ ਫਿਰ ਗਰਮਖਿਆਲੀਆਂ ਦੀ ਸੂਚੀ ਹੱਥ ਫੜਾ ਕੇ ਬੁੱਤਾ ਸਾਰਨ ਨਾਲ ਕੈਨੇਡਾ ਵਰਗੇ ਸਿੱਖ ਵਸੋਂ ਵਾਲੇ ਦੇਸ਼ ਨਾਲ ਚੰਗੇ ਸਬੰਧ ਬਣਾਉਣ ਦਾ ਮੌਕਾ ਗੁਆਉਣ ਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਵਿਰੋਧ ਕਰਨ ਨਾਲ ਉਂਗਲ ਉਠਣੀ ਸ਼ੁਰੂ ਹੋਈ ਹੈ। ਇਕ ਪਾਸੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੀਜ਼ਾ ਫ੍ਰੀ ਕਰਤਾਰਪੁਰ ਲਾਂਘਾ ਬਣਾਇਆ ਜਾ ਰਿਹਾ ਹੈ, ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਨੂੰ ਕੋਰੀਡੋਰ ਦਾ ਪਾਕਿਸਤਾਨ ਵਾਲਾ ਹਿੱਸਾ ਬਣਾਉਣ ਦੇ ਦਾਅਵਿਆਂ ਨੂੰ ਪੂਰਾ ਕਰਨ ਦੀ ਤਾਕੀਦ ਕੀਤੀ ਹੈ।ਜ਼ਿਕਰਯੋਗ ਹੈ ਕਿ ਪੰਜਾਬ ਅਸੈਂਬਲੀ ਨੇ ਇਕ ਮਤਾ ਪਾਸ ਕਰਕੇ ਮੰਗ ਕੀਤੀ ਸੀ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੂੰ ਭਾਰਤ ਨੂੰ ਦੇ ਦਿੱਤਾ ਜਾਵੇ ਅਤੇ ਇਸ ਬਦਲੇ ਭਾਰਤੀ ਹਿੱਸੇ ਦੀ ਕੁਝ ਜ਼ਮੀਨ ਪਾਕਿਸਤਾਨ ਨੂੰ ਦੇ ਦਿੱਤੀ ਜਾਵੇ। ਇਸ ਸਬੰਧੀ ਪੰਜਾਬ ਸਰਕਾਰ ਵਲੋਂ ਇਕ ਪ੍ਰਪੋਜ਼ਲ ਬਣਾ ਕੇ ਕੇਂਦਰ ਸਰਕਾਰ ਨੂੰ ਵੀ ਭੇਜਿਆ ਜਾਣਾ ਸੀ ਜਿਸ ਮੁਤਾਬਕ ਭਾਰਤ ਦੇ 11 ਹਜ਼ਾਰ ਏਕੜ ਜ਼ਮੀਨ ਬਦਲੇ ਪਾਕਿਸਤਾਨ ਤੋਂ ਰਾਵੀ ਕੰਢੇ ਵਾਲੀ ਕਰਤਾਰਪੁਰ ਸਾਹਿਬ ਦੀ ਜ਼ਮੀਨ ਲੈਣ ਬਾਰੇ ਤਜਵੀਜ਼ ਸੀ। ਇਸ ਤੋਂ ਪਹਿਲਾਂ ਹੀ ਪਾਕਿਸਤਾਨ ਵਲੋਂ ਆਪਣਾ ਪੱਖ ਸਾਫ ਕਰ ਦਿੱਤਾ ਗਿਆ।ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਕਰਤਾਰਪੁਰ ਲਾਂਘੇ ਦੀ ਜ਼ਮੀਨ ਬਦਲੇ ਭਾਰਤ ਦੀ ਜ਼ਮੀਨ ਦਾ ਕੁਝ ਹਿੱਸਾ ਪਾਕਿਸਤਾਨ ਨੂੰ ਦੇਣ ਦੀ ਮੰਗ ਨੂੰ ਪਾਕਿਸਤਾਨ ਨੇ ਠੁਕਰਾ ਦਿੱਤਾ ਹੈ। ਇਸ ਸਬੰਧੀ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਕਿਹਾ ਕਿ ਕਰਤਾਰਪੁਰ ਸਬੰਧੀ ਜ਼ਮੀਨ ਦੀ ਭਾਰਤ ਨਾਲ ਅਦਲਾ-ਬਦਲੀ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

**ਕੀ ਹੈ ਭਾਰਤ ਦਾ ਫੈਸਲਾ** : ਡੇਰਾ ਬਾਬਾ ਨਾਨਕ ਤੋਂ ਲੈ ਕੇ ਕੌਮਾਂਤਰੀ ਸਰਹੱਦ ਤੱਕ ਕਰਤਾਰਪੁਰ ਸਾਹਿਬ ਲਈ ਲਾਂਘਾ ਬਣਾਇਆ ਜਾਵੇਗਾ ਅਤੇ ਲਾਂਘੇ ਦਾ ਪੂਰਾ ਖ਼ਰਚਾ ਕੇਂਦਰ ਸਰਕਾਰ ਚੁੱਕੇਗੀ।

ਸੁਲਤਾਨਪੁਰ ਲੋਧੀ ਨੂੰ ਹੈਰੀਟੇਜ ਸਿਟੀ ਬਣਾਇਆ ਜਾਵੇਗਾ ਜਿਸਦਾ ਨਾਮ 'ਪਿੰਡ ਬਾਬੇ ਨਾਨਕ ਦਾ' ਰੱਖਿਆ ਜਾਵੇਗਾ। ਇੱਥੇ ਗੁਰੂ ਨਾਨਕ ਦੇਵ ਜੀ ਦੀ ਜੀਵਨ ਅਤੇ ਸਿੱਖਿਆਵਾਂ ਬਾਰੇ ਦੱਸਿਆ ਜਾਵੇਗਾ।

ਸੈਂਟਰ ਫਾਰ ਇੰਟਰਫੇਥ ਸਟੱਡੀਜ਼ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਦਰ ਨਿਰਮਾਣ ਹੋਵੇਗਾ। ਬ੍ਰਿਟੇਨ ਅਤੇ ਕੈਨੇਡਾ ਦੀਆਂ ਦੋ ਯੂਨੀਵਰਸੀਟੀਆਂ ਵਿੱਚ ਇਸ ਸੈਂਟਰ ਦੇ ਨਾਮ ਨਾਲ ਚੇਅਰ ਸਥਾਪਿਤ ਕੀਤੀ ਜਾਵੇਗੀ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦਿਹਾੜੇ 'ਤੇ ਡਾਕ ਟਿਕਟ ਅਤੇ ਸਿੱਕੇ ਰਿਲੀਜ਼ ਹੋਣਗੇ।

ਵਿਦੇਸ਼ਾਂ ਵਿੱਚ ਭਾਰਤੀ ਸਿਫਾਰਤਖਾਨਿਆਂ ਵਿੱਚ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸਮਾਗਮ ਕਰਵਾਇਆ ਜਾਵੇਗਾ।

ਨੈਸ਼ਨਲ ਬੁੱਕ ਟਰੱਸਟ ਉਨ੍ਹਾਂ ਦੀਆਂ ਸਿਖਿਆਵਾਂ ਬਾਰੇ ਸਮੱਗਰੀ ਛਾਪੇਗਾ। ਭਾਰਤੀ ਰੇਲਵੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਥਾਵਾਂ ਤੱਕ ਰੇਲਾਂ ਚਲਾਏਗਾ

ਲਾਂਘੇ ਬਾਰੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਕਰਤਾਰਪੁਰ ਸਰਹੱਦ ਖੋਲ੍ਹੀ ਜਾ ਰਹੀ ਹੈ, ਗੁਰਦੁਆਰੇ ਤੱਕ ਆਉਣ ਲਈ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਉੱਥੋਂ ਤੱਕ ਆਉਣ ਲਈ ਰਸਤਾ ਬਣਾਇਆ ਜਾਵੇਗਾ। ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂ ਟਿਕਟ ਖਰੀਦ ਕੇ ਆ ਸਕਣਗੇ ਅਤੇ ਮੱਥਾ ਟੇਕਣ ਤੋਂ ਵਾਪਸ ਜਾ ਸਕਣਗੇ। ਇਸ ਤਰ੍ਹਾਂ ਦਾ ਇੱਕ ਸਿਸਟਮ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਕਰਤਾਰਪੁਰ ਵਿਖੇ ਸਿੱਖ ਧਰਮ ਦੇ ਬਾਨੀ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦਾ ਸਭ ਤੋਂ ਵੱਧ ਸਮਾਂ 17-18 ਸਾਲ ਗੁਜ਼ਾਰਿਆ ਅਤੇ ਇੱਥੇ ਹੀ ਉਨ੍ਹਾਂ ਨੇ ਅਕਾਲ ਚਲਾਣਾ ਕੀਤਾ ਸੀ। ਇਸ ਦਾ ਨਾਮ 'ਕਰਤਾਰ' ਦਾ ਮਤਲਬ 'ਕਰਤਾ' ਵੀ ਗੁਰੂ ਨਾਨਕ ਦੇਵ ਜੀ ਨੇ ਹੀ ਰੱਖਿਆ ਸੀ। ਇੱਥੇ ਹੀ ਸਿੱਖਾਂ ਦੇ ਦੂਜੇ ਗੁਰੂ ਅੰਗਦ ਦੇਵ ਜੀ ਨੇ 7 ਸਾਲ ਬਿਤਾਏ ਹਨ। ਉਨ੍ਹਾਂ ਨੂੰ ਸਿੱਖਾਂ ਦੇ ਦੂਜੇ ਗੁਰੂ ਵਜੋਂ ਥਾਪਿਆ ਗਿਆ।ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ ਅਤੇ ਇੱਥੇ ਖੇਤੀ ਕਰਕੇ ਗੁਰੂ ਨਾਨਕ ਦੇਵ ਜੀ ਨੇ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦਾ ਫ਼ਲਸਫ਼ਾ ਦਿੱਤਾ ਸੀ।ਇਸ ਥਾਂ 'ਤੇ ਗੁਰੂ ਜੀ ਰਹਿੰਦੇ ਸਨ ਅਤੇ ਘੁੰਮਣ ਤੇ ਧਿਆਨ ਲਾਉਣ ਲਈ ਰਾਵੀ ਦੇ ਦੂਜੇ ਪਾਸੇ ਜਾਂਦੇ ਸਨ, ਜਿੱਥੇ ਅੱਜ ਗੁਰਦੁਆਰਾ ਡੇਰਾ ਬਾਬਾ ਨਾਨਕ ਬਣਿਆ ਹੋਇਆ ਹੈ।

**ਸੱਜਣ ਕੁਮਾਰ ਨੂੰ ਉਮਰ ਕੈਦ** : ਬਿਖੇੜੇ ਤੇ ਤਕਰਾਰ ਦੀ ਰਾਜਨੀਤੀ 'ਚ ਫਸੇ ਰਹੇ ਪੰਜਾਬੀਆਂ ਤੇ ਪੂਰੀ ਦੁਨੀਆ 'ਚ ਵਸੇ ਸਿੱਖਾਂ ਲਈ ਜਾਂਦੇ ਸਾਲ ਦਾ ਤੋਹਫ਼ਾ ਹੈ ਕਿ ਦਿੱਲੀ ਦੇ ਸਿੱਖ ਵਿਰੋਧੀ ਕਤਲੇਆਮ ਦੇ ਮੁੱਖ ਦੋਸ਼ੀ ਮੰਨੇ ਜਾਂਦੇ ਸੱਜਣ ਕੁਮਾਰ ਨੂੰ ਆਖਰ 35 ਸਾਲ ਬਾਅਦ ਦਿੱਲੀ ਹਾਈਕੋਰਟ ਨੇ ਰਹਿੰਦੀ ਜ਼ਿੰਦਗੀ ਲਈ ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਸ ਫ਼ੈਸਲੇ ਨਾਲ ਹੋਰ ਦੋਸ਼ੀਆਂ ਨੂੰ ਸਜ਼ਾ ਹੋਣ ਦੀ ਆਸ ਵੀ ਬੱਝ ਗਈ ਹੈ। ਦਿੱਲੀ ਹਾਈ ਕੋਰਟ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਨਵੰਬਰ-1984 ਵਿਚ ਦਿੱਲੀ ਵਿਖੇ ਹੋਏ ਸਿੱਖ ਵਿਰੋਧੀ ਕਤਲੇਆਮ ਦੇ ਇਕ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਕਾਰਨ ਕਾਂਗਰਸ ਅਤੇ ਗਾਂਧੀ ਪਰਿਵਾਰ ਨੂੰ ਵੱਡਾ ਝਟਕਾ ਲੱਗਿਆ ਹੈ। ਇਹ ਫ਼ੈਸਲਾ ਉਸ ਵੇਲੇ ਆਇਆ ਜਦੋਂ ਤਿੰਨ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਬਣ ਰਹੀਆਂ ਸਨ ਅਤੇ ਕਾਂਗਰਸੀ ਖ਼ੁਸ਼ੀਆਂ ਮਨਾਉਣ ਵਿਚ ਰੁੱਝੇ ਹੋਏ ਸਨ। ਰਾਫੇਲ ਮਾਮਲੇ 'ਤੇ ਸੁਪਰੀਮ ਕੋਰਟ

(ਬਾਕੀ ਸਫ਼ਾ 24 'ਤੇ)



ਦਾ ਫ਼ੈਸਲਾ ਆਉਣ ਤੋਂ ਬਾਅਦ ਪਹਿਲਾਂ ਹੀ ਮੂੰਹ ਦੀ ਖਾ ਚੁੱਕੀ ਕਾਂਗਰਸ ਲਈ ਇਹ ਇਕ ਹੋਰ ਵੱਡਾ ਸਿਆਸੀ ਨੁਕਸਾਨ ਹੈ ਕਿਉਂਕਿ ਸਿੱਖ ਕਤਲੇਆਮ ਵਿਚ ਹਾਲੇ ਤਕ ਕਿਸੇ ਵੱਡੇ ਕਾਂਗਰਸੀ ਆਗੂ ਨੂੰ ਸਜ਼ਾ ਨਹੀਂ ਹੋਈ ਸੀ। ਗੱਲ ਸਿਰਫ਼ ਇਲਜ਼ਾਮਾਂ ਤਕ ਹੀ ਸੀਮਤ ਸੀ ਪਰ ਹੁਣ ਇਹ ਸਹੀ ਸਾਬਤ ਹੋਣੇ ਸ਼ੁਰੂ ਹੋ ਗਏ ਹਨ। ਇਸ ਦਾ ਖਾਮਿਆਜ਼ਾ ਕਾਂਗਰਸ ਨੂੰ ਆਉਣ ਵਾਲੀਆਂ ਚੋਣਾਂ ਵਿਚ ਭੁਗਤਣਾ ਪੈ ਸਕਦਾ ਹੈ। ਸੰਨ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ 'ਚ ਹੋਏ ਕਤਲੇਆਮ 'ਚ ਸਰਕਾਰੀ ਤੇ ਗ਼ੈਰ-ਸਰਕਾਰੀ ਅੰਕੜਿਆਂ ਮੁਤਾਬਕ ਤਿੰਨ ਹਜ਼ਾਰ ਦੇ ਲਗਭਗ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ। ਹਜ਼ਾਰਾਂ ਸਿੱਖਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋਣਾ ਪਿਆ ਸੀ। ਇਸ 'ਤੇ ਬਹੁਤ ਸਾਰੇ ਜਾਂਚ ਕਮਿਸ਼ਨ, ਕਮੇਟੀਆਂ, ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਵੀ ਹੋਇਆ ਪਰ ਹੱਕ-ਸੱਚ ਦੀ ਲੜਾਈ ਲੰਬੀ ਹੁੰਦੀ ਗਈ। ਇਨ੍ਹਾਂ ਦੰਗਿਆਂ ਵਿਚ ਮਰਹੂਮ ਐੱਚਕੇਐੱਲ ਭਗਤ, ਜਗਦੀਸ਼ ਟਾਇਟਲਰ ਤੇ ਸੱਜਣ ਕੁਮਾਰ ਸਮੇਤ ਕਈ ਕਾਂਗਰਸੀਆਂ ਦੀ ਸ਼ਮੂਲੀਅਤ ਦੇ ਇਲਜ਼ਾਮ ਲੱਗਦੇ ਰਹੇ ਹਨ। ਇਨ੍ਹਾਂ ਆਗੂਆਂ 'ਤੇ ਇਹ ਵੀ ਇਲਜ਼ਾਮ ਲੱਗਦੇ ਰਹੇ ਕਿ ਸਿਆਸੀ ਪ੍ਰਭਾਵ ਕਾਰਨ ਇਹ ਬਚਦੇ ਰਹੇ ਪਰ ਕੁਝ ਲੋਕ ਇਨਸਾਫ਼ ਲਈ ਜੂਝਦੇ ਰਹੇ। ਇਸ ਦਾ ਹੀ ਨਤੀਜਾ ਹੈ ਕਿ ਹਾਲੀਆ ਦਿਨਾਂ ਵਿਚ ਤਿੰਨ ਅਦਾਲਤੀ ਫ਼ੈਸਲੇ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਦੇ ਰੂਪ ਵਿਚ ਸਾਹਮਣੇ ਆਏ ਹਨ। ਤਸਵੀਰ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਮਸਲੇ 'ਤੇ ਪਿਛਲੇ 34 ਸਾਲਾਂ ਤੋਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਕਾਂਗਰਸ ਵਿਰੋਧੀ ਪਾਰਟੀਆਂ ਨੂੰ ਇਸ ਦਾ ਸਿਆਸੀ ਲਾਹਾ ਮਿਲਦਾ ਰਿਹਾ ਹੈ ਅਤੇ ਉਨ੍ਹਾਂ ਨੇ ਇਸ ਸੰਵੇਦਨਸ਼ੀਲ ਮਸਲੇ ਨੂੰ ਭੁੰਨਾਉਣ ਵਿਚ ਕੋਈ ਕਸਰ ਵੀ ਨਹੀਂ ਛੱਡੀ। ਇਸ ਚੋਣ ਵਰ੍ਹੇ ਵਿਚ ਉਪਰੋਂ-ਥੱਲੇ ਤਿੰਨ ਫ਼ੈਸਲੇ ਪੀੜਤਾਂ ਦੇ ਹੱਕ ਵਿਚ ਆਉਣ ਦਾ ਬਿਨਾ ਸ਼ੱਕ ਕਾਂਗਰਸ ਵਿਰੋਧੀ ਪਾਰਟੀਆਂ ਨੂੰ ਫ਼ਾਇਦਾ ਮਿਲੇਗਾ। ਇਸੇ ਕਾਰਨ ਹੁਣ ਇਸ ਸਾਰੇ ਦਾ ਸਿਹਰਾ ਲੈਣ ਵਾਲਿਆਂ ਨੇ ਵੀ 'ਵੱਡੇ-ਵੱਡੇ' ਬਿਆਨ ਦਾਗ਼ਣੇ ਸ਼ੁਰੂ ਕਰ ਦਿੱਤੇ ਹਨ। ਦਰਅਸਲ, ਲੜਾਈ ਉਨ੍ਹਾਂ ਲੋਕਾਂ ਨੇ ਲੜੀ ਹੈ ਜਿਨ੍ਹਾਂ ਆਪਣਿਆਂ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਮਰਦੇ ਦੇਖਿਆ ਹੈ। ਅਜਿਹੇ ਲੋਕਾਂ ਦੇ ਸਿਦਕ ਨੂੰ ਸਲਾਮ ਹੈ ਜਿਹੜੇ ਡਾਹਢਿਆਂ ਸਾਹਮਣੇ ਡਟੇ ਰਹੇ। ਉਹ ਅਕਾਉਣ ਵਾਲੀ ਲੰਬੀ ਅਦਾਲਤੀ ਪ੍ਰਕਿਰਿਆ ਦੇ ਬਾਵਜੂਦ ਡੋਲੇ ਨਹੀਂ। ਅਦਾਲਤ ਨੇ ਸੰਨ 1984 ਦੇ ਕਤਲੇਆਮ ਦੀ ਤੁਲਨਾ ਸੰਨ 1947 ਦੇ ਕਤਲੇਆਮ ਨਾਲ ਕੀਤੀ ਹੈ। ਸੱਜਣ ਕੁਮਾਰ ਤੇ ਜਗਦੀਸ਼ ਟਾਇਟਲਰ ਦੀ ਕਾਂਗਰਸ ਅੰਦਰ ਸਥਿਤੀ ਪਹਿਲਾਂ ਹੀ ਖ਼ਰਾਬ ਚੱਲ ਰਹੀ ਹੈ। ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਮੌਕੇ ਅਜਿਹੇ ਆਏ ਜਦੋਂ ਪਾਰਟੀ ਨੇ ਇਨ੍ਹਾਂ ਆਗੂਆਂ ਤੋਂ ਦੜ ਵੱਟ ਲਈ ਪਰ ਇਸ ਦੇ ਬਾਵਜੂਦ ਸੰਨ 1984 ਦੇ ਦਿੱਲੀ ਕਤਲੇਆਮ ਦੇ ਕਾਂਗਰਸ ਦੇ ਮੱਥੇ 'ਤੇ ਬਦਨੁਮਾ ਦਾਗ਼ ਹਨ, ਜਿਹੜੇ ਸ਼ਾਇਦ ਹੀ ਕਦੇ ਧੋ ਹੋਣ।







ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਪਟੀਸ਼ਨ ਨੂੰ ਕੋਰਟ ਨੇ ਖਾਰਜ ਕਰ ਦਿੱਤਾ ਹੈ। ਦਿੱਲੀ ਹਾਈਕੋਰਟ ਨੇ ਪਟੀਸ਼ਨ ਖ਼ਾਰਜ ਕਰ ਦਿੱਤੀ ਹੈ। ਹੁਣ ਹਰ ਹਾਲਤ ਵਿੱਚ 31 ਦਸੰਬਰ ਤੱਕ ਸੱਜਣ ਕੁਮਾਰ ਨੂੰ ਆਤਮ-ਸਮਰਪਣ ਕਰਨਾ ਹੋਵੇਗਾ। ਦੂਸਰੇ ਪਾਸੇ ਸੰਨ 1984 ਸਿੱਖ ਕਤਲੇਆਮ ਮਾਮਲੇ ਵਿੱਚ ਦੋਸ਼ੀ ਕਾਂਗਰਸ ਆਗੂ ਸੱਜਣ ਕੁਮਾਰ ਦੇ ਖਿਲਾਫ ਸੀਬੀਆਈ ਨੇ ਸੁਪਰੀਮ ਕੋਰਟ ਕੋਲ ਪਹੁੰਚ ਕੀਤੀ ਹੈ। ਸੀਬੀਆਈ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿਚ ਕੇਵਿਡ ਪਾਈ ਹੈ। ਸੁਪਰੀਮ ਕੋਰਟ ਨੂੰ ਸੀਬੀਆਈ ਦਾ ਪੱਖ ਸੁਣਨ ਲਈ ਕਿਹਾ ਗਿਆ ਹੈ। ਸੀਬੀਆਈ ਮੁਤਾਬਿਕ ਜੇਕਰ ਸੱਜਣ ਕੁਮਾਰ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਉਦਾ ਹੈ ਤਾਂ ਕੋਰਟ ਸੀਬੀਆਈ ਦਾ ਪੱਖ ਵੀ ਸੁਣੇ।

ਦਿੱਲੀ ਸਿੱਖ ਨਸਲਕੁਸ਼ੀ ਦੇ ਮਾਮਲਿਆਂ ਦੇ ਪ੍ਰਸਿੱਧ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਸੱਜਣ ਕੁਮਾਰ ਨੂੰ ਮਿਲੀ ਉਮਰ ਕੈਦ ਦੀ ਸਜ਼ਾ ਮੌਤ ਨਾਲੋਂ ਵੀ ਬਿਹਤਰ ਹੋਵੇਗੀ, ਇਸ ਲਈ ਉਹ ਉਸ ਨੂੰ ਫਾਂਸੀ ਤੇ ਟੰਗਵਾਉਣ ਲਈ ਸੁਪਰੀਮ ਕੋਰਟ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਉਹ ਅਜਿਹਾ ਕਰਦੇ ਹਨ ਤਾਂ ਸੱਜਣ ਕੁਮਾਰ ਲਈ ਬਚਾਅ ਦੇ ਨਵੇਂ ਰਸਤੇ ਖੁੱਲ੍ਹ ਸਕਦੇ ਹਨ। ਫੂਲਕਾ ਅਨੁਸਾਰ ਹੁਣ ਉਨ੍ਹਾਂ ਦਾ ਮੁੱਖ ਟੀਚਾ ਇਨ੍ਹਾਂ ਕੇਸਾਂ ਦੇ ਬਾਕੀ ਦੋਸ਼ੀ ਕਾਂਗਰਸੀ ਆਗੂਆਂ ਨੂੰ ਸਜ਼ਾ ਦੁਆਉਣਾ ਹੈ ਤੇ ਜਦੋਂ ਤੱਕ ਉਹ ਇਨ੍ਹਾਂ ਨੂੰ ਸਜ਼ਾ ਨਹੀਂ ਦੁਆ ਦਿੰਦੇ ਉਦੋਂ ਤੱਕ ਉਹ ਸਰਗਰਮ ਸਿਆਸਤ ਵਿੱਚ ਵਾਪਸੀ ਨਹੀਂ ਕਰਨਗੇ ਤੇ ਨਾ ਹੀ ਕੋਈ ਚੋਣ ਲੜਨਗੇ। ਐਚ.ਐਸ. ਫੂਲਕਾ ਅਨੁਸਾਰ ਜੇਕਰ ਸੱਜਣ ਕੁਮਾਰ ਸੁਪਰੀਮ ਕੋਰਟ ਵਿੱਚ ਆਪਣੀ ਸਜ਼ਾ ਵਿਰੁੱਧ ਅਪੀਲ ਕਰਦਾ ਹੈ ਤਾਂ ਉਹ ਪੂਰੀ ਤਾਕਤ ਨਾਲ ਇਸ ਅਪੀਲ ਦੇ ਖਿਲਾਫ਼ ਮੁੜ ਕੇਸ ਲੜਨਗੇ। ਇੱਥੇ ਬੋਲਦਿਆਂ ਫੂਲਕਾ ਨੇ ਕਿਹਾ ਕਿ ਪੀੜਤਾਂ ਨੂੰ ਇਨਸਾਫ ਦੁਆਉਣ ਲਈ 34 ਸਾਲ ਇਸ ਲਈ ਲੱਗ ਗਏ ਕਿਉਂਕਿ ਕਾਂਗਰਸ ਪਾਰਟੀ ਦੇ ਆਗੂਆਂ ਨੇ ਇਨ੍ਹਾਂ ਕੇਸਾਂ ਨੂੰ ਕਮਜ਼ੋਰ ਕਰਨ ਲਈ ਪੂਰੀ ਵਾਹ ਲਾਹ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਇਹ ਦਖਲਅੰਦਾਜ਼ੀ ਇੰਨੀ ਜ਼ਿਆਦਾ ਸੀ ਕਿ ਜੱਜਾਂ ਦੇ ਤਬਾਦਲੇ ਤੱਕ ਕਰਵਾ ਦਿੱਤੇ ਗਏ। ਉਨ੍ਹਾਂ ਕਿਹਾ ਕਿ ਜੇਕਰ ਇਹ ਸਭ ਨਾ ਹੁੰਦਾ ਤਾਂ ਅਜਿਹੇ ਮਾਮਲਿਆਂ ਦੇ ਫੈਸਲੇ ਇਸ ਤੋਂ ਬਹੁਤ ਚਿਰ ਪਹਿਲਾਂ ਆ ਸਕਦੇ ਸਨ।

**ਪੰਜਾਬ ਦੀ ਸਿਆਸਤ** : ਸਾਲ ਲੰਘ ਰਿਹਾ ਹੈ ਪਰ ਨਾ ਤਾਂ ਅਕਾਲੀ ਲੀਡਰਸ਼ਿਪ ਆਪਣੇ ਦੁਆਲੇ ਮੰਡਰਾਉਂਦੇ ਸੰਕਟ ਨੂੰ ਦੂਰ ਕਰ ਸਕੀ ਹੈ ਤੇ ਨਾ 'ਆਪ' ਦੀ ਲੀਡਰਸ਼ਿਪ ਦੋਫਾੜ ਨੂੰ ਖ਼ਤਮ ਕਰ ਸਕੀ ਹੈ। ਸਗੋਂ ਸਾਲ ਚੜ੍ਹਦਿਆਂ ਹੀ ਖਹਿਰਾ ਧੜੇ ਨੇ ਵੱਖਰੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਇਸੇ ਤਰ੍ਹਾਂ ਅਕਾਲੀਆਂ ਦੀ ਸਿਰਦਰਦੀ ਵਧਾਉਣ ਲਈ ਮਾਝੇ ਦੇ ਅਕਾਲੀਆਂ ਵਲੋਂ ਅਕਾਲੀ ਦਲ ਟਕਸਾਲੀ ਬਣਾ ਲਿਆ ਹੈ। ਲੰਘ ਰਿਹਾ ਸਾਲ ਨਵੇਂ ਵਰ੍ਹੇ ਦੀ ਆਮਦ ਨੂੰ ਸਿਆਸੀ ਰੋਲ-ਘਚੋਲੇ ਦੀ ਵਿਰਾਸਤ ਦੇ ਰਿਹਾ ਹੈ । ਸੰਭਾਵਨਾ ਅਜਿਹੀ ਦਿਖ ਰਹੀ ਹੈ ਕਿ ਅਗੋਂ ਵੀ ਅਜਿਹਾ ਵਾਪਰੇਗਾ। ਹਾਲ ਦੀ ਘੜੀ ਕਾਂਗਰਸ ਮਜ਼ਬੂਤ ਦਿਖਾਈ ਦੇ ਰਹੀ ਹੈ।

# ਹਾਅ ਦਾ ਨਾਹਰਾ...

**ਸੰਨ 1704 ਵਿਚ ਮਾਲੇਰਕੋਟਲੇ ਦੇ ਹੁਕਮਰਾਨ ਨਵਾਬ ਸ਼ੇਰ ਖਾਂ ਵਲੋਂ ਸ਼ਹਿਨਸ਼ਾਹ ਹਿੰਦੁਸਤਾਨ ਮਹੀਉਦੀਨ ਔਰੰਗਜੇਬ ਆਲਮਗੀਰ ਦੀ ਖਿਦਮਤ ਵਿਚ ਫਾਰਸੀ ਵਿਚ ਲਿਖੇ ਇਕ ਪੱਤਰ ਦਾ ਪੰਜਾਬੀ ਅਨੁਵਾਦ ਇਥੇ ਦਿੱਤਾ ਜਾ ਰਿਹਾ ਹੈ। ਇਹ ਪੱਤਰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਸੂਬਾ ਸਰਹਿੰਦ ਵਜ਼ੀਰ ਖਾਨ ਵੱਲੋਂ ਜਾਨ ਤੋਂ ਮਾਰ ਦੇਣ ਦੀ ਸਜ਼ਾ ਦੇਣ ਤੋਂ ਰੋਕਣ ਬਾਰੇ ਹੈ। ਸਿੱਖ ਇਤਿਹਾਸ ਵਿਚ ਨਵਾਬ ਮਾਲੇਰਕੋਟਲਾ ਦੀ ਇਸ ਕਾਰਵਾਈ ਨੂੰ "ਹਾਅ ਦਾ ਨਾਹਰਾ" ਮਾਰਨ ਵੱਜੋਂ ਯਾਦ ਕਰਦਿਆਂ ਸਤਿਕਾਰ ਦਿੱਤਾ ਗਿਆ ਹੈ। -ਸੰਪਾਦਕ**

ਐ ਆਲਮ ਪਨਾਹ!

ਜ਼ਮਾਨੇ ਦੇ ਅਜ਼ੀਮ ਰੁਤਬਿਆਂ ਅਤੇ ਜਾਹੋ ਹਸ਼ਰਤ ਵਾਲੇ ਸ਼ਹਿਨਸ਼ਾਹ।

ਖ਼ੁਦਾ ਤੁਹਾਨੂੰ ਸੱਤ ਅਸਮਾਨਾਂ ਦੀ ਹਕੂਮਤ ਨਸੀਬ ਫਰਮਾਵੇ, ਤੁਹਾਡੇ ਜਾਹੋ ਜਲਾਲ ਨੂੰ ਕਦੇ ਗ੍ਰਹਿਣ ਨਾ ਲੱਗੇ ਅਤੇ ਤੁਹਾਡੀ ਫਤਹਿ ਤੇ ਕਾਮਰਾਨੀ ਦੇ ਚੰਨ ਹਮੇਸ਼ਾ ਕਾਇਨਾਤ 'ਤੇ ਜਗਮਗਾਉਂਦੇ ਰਹਿਣ। ਮੈਂ ਨਿਮਾਣਾ ਉਸ ਸੋਹਣੇ ਰੱਬ ਅੱਗੇ ਬਹੁਤ ਹੀ ਅਦਬ, ਅਹਿਤਰਾਮ ਅਤੇ ਸਿਰ ਨਿਵਾਉਂਦਾ ਹੋਇਆ ਦੁਆ ਕਰਦਾ ਹਾਂ ਕਿ ਉਹ (ਰੱਬ) ਤੁਹਾਨੂੰ ਆਪਣੀ ਛਤਰ ਛਾਇਆ ਹੇਠ ਮਹਿਫ਼ੂਜ਼ ਰੱਖੇ ਜੋ ਕਿ ਪੂਰੀ ਕਾਇਨਾਤ ਨੂੰ ਆਪਣੀ ਆਗੋਸ਼ ਵਿਚ ਲੈਣ ਵਾਲਾ ਹੈ, ਜਿਸ ਨੇ ਮਨੁੱਖੀ ਜਿੰਦ ਦੀ ਹਮੇਸ਼ਾ ਹਿਫ਼ਾਜ਼ਤ ਫਰਮਾਈ ਹੈ ਅਤੇ ਜੋ ਹਮੇਸ਼ਾ ਰਹਿਮਾਨ ਤੇ ਰਹੀਮ ਰਿਹਾ ਹੈ। ਉਸੇ ਮੁਕੱਦਸ ਤੇ ਸਰਵ ਉੱਚ ਰੱਬ ਅਤੇ ਰਹਿਮਾਨ ਤੇ ਰਹੀਮ ਦਾ ਵਾਸਤਾ ਦੇ ਕੇ, ਜਿਸ ਦੇ ਕਬਜ਼ੇ ਵਿਚ, ਪੂਰੀ ਕਾਇਨਾਤ ਦੀ ਜਾਨ ਹੈ, ਇਹ ਦਾਸ ਤੁਹਾਡੀ ਸੇਵਾ ਵਿਚ ਬੇਨਤੀ ਕਰਦਾ ਹੈ ਕਿ ਇਹ ਕਿੰਨਾ ਚੰਗਾ ਹੋਵੇ ਜੇਕਰ ਗੁਰੂ ਗੋਬਿੰਦ ਸਿੰਘ (ਸਿੱਖਾਂ ਦੇ ਦਸਵੇਂ ਗੁਰੂ) ਦੇ ਬੱਚਿਆਂ ਨੂੰ ਮੁਆਫ਼ ਕਰ ਦਿੱਤਾ ਜਾਵੇ।





**ਨਵਾਬ ਸ਼ੇਰ ਮੁਹੰਮਦ ਖਾਂ**

ਆਲਮ ਪਨਾਹ! ਭਾਵੇਂ ਸੂਬੇਦਾਰ ਦੇ ਹੁਕਮ ਦੀ ਨਿੰਦਾ ਕਰਨ ਦਾ ਹੌਂਸਲਾ ਨਹੀਂ ਰੱਖਦਾ, ਜਿਸ ਦਾ ਹੁਕਮ ਮੌਤ ਦੀ ਤਰ੍ਹਾਂ ਅਟੱਲ ਹੈ, ਪਰ ਤੁਹਾਡਾ ਇਹ ਖਾਦਿਮ ਅਤੇ ਖ਼ੈਰ ਖੁਆਹ ਉਸ ਦੇ ਇਸ ਨਾਪਾਕ ਅਤੇ ਨਾ ਦੂਰ ਅੰਦੇਸ਼ੀ ਵਾਲੇ ਫੈਸਲੇ ਦੀ ਨਿੰਦਾ ਕਰਦਾ ਹੈ ਅਤੇ ਸਲਤਨਤ ਦਾ ਇਕ ਨਿਮਾਣਾ ਖਾਦਿਮ ਅਤੇ ਬਹੀ ਖੁਆਹ ਹੋਣ ਦੇ ਨਾਤੇ ਆਂ ਜਨਾਬ ਦੀ ਸਲਤਨਤ ਦੀ ਖ਼ੈਰ ਖੁਆਹੀ (ਭਲਾਈ) ਲਈ ਹਜ਼ੂਰ ਨੂੰ ਇਕ ਨਸੀਹਤ ਆਮੇਜ਼ ਗੁਜ਼ਾਰਿਸ਼ ਕਰਨ ਦੀ ਵੀ ਜਸਾਰਤ ਕਰਦਾ ਹੈ, ਇਹੋ ਸ਼ਹਿਨਸ਼ਾਹ ਅਜ਼ੀਮ ਸਾਰੇ ਸਿਆਸੀ ਹਾਲਾਤ ਨੂੰ ਮੁੱਖ ਰੱਖਦਿਆਂ ਸਿੱਖ ਕੌਮ ਦੀ ਹੁਕਮ ਅਦੂਲੀ ਤੇ ਕੋਈ ਮੁਨਾਸਬ ਸਜ਼ਾ ਤਜਵੀਜ਼ ਫੁਰਮਾਉਣ। ਇਨਸਾਫ਼ ਵੀ ਇਸ ਗੱਲ ਦਾ ਤਕਾਜ਼ਾ ਕਰਦਾ ਹੈ। ਤੁਹਾਡੇ ਇਸ ਨਿਮਾਣੇ ਖ਼ਾਦਿਮ ਦੇ ਖਿਆਲ ਅਨੁਸਾਰ ਕਿਸੇ ਤਰ੍ਹਾਂ ਵੀ ਇਹ ਗੱਲ ਤਾਕਤ ਤੇ ਹਕੂਮਤ ਦੀ ਸਾਯਾਨ ਸ਼ਾਨ ਨਹੀਂ ਕਿ ਕਿਸੇ ਵੀ ਕੌਮ ਦੀਆਂ ਹੁਕਮ ਅਦੂਲੀਆਂ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਲਿਆ ਜਾਵੇ, ਅਜਿਹੇ ਬੱਚਿਆਂ ਤੋਂ ਜੋ ਕਿ ਮਾਸੂਮ ਹੀ ਨਹੀਂ ਨਾਜ਼ੁਕ ਅਤੇ ਕਮ ਸਿਨ ਵੀ ਹਨ ਅਤੇ ਜੋ ਕਿਸੇ ਸੂਰਤ ਵਿਚ ਇਕ ਮਜ਼ਬੂਤ ਅਤੇ ਤਾਕਤਵਰ ਸੂਬੇਦਾਰ ਦੀਆਂ ਬੇਪਨਾਹ ਤਾਕਤਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਹਰਕਤ ਸਪੱਸ਼ਟ ਤੌਰ 'ਤੇ ਹਜ਼ਰਤ ਮੁਹੰਮਦ (ਸ.) ਜੀ ਦੇ ਫੁਰਮਾਨ ਤੇ ਇਸਲਾਮੀ ਅਸੂਲਾਂ ਦੇ ਖਿਲਾਫ਼ ਹੈ। ਜ਼ਿੱਲੇ ਸੁਬਹਾਨੀ! ਜਹਾਂ ਪਨਾਹ ਦੇ ਇਸ ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਸੂਬੇਦਾਰ ਸਰਹਿੰਦ ਦਾ ਇਹ ਗੈਰ ਇਸਲਾਮੀ ਅਤੇ ਗੈਰ ਇਨਸਾਨੀ ਕਦਮ ਕਿਤੇ ਆਲਮ ਪਨਾਹ ਦੇ ਜਲਾਲ, ਸ਼ਾਨੋ ਸ਼ੋਕਤ, ਇਜ਼ਤੋਂ ਵਕਾਰ ਅਤੇ ਇਨਸਾਫ਼ ਤੇ ਸਚਾਈ 'ਤੇ ਹਮੇਸ਼ਾ ਦੇ ਲਈ ਧੱਬਾ ਨਾ ਬਣ ਜਾਵੇ। ਉਂਝ ਭੀ ਇਸ ਕਿਸਮ ਦੀ ਸਜ਼ਾ ਅਤੇ ਅਜ਼ਮਿਤ ਤੁਹਾਡੀ ਹਕੂਮਤ ਦੇ ਕਾਨੂੰਨ ਅਤੇ ਹੱਕ ਦੇ ਇਨਸਾਫ਼ ਦੇ ਬਿਲਕੁਲ ਉਲਟ ਹੈ।

ਉਪਰੋਕਤ ਗੁਜ਼ਾਰਿਸ਼ ਦੇ ਨਾਲ ਵਿਚਾਰਾਂ ਦੀ ਆਜ਼ਾਦੀ ਦਾ ਇਸਤੇਮਾਲ ਕਰਦਿਆਂ ਦਾਸ ਬੇਨਤੀ ਕਰਦਾ ਹੈ ਕਿ ਜੇਕਰ ਜਹਾਂ ਪਨਾਹ ਦੇ ਮਿਜ਼ਾਜ਼ ਦੇ ਅਨੁਕੂਲ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ਤਾਂ ਕਿ ਉਹ ਅਗਾਂਹ ਲਈ ਅਜਿਹੀਆਂ ਸਰਗਰਮੀਆਂ ਕਰਨ ਤੋਂ ਬਾਜ਼ ਰਹਿਣ ਜੋ ਹਜ਼ੂਰ ਨੂੰ ਨਾ ਮੁਨਾਸਿਬ ਹੋਵੇਗਾ, ਜੇਕਰ ਉਨ੍ਹਾਂ ਨੂੰ ਰਾਜਧਾਨੀ ਦਿੱਲੀ ਵਿੱਚ ਰੱਖਿਆ ਜਾਵੇ, ਇਥੋਂ ਤੱਕ ਕਿ ਉਨ੍ਹਾਂ ਵਿਚ ਤਬਦੀਲੀ ਨਾ ਆ ਜਾਵੇ ਅਤੇ ਉਹ ਤਖਤ ਦੀ ਆਗਿਆਕਾਰੀ ਅਤੇ ਵਫ਼ਾਦਾਰੀ ਕਬੂਲ ਨਾ ਕਰ ਲੈਣ। ਜੇਕਰ ਜ਼ਿੱਲੇ ਇਲਾਹੀ ਮੁਨਾਸਿਬ ਖਿਆਲ ਫਰਮਾਉਣ ਤਾਂ ਦੋਵੇਂ ਬੱਚਿਆਂ ਨੂੰ ਆਪਣੇ ਇਸ ਅਦਨਾ ਗੁਲਾਮ ਦੀ ਨਿਗਰਾਨੀ ਵਿਚ ਦੇਣ ਦਾ ਹੁਕਮ ਵੀ ਫਰਮਾ ਸਕਦੇ ਹਨ ਤਾਂ ਜੋ ਉਨ੍ਹਾਂ ਦੀਆਂ ਸਾਰੀਆਂ ਹਰਕਤਾਂ ਤੇ ਕੜੀ ਨਜ਼ਰ ਰਹੇ ਅਤੇ ਉਨ੍ਹਾਂ ਨੂੰ ਹਰੇਕ ਪ੍ਰਕਾਰ ਦੀਆਂ ਸਰਗਰਮੀਆਂ ਤੋਂ ਬਾਜ਼ ਰੱਖਿਆ ਜਾ ਸਕੇ।

ਜ਼ਿੱਲੇ ਸੁਬਹਾਨੀ। ਨਿਮਾਣੇ ਖਾਦਿਮ ਨੂੰ ਡਰ ਹੈ ਕਿ ਜਜ਼ਬਾਤ ਅਤੇ ਵਫ਼ਾਦਾਰੀ ਵਿਚ ਡੁੱਬੀ ਹੋਈ ਇਹ ਲਿਖਤ ਕਿਤੇ ਸ਼ਾਹੀ ਆਦਾਬ ਦੇ ਬੰਨੇ ਪਾਰ ਨਾ ਕਰ ਗਈ ਹੋਵੇ, ਪਰ ਰੱਬੀ ਖ਼ੌਫ਼ ਅਤੇ ਆਲਾ ਹਜ਼ਰਤ ਨਾਲ ਵਫ਼ਾਦਾਰੀ ਦਾ ਤਕਾਜ਼ਾ ਦਾਸ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਮੈਂ ਹੱਕ ਗੱਲ ਕਹਿਣ ਤੋਂ ਗੁਰੇਜ਼ ਕਰਾਂ। ਮੇਰੇ ਨਿਮਾਣੇ ਦਾਸ ਦੀ ਗੁਜ਼ਾਰਿਸ਼ ਤੇ ਸ਼ਾਹੀ ਫੁੱਲ ਚੜ੍ਹਾਏ ਗਏ ਤਾਂ ਮੈਂ ਖੁਦ ਨੂੰ ਜ਼ਮਾਨੇ ਦਾ ਖੁਸ਼ਕਿਸਮਤ ਇਨਸਾਨ ਸਮਝਾਂਗਾ ਅਤੇ ਜੇਕਰ ਦਾਸ ਦੀ ਇਹ ਇਲਤਿਜ਼ਾ ਤਬੀਅਤ 'ਤੇ ਗਰਾਂ (ਭਾਰੀ) ਗੁਜ਼ਰੇ ਤਾਂ ਬੰਦਾ ਆਪਣਾ ਫਰਜ਼ ਨਿਭਾਉਂਦਿਆਂ ਹੱਕ ਤੇ ਇਨਸਾਫ਼ ਦੇ ਸਾਹਮਣੇ ਸਿਰਫ਼ ਆਪਣੇ ਨਿੱਜੀ ਵਿਚਾਰਾਂ ਦਾ ਇਜ਼ਹਾਰ ਕਰਦਾ ਹੈ, ਪਰ ਸੱਚ ਦੀ ਰਾਹ ਤੋਂ ਉਸ ਦਾ ਕਦਮ ਕਦੇ ਨਹੀਂ ਹਟੇਗਾ।

ਦਸਤਖਤ

**ਸ਼ੇਰ ਮੁਹੰਮਦ ਖਾਂ, ਨਵਾਬ ਰਿਆਸਤ ਮਾਲੇਰਕੋਟਲਾ।**

## ਕਰਤਾਰਪੁਰ ਲਾਂਘੇ ਬਾਰੇ ਕੈਪਟਨ ਦੀ ਦੋਗਲੀ ਬਿਆਨਬਾਜ਼ੀ ਮੰਦਭਾਗੀ : ਸਿੱਖ ਵਿਚਾਰ ਮੰਚ

**ਚੰਡੀਗੜ੍ਹ/ਬਿਊਰੋ ਨਿਊਜ਼ :**

ਸਿੱਖ ਬੁੱਧੀਜੀਵੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਉਹ ਸਪੱਸ਼ਟ ਕਰਨ ਕਿ ਉਹ ਕਰਤਾਰਪੁਰ ਸਾਹਿਬ ਲਾਂਘੇ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਹਨ। ਇਮ ਮੁੱਦੇ ਉਤੇ ਮੁੱਖ ਮੰਤਰੀ ਦੇ ਆ ਰਹੇ ਦੋਗਲੇ ਬਿਆਨਾਂ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ ਅਤੇ ਦੇਸ਼-ਵਿਦੇਸ਼ ਵਿਚ ਸਿੱਖ ਭਾਈਚਾਰੇ 'ਚ ਭੰਬਲਭੂਸਾ ਅਤੇ ਡਰ ਪੈਦਾ ਕਰ ਦਿੱਤਾ ਹੈ ਕਿ ਲਾਂਘੇ ਦੀ ਸੰਪੂਰਨਤਾ ਅਤੇ ਸ਼ਰਧਾਲੂਆਂ ਦੀ ਦਰਬਾਰ ਸਾਹਿਬ ਕਰਤਾਰਪੁਰ ਜਾਣ ਲਈ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ।

ਲਾਂਘੇ ਨੂੰ ਕੇਵਲ ਪਾਕਿਸਤਾਨ ਫੌਜ ਅਤੇ ਆਈਐਸਆਈ. ਨਾਲ ਜੋੜ ਕੇ ਮੁੱਖ ਮੰਤਰੀ ਨੇ ਸਿੱਖਾਂ ਦੀਆਂ 70 ਸਾਲ ਤੋਂ ਕਰਤਾਰਪੁਰ ਸਾਹਿਬ ਨੂੰ ਨਤਮਸਤਕ ਹੋਣ ਲਈ ਕੀਤੀਆਂ ਜਾ ਰਹੀਆਂ ਅਰਦਾਸਾਂ ਰਾਹੀਂ ਪਏ ਬੂਰ ਉੱਤੇ ਪਾਣੀ ਫੇਰ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਜੇਕਰ ਇਹ ਦਾਅਵਾ ਕਰਦਾ ਹੈ ਕਿ ਕਰਤਾਰਪੁਰ ਸਾਹਿਬ ਦੇ ਸਥਾਨ ਦੀ ਉਸਾਰੀ ਦੀ ਸੇਵਾ ਉਸ ਦੇ ਪੁਰਖਿਆਂ ਨੇ ਕਰਵਾਈ ਤਾਂ ਉਸ ਨੂੰ ਕਰਤਾਰਪੁਰ ਲਾਂਘੇ ਦੇ ਖੁੱਲ੍ਹਣ ਦੀ ਸਿੱਖ ਜਗਤ 'ਚ ਉੱਠੀ ਖੁਸ਼ੀ ਦੀ ਲਹਿਰ ਦੀ ਅਗਵਾਈ ਕਰਨੀ ਚਾਹੀਦੀ ਹੈ ਨਾ ਕਿ ਇਸ ਮੁੱਦੇ ਉਤੇ ਹਿੰਦੂਤਵੀ ਤਾਕਤਾਂ ਦੀ ਤਰਜ਼ ਉਤੇ ਰਾਸ਼ਟਰਵਾਦੀ ਸਿਆਸਤ ਕਰਨੀ ਚਾਹੀਦੀ ਹੈ। ਲਾਂਘੇ ਦੇ ਮਹੱਤਵਪੂਰਨ ਮੁੱਦੇ ਉਤੇ ਮੁੱਖ ਮੰਤਰੀ ਦੇ ਕਈ ਬਿਆਨ ਤਾਂ ਛੋਟੇ ਪੱਧਰ ਦੀ ਹਿੰਦੂ ਵੋਟ ਨੂੰ ਆਪਣੇ ਪੱਖ ਵਿਚ ਕਰਨ ਲਈ ਅਤੇ ਨਵਜੋਤ ਸਿੱਧੂ ਨੂੰ ਨੀਵੇਂ ਦਿਖਾਉਣ ਵੱਲ ਸੇਧਤ ਹਨ। ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੈਪਟਨ ਤੋਂ ਇਹ ਉਮੀਦ ਬਿਲਕੁਲ ਨਹੀਂ ਸੀ ਕਿ ਉਹ ਆਰਐਸਐਸ ਦੇ ਮਾਪਦੰਡਾਂ ਰਾਹੀਂ ਸਿੱਖਾਂ ਦੀ ਦੇਸ਼ ਭਗਤੀ ਨੂੰ ਮਿਣੇਗਾ ਅਤੇ ਸਿੱਖਾਂ 'ਤੇ ਮੁੜ ਸਰਕਾਰੀ ਤਸ਼ੱਦਦ ਕਰਨ ਲਈ ਇਕ ਨਵਾਂ ਹੋਰ ਪਿੜ ਤਿਆਰ ਕਰੇਗਾ।

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ....

# ਚੜ੍ਹਦੇ-ਲਹਿੰਦੇ ਪੰਜਾਬ ਵਿਚ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਇੱਕ ਇਤਿਹਾਸਕ ਕਦਮ



## ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੇ ਜਿੱਤਿਆ ਸਿੱਖਾਂ ਦਾ ਦਿਲ

**ਬਲਜਿੰਦਰ ਸਿੰਘ ਕੋਟਭਾਰਾ**

ਸਿੱਖ ਧਰਮ ਦੀ ਬੁਨਿਆਦ ਮਹਾਨ ਗੁਰਮਤਿ ਸਮੁੱਚੀ ਮਨੁੱਖਤਾ ਪੱਖੀ ਫਲਸਫ਼ਾ ਹੈ, 'ਸ਼ਬਦ ਗੁਰੂ' ਦੇ ਰੂਪ ਵਿੱਚ ਸ਼੍ਰੀ ਗੁਰੂ ਗਰੰਥ ਸਾਹਿਬ ਹੈ ਜਿਸ ਤੋਂ ਸਿੱਖ ਸੇਧ ਤੇ ਅਗਵਾਈ ਲੈਂਦੇ ਹਨ। ਸਿੱਖੀ ਦੀ ਵਿਲੱਖਣ ਹੋਂਦ ਅਥਾਹ ਕੁਰਬਾਨੀਆਂ ਦੇ ਖ਼ੂਨ ਨਾਲ ਸਿੰਜਿਆਂ ਇਤਿਹਾਸ ਹੈ। ਜਿਸ ਨੇ ਵੀ ਜਦੋਂ ਵੀ ਸਿੱਖਾਂ ਨੂੰ ਗੁਲਾਮ ਬਣਾਉਣ/ਖ਼ਤਮ ਕਰਨ ਦੇ ਯਤਨ ਕੀਤੇ ਤਾਂ ਸਿੱਖੀ ਸੰਕਲਪ ਨੂੰ ਖ਼ਤਮ ਕਰਕੇ ਆਪਣੇ ਵਿੱਚ ਰਲਗੱਡ ਕਰਨ ਦੀਆਂ ਕੋਸ਼ਿਸਾਂ ਕੀਤੀਆਂ। ਅਜਿਹੀਆਂ ਕੋਸ਼ਿਸ਼ਾਂ ਕਿਸੇ ਨਾ ਕਿਸੇ ਰੂਪ ਵਿੱਚ ਹੁਣ ਵੀ ਜਾਰੀ ਹਨ। ਸੰਨ 1947 ਵਿੱਚ ਦੋ ਵੱਖ-ਵੱਖ ਧਰਮਾਂ ਅਧਾਰਤ ਦੋ ਰਾਸ਼ਟਰਾਂ ਦੀ ਨੀਂਹ ਮਹਾਨ ਪੰਜਾਬ ਦੀ ਛਾਤੀ ਚੀਰ ਕੇ ਰੱਖੀ ਗਈ। ਇਸ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਵੰਡ ਕੇ ਖ਼ੂਨ ਦੇ ਦਰਿਆ ਵਹਾਏ ਗਏ। ਸਿੱਖਾਂ ਕੋਲੋਂ ਉਹਨਾਂ ਦੇ ਮਹਾਨ ਇਤਿਹਾਸਕ ਅਸਥਾਨ ਸ਼੍ਰੀ ਨਨਕਾਣਾ ਸਾਹਿਬ ਤੇ ਸ਼੍ਰੀ ਕਰਤਾਰਪੁਰ ਸਾਹਿਬ ਖੁੰਝ ਗਏ ਜਾਂ ਖੁੰਝਾ ਦਿੱਤੇ ਗਏ, ਜਿਹਨਾਂ ਦੇ ਦਰਸ਼ਨ ਤੇ ਸੇਵਾ ਸੰਭਾਲ ਕਰਨ ਦੀ ਸਿੱਖਾਂ ਵਿੱਚ ਹਮੇਸ਼ਾ ਤੜਪ ਰਹੀ।

ਸ਼੍ਰੀ ਕਰਤਾਰਪੁਰ ਸਾਹਿਬ ਸਿੱਖਾਂ ਦੇ ਪਹਿਲੇ ਗੁਰੂ ਬਾਬਾ ਨਾਨਕ ਜੀ ਨੇ ਵਸਾਇਆ। 'ਕਰਤਾਰ' ਭਾਵ ਇੱਕ ਪ੍ਰਮਾਤਮਾ/ਇੱਕ ਵਾਹਿਗੁਰੂ (One God) ਦੇ ਸੰਕਲਪ ਨੂੰ ਮਨੁੱਖਤਾ ਅੱਗੇ ਰੱਖਦਿਆ ਇਸ ਨਗਰ ਦਾ ਨਾਂ 'ਕਰਤਾਰਪੁਰ' ਰੱਖਿਆ। ਸਿੱਖਾਂ ਦਾ ਕਰਤਾਪੁਰ ਸਾਹਿਬ ਨਾਲ ਮਾਨਸਿਕ ਤੇ ਜਜ਼ਬਾਤੀ ਰਿਸ਼ਤੇ ਦਾ ਕਾਰਨ ਇੱਕ ਇਤਿਹਾਸਕ ਤੇ ਸੰਕਲਪਮਈ ਹੈ। ਕਿਉਂਕਿ ਸਿੱਖ ਧਰਮ ਦੇ ਬਾਨੀ ਤੇ ਸਰਬ ਸਾਂਝੀਵਾਲਤਾ ਦੇ ਉਪਦੇਸ਼ ਦੇਣ ਵਾਲੇ ਬਾਬਾ ਗੁਰੂ ਨਾਨਕ ਦੇਵ ਜੀ ਨੇ ਨਾ ਸਿਰਫ ਆਪਣੇ ਜੀਵਨ ਦਾ ਆਖਰੀ ਵੇਲਾ ਇਥੇ ਬਤੀਤ ਕੀਤਾ ਸਗੋਂ ਉਸ ਜਗ੍ਹਾ 'ਤੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ ਨੂੰ ਅਮਲੀ ਰੂਪ ਵੀ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ 'ਤੇ 18 ਸਾਲ ਖੇਤੀਬਾੜੀ ਕੀਤੀ। ਬਾਬਾ ਗੁਰੂ ਨਾਨਕ ਜੀ ਨੇ ਇਸੇ ਹੀ ਜਗ੍ਹਾਂ 'ਤੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦੇਵ ਜੀ ਦਾ ਨਾਂ ਦੇ ਕੇ ਉਹਨਾਂ ਨੂੰ ਖਡੂਰ ਸਾਹਿਬ ਚਲੇ ਜਾਣ ਲਈ ਕਿਹਾ। ਕਿਰਤ ਕਰਕੇ ਮਨੁੱਖਤਾ ਲਈ ਫ਼ਸਲ ਦੀ ਪੈਦਾਵਰ ਕਰਨ ਦੀ ਸੋਚ ਨਾਲ ਹੀ ਗੁਰੂ ਨਾਨਕ ਜੀ ਨੇ ਇਸ ਦੀ ਨੀਂਹ ਜੀਵਨ ਤੇ ਖ਼ੇਤੀ ਲਈ ਪਾਣੀ ਦੀ ਮਹੱਤਤਾ ਕਾਰਨ ਸ਼ਾਇਦ ਰਾਵੀ ਦਰਿਆ ਦੇ ਨਜ਼ਦੀਕ ਰੱਖੀ। ਬਾਬਾ ਗੁਰੂ ਨਾਨਕ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਸ ਦਾ ਵੱਡਾ ਹਿੱਸਾ ਰਾਵੀ ਦਰਿਆ 'ਚ ਆਏ ਹੜ੍ਹ ਕਾਰਣ ਰੁੜ੍ਹ ਗਿਆ ਜਿਸ ਨੂੰ ਸੰਨ 1925 ਵਿੱਚ ਪਟਿਆਲਾ ਰਿਆਸਤ ਦੀ ਆਰਥਿਕ ਮਦਦ ਨਾਲ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਹੋਂਦ ਵਿੱਚ ਲਿਆਂਦਾ ਗਿਆ। ਸਿੱਖ ਧਰਮ ਦੇ ਬਾਨੀ ਗੁਰੂ ਦਾ ਜਨਮ ਅਸਥਾਨ ਤੇ ਜੋਤੀ ਜੋਤਿ ਸਮਾਉਣ ਦੀ ਜਗ੍ਹਾ ਹੀ ਪਾਕਿਸਤਾਨ ਵਿੱਚ ਰਹਿ ਜਾਣ ਕਾਰਟ ਲਹੂ ਲੁਹਾਣ ਹੋਈ ਸਿੱਖ ਮਾਨਸਿਕਤਾ ਨੂੰ ਹੋਰ ਦੁਖ ਪੁੱਜਿਆ। ਸਿੱਖਾਂ ਨੇ ਸਵੇਰੇ- ਸ਼ਾਮ ਜਾਂ ਕਿਸੇ ਵੀ ਸਮਾਗਮ ਦੌਰਾਨ ਕੀਤੀ ਜਾਣ ਵਾਲੀ ਅਰਦਾਸ ਵਿਚ 'ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਜਿਨ੍ਹਾਂ ਗੁਰੂਧਾਮਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ ਤਿਨਾਂ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ' ਦੀਆਂ ਤੁਕਾਂ ਸ਼ਾਮਿਲ ਕੀਤੀਆਂ। ਪੰਥ ਤੋਂ ਵਿਛੋੜੇ ਗਏ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ, ਦਰਸ਼ਨਾਂ ਦੀ ਤਾਂਘ ਸਿੱਖ ਕੌਮ ਦੀ ਮਾਨਸਿਕਤਾ ਦਾ ਇੱਕ ਹਿੱਸਾ ਰਹੇਗੀ। ਇਸ ਵਿਛੋੜੇ ਦੇ ਦਰਦ ਨੂੰ ਸਿੱਖ ਆਪਣੇ ਜ਼ਿਹਨ ਵਿੱਚ ਸਮਾਈ ਰੱਖ ਰਹੇ ਹਨ।

### ਵਿਰੋਧ ਪਿੱਛੇ ਨਫ਼ਰਤ ਨੂੰ ਸੂਖਮਤਾ ਨਾਲ ਸਮਝਣ ਦੀ ਜ਼ਰੂਰਤ

'ਸਰਬਤ ਦਾ ਭਲਾ' ਦੇ ਸਿਧਾਂਤ ਦੀ ਹਾਮੀ ਸਿੱਖ ਕੌਮ ਆਪਣੀ ਫਰਾਖਦਿਲੀ ਨਾਲ ਮੰਨਦੀ ਹੈ ਕਿ ਹੁਣ ਜਦੋਂ ਬਾਬਾ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਨ ਦੀਆਂ ਸਲਾਨਾ ਤਿਆਰੀਆਂ ਸ਼ੁਰੂ ਹੋ ਗਈਆਂ ਹਨ, ਉਸ ਵੇਲੇ ਪਾਕਿਸਤਾਨ ਤੇ ਇਸ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਵੱਲੋਂ ਸ਼੍ਰੀ ਕਰਤਾਰਪੁਰ ਸਾਹਿਬ ਨੂੰ ਲਾਂਘਾ ਖੋਹਲ ਕੇ ਸਿੱਖਾਂ ਦੇ ਜਜ਼ਬਾਤ ਨੂੰ ਸਮਝਿਆ ਹੈ। ਇਸ ਕਾਰਨ ਇਮਰਾਨ ਖਾਨ ਦਾ ਸਿੱਖਾਂ ਵਿੱਚ ਇੱਕ ਸਤਿਕਾਰ ਬਣ ਗਿਆ ਹੈ। ਇਸ ਦੀ ਦੁਨਿਆਵੀ ਸ਼ੁਰੂਆਤ ਇਕ 'ਸਿੰਘ' ਤੇ 'ਖਾਨ' ਦੀ ਪਿਆਰ ਭਰੀ ਜੱਫੀ ਨਾਲ ਹੋਈ। ਕ੍ਰਿਕਟ ਦੇ ਕੌਮਾਂਤਰੀ ਪੱਧਰ ਦੇ ਦੋਹਾਂ ਖਿਡਾਰੀਆਂ ਸ. ਨਵਜੋਤ ਸਿੰਘ ਸਿੱਧੂ ਤੇ ਇਮਰਾਨ ਖਾਨ ਨੇ ਇਹ ਇਤਿਹਾਸਕ ਕਾਰਜ ਅਰੰਭਿਆ। ਇਸ ਤਰ੍ਹਾਂ ਸ਼੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਸ਼ੁਰੂਆਤ ਇੱਕ ਇਤਿਹਾਸਕ ਘਟਨਾ ਹੋ ਨਿੱਬੜੀ ਹੈ ਤੇ ਮਨੁੱਖਤਾ ਪੱਖੀ ਨਵੀਂ ਸ਼ੁਰੂਆਤ ਵੀ।

ਹੈਰਾਨੀ ਦੀ ਕੋਈ ਗੱਲ ਨਹੀਂ ਕਿ ਜਦੋਂ ਹੀ ਪਾਕਿਸਤਾਨ ਨੇ ਇਸ ਲਾਂਘੇ ਦਾ ਨੀਂਹ ਪੱਥਰ ਲਹਿੰਦੇ ਪੰਜਾਬ ਵਿੱਚ 28 ਨਵੰਬਰ 2018 ਨੂੰ ਰੱਖਣ ਦਾ ਐਲਾਨ ਕਰਕੇ ਸਿੱਖਾਂ ਦੇ ਦਿਲ ਜਿੱਤ ਲਏ ਤਾਂ ਦਿੱਲੀ ਦੀ ਸਿੱਖ ਵਿਰੋਧੀ ਤਾਕਤ ਵੀ ਪੱਬਾਂ ਭਾਰ ਹੋ ਗਈ। ਇੱਕ ਦਮ ਕਾਹਲੀ ਵਿੱਚ ਪਾਕਿਸਤਾਨ ਤੋਂ ਦੋ ਦਿਨ ਪਹਿਲਾ ਹੀ 26 ਨਵੰਬਰ ਨੂੰ ਚੜ੍ਹਦੇ ਪੰਜਾਬ ਵਿੱਚ ਨੀਂਹ ਪੱਥਰ ਰੱਖਣ ਦਾ ਐਲਾਨ ਕੀਤਾ (ਹਲਾਂਕਿ ਇਹ ਸਭ ਨੂੰ ਪਤਾ ਹੈ ਕਿ ਭਾਰਤ ਹਕੂਮਤ ਹਰ ਸਾਲ 26 ਨਵੰਬਰ ਨੂੰ ਤਾਜ ਮਹੱਲ 'ਤੇ ਹਮਲੇ ਦਾ ਦਿਨ ਵੀ ਮਨਾਉਦੀ ਹੈ)। ਸਿੱਖਾਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਰਾਹੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਨਫ਼ਰਤੀ ਤਾਕਤਾਂ ਦੇ ਸੰਘੋਂ ਨਹੀਂ ਉਤਰੀ। ਭਾਵੇ ਸਿੱਖੀ ਸੰਕਲਪ ਵਿੱਚ ਸਰਬ ਸਾਂਝੀਵਾਲਤਾ ਦਾ ਸਿਧਾਂਤ ਵੀ ਹੈ ਪਰ ਇੱਕ ਵੱਧ ਗਿਣਤੀ ਦੇ ਲੋਕਾਂ ਨੇ ਇਸ ਲਾਂਘੇ ਸਬੰਧੀ ਜ਼ਹਿਰੀਲਾ ਪ੍ਰਚਾਰ ਕਰਦਿਆਂ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਸੰਘੀਆਂ ਤੇ ਭਗਵਾਂਕਾਰੀਆਂ ਨੇ ਕੋਹਰਾਮ ਹੀ ਮਚਾ ਦਿੱਤਾ। ਇਸ ਦਾ ਵਿਰੋਧ ਸਭ ਤੋਂ ਪਹਿਲਾ ਪੰਥ/ਅਕਾਲੀਪੁਣੇ ਦੇ ਨਾਂਅ ਹੇਠ ਪਿਛਲੇ ਦਹਾਕਿਆਂ ਤੋਂ ਰਾਜਨੀਤੀ ਅਤੇ ਸੱਤਾ ਹਾਸਲ ਕਰਦੇ ਆ ਰਹੇ ਬਾਦਲਕਿਆਂ ਦੀ ਨੂੰਹ ਹਰਸਿਮਰਤ ਕੌਰ ਨੇ ਸ਼ੁਰੂ ਕੀਤਾ। ਕਿਸੇ ਵੇਲੇ ਸਿੱਖਾਂ ਵਿੱਚ ਆਦਰ ਖੱਟਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ 26 ਨਵੰਬਰ ਨੂੰ ਚੜ੍ਹਦੇ ਪੰਜਾਬ ਵੱਲ ਲਾਂਘੇ ਦੇ ਉਦਘਾਟਨ ਵੇਲੇ ਪਾਕਿਸਤਾਨ ਨੂੰ ਲਲਕਾਰੇ ਮਾਰ ਕੇ ਨਫ਼ਰਤ ਕੱਢੀ ਤੇ ਬਾਅਦ ਵਿਚ ਵੀ ਇਹ ਨਫ਼ਰਤ ਤੇ ਵਿਰੋਧ ਲਗਾਤਾਰ ਜਾਰੀ ਹੈ। ਇਹਨਾਂ ਅਖ਼ੌਤੀ ਸਿੱਖ ਨੇਤਾਵਾਂ ਵੱਲੋਂ ਸ਼੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਵਿਰੋਧ ਕਰਨਾ, ਬ੍ਰਾਹਮਣਵਾਦੀ ਪ੍ਰਬੰਧ ਦਿੱਲੀ ਦੀ ਕਠਪੁਤਲੀ ਬਣ ਕੇ ਭੋਰਾ ਕੁ ਸੱਤਾ ਲਈ ਉਹਨਾਂ ਦਾ ਅਸ਼ੀਰਵਾਦ ਵਾਲਾ ਹੱਥ ਆਪਣੇ ਸਿਰ 'ਤੇ ਟਿਕਾਈ ਰੱਖਣ ਦੀ ਲਾਲਸਾ ਹੈ। ਵੱਖਰਾ ਚੜ੍ਹਦਾ ਪੰਜਾਬ ਹੋਂਦ ਵਿੱਚ ਆਉਣ ਤੋਂ ਬਾਅਦ ਦਿੱਲੀ ਨੇ ਪੰਜਾਬ 'ਤੇ ਉਸੇ ਤੋਂ ਹੀ ਰਾਜ ਕਰਵਾਇਆ ਜੋ ਉਸ ਦੀ 'ਧਾਰਾ' ਉਤੇ ਐਨ ਢੁਕਦਾ ਹੈ। ਇਹਨਾਂ ਅਖ਼ੌਤੀ ਸਿੱਖ ਆਗੂਆਂ ਦਾ ਇਹ ਵਿਰੋਧ ਤੇ ਇੱਕ ਹੋਰ ਵੱਡੇ ਵਿਰੋਧ ਦਾ ਆਪਸੀ ਅਟੁੱਟ ਸਬੰਧ ਹੈ। ਹਿੰਦੂਤਵੀ ਕੱਟੜਪੰਥੀ ਜਮਾਤਾਂ ਨੇ ਸ਼੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਯਤਨਸ਼ੀਲ ਸ. ਨਵਜੋਤ ਸਿੰਘ ਸਿੱਧੂ ਦੇ ਪੁਤਲੇ ਤੇ ਪਾਕਿਸਤਾਨ ਦਾ ਝੰਡਾ ਵਿਰੋਧ ਵਜੋਂ ਸਾੜ ਕੇ ਨਫ਼ਰਤੀ ਜ਼ਹਿਰ ਦਾ ਪ੍ਰਗਟਾਵਾ ਕੀਤਾ ਗਿਆ। ਇੱਕ ਪਾਸੇ ਇਹ ਪੁਤਲੇ ਤੇ ਝੰਡਾ ਸਾੜਿਆ ਤੇ ਦੂਜੇ ਪਾਸੇ ਕੱਟੜਪੰਥੀ ਹਿੰਦੂਤਵੀਆਂ ਸ਼੍ਰੀ ਹਿੰਦੂ ਤਖ਼ਤ ਅਤੇ 'ਐਟੀ ਟੈਰਰਿਸਟ ਫਰੰਟ ਇੰਡਿਆ' ਨੇ ਕੈਪਟਨ ਅਮਰਿੰਦਰ ਨੂੰ ਇਸ ਲਾਂਘੇ ਦੇ ਵਿਰੋਧ ਦੇ ਇਵਜ਼ ਵਜੋਂ 'ਹਿੰਦੂ ਰਤਨ ਐਵਾਰਡ' ਦੇਣ ਦਾ ਐਲਾਨ ਕਰ ਮਾਰਿਆ। ਸਿੱਖਾਂ ਦੀ ਹਰ ਸਰਗਰਮੀ, ਹਰ ਕੰਮ, ਕੁਝ ਚੰਗਾ ਕਰਨ ਦੀ ਸ਼ੁਰੂਆਤ ਪ੍ਰਤੀ ਇਹ ਕੱਟੜਪੰਥੀ ਆਪਣੀ ਨਫ਼ਰਤ ਫੈਲਾਉਦੇ ਹਨ ਤੇ ਸਿੱਖਾਂ ਨੂੰ ਆਈਐਸਆਈ. ਨਾਲ ਜੋੜਦੇ ਹਨ। ਫ਼ਿਰਕਾਪ੍ਰਸਤ, ਅੱਤਵਾਦੀ, ਵੱਖਵਾਦੀ ਗਰਦਾਨਦੇ ਹਨ। ਇਹਨਾਂ ਦਾ ਅਹਿਮ ਰੋਲ ਭਾਰਤੀ ਰਾਸ਼ਟਰਵਾਦੀ ਮੀਡੀਆ ਵੀ ਕਰਦਾ ਹੈ। ਹੈਰਾਨੀ ਹੈ ਕਿ ਜਦੋਂ ਸਿੱਖਾਂ ਨੇ ਕੌਮਾਂਤਰੀ ਪੱਧਰ 'ਤੇ 'ਸਿੱਖ ਏਡ' ਨਾਂ ਦੀ ਸੰਸਥਾ ਦਾ ਗਠਨ ਕਰਕੇ ਦੁਖੀ ਮਨੁੱਖਤਾ ਲਈ ਲੰਗਰ ਲਗਾਏ, ਦੱਖਣੀ ਅਫ਼ਰੀਕਾ ਵਰਗੇ ਮੁਲਕਾਂ ਵਿੱਚ ਪਾਣੀ ਲਈ ਨਲਕੇ, ਕੇਰਲਾ ਦੇ ਹੜ੍ਹਾਂ ਦੌਰਾਨ ਲੰਗਰ-ਪਾਣੀ ਤੇ ਦਵਾਈਆਂ ਦੇਣ, ਆਪਣੀ ਜਾਨ ਤਲੀ 'ਤੇ ਰੱਖ ਕੇ ਵਰ੍ਹਦੀਆਂ ਗੋਲੀਆਂ, ਤੋਪਾਂ ਦੇ ਛੱਡੇ ਗੋਲਿਆਂ ਵਿੱਚ ਜਖ਼ਮੀ ਮਨੁੱਖਤਾ ਦੀ ਸੇਵਾ ਸੰਭਾਲ ਦਾ ਕੰਮ ਆਪਣੇ ਮੋਢਿਆਂ 'ਤੇ ਲਿਆ ਸੀ, ਤਾਂ ਇਹੀ ਭਾਰਤੀ ਮੀਡੀਆ ਇਸ ਨੂੰ 'ਸਿੱਖ ਅੱਤਵਾਦ' ਕਰਾਰ ਦੇ ਰਿਹਾ ਸੀ। ਅਸਲ ਵਿੱਚ ਇਹ ਲੋਕ 'ਵਰਣ ਵੰਡ' ਵਾਲੀ ਧਾਰਾ ਦੀ ਉਪਜ ਹਨ ਜਦੋਂ ਕਿ ਸਿੱਖ ਕੌਮ ਮਨੁੱਖਤਾ ਵਿਰੋਧੀ ਇਹ 'ਵਰਣ ਵੰਡ' ਤੇ ਹੋਰ ਸਭ ਕੁਝ ਦਾ ਵਿਰੋਧ ਕਰਦੇ, ਮਨੁੱਖਤਾ ਪੱਖੀ ਗੁਰਮਤਿ ਫ਼ਲਸਫੇ ਨੂੰ ਅਧਾਰ ਮੰਨਦੀ ਹੈ ਅਤੇ ਅਮਲੀ ਰੂਪ ਵਿੱਚ ਇਸ ਉਤੇ ਕੰਮ ਵੀ ਕਰਦੀ ਹੈ। 'ਵਰਣ-ਵੰਡ' ਦੇ ਅਨੁਆਈਆਂ ਦੀ ਮਨਮੱਤ ਇਸ ਸਾਰੇ ਸਾੜੇ ਤੇ ਨਫ਼ਰਤ ਦੀ ਜੜ੍ਹ ਹੈ। ਇਹ ਸਾਰੀ ਨਫ਼ਰਤ ਸੰਨ 1947 ਤੋਂ ਲੈ ਕੇ ਹੁਣ ਤੱਕ ਜਾਰੀ ਹੈ ਤੇ ਸ਼ਾਇਦ ਇੱਕ ਅਗਲੇ ਇਤਿਹਾਸਕ ਪੜ੍ਹਾਅ ਤੱਕ ਜਾਰੀ ਵੀ ਰਹੇਗੀ।

ਸਮੁੱਚੀ ਮਨੁੱਖ਼ਤਾ ਸਬੰਧੀ ਜੋ ਬਾਬਾ ਗੁਰੂ ਨਾਨਕ ਦੇਵ ਜੀ ਦੀ ਫਿਲਾਸਫ਼ੀ ਹੈ, ਉਸ ਗੁਰਬਾਣੀ ਨੂੰ ਵਿਚਾਰੀਏ ਤਾਂ ਆਪਸੀ ਵੈਰ ਵਿਰੋਧ ਮਿਟਾ ਕੇ ਖੁੱਲੇ ਦਿਲ, ਵਿਸ਼ਾਲ ਹਿਰਦੇ ਨਾਲ ਸਭ ਦੀ ਭਲਾਈ ਦਾ ਸੰਕਲਪ ਸਾਡੇ ਸਭ ਦੇ ਸਾਹਮਣੇ ਆਉਂਦਾ ਹੈ। ਬਾਬਾ ਗੁਰੂ ਨਾਨਕ ਜੀ ਲਿਖਦੇ ਹਨ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ'।। ਸ਼੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਵਿਰੋਧ ਕਰਨ ਵਾਲਿਆਂ ਨੂੰ ਪੜ੍ਹ ਲੈਣਾ ਚਾਹੀਦਾ ਹੈ ਕਿ ਗੁਰੂ ਜੀ ਹੰਕਾਰੀ ਪ੍ਰਵਿਰਤੀ ਨੂੰ ਤਿਆਗ ਕੇ ਪ੍ਰੇਮ ਦੀ ਗੱਲ ਕਰਦੇ ਹਨ,'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ।' ਅਤੇ ਹੁਣ ਕੌਮਾਂਤਰੀ ਪੱਧਰ ਦੀਆਂ ਚੁਣੌਤੀਆਂ ਨਾਲ ਨਿਪਟਣ ਲਈ ਇਸ ਫਿਲਾਸਫ਼ੀ ਨੂੰ ਸਮਝ ਕੇ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਜ਼ਰੂਰਤ ਹੈ। ਪਾਕਿਸਤਾਨੀ ਹਕੂਮਤ, ਲਹਿੰਦੇ ਪੰਜਾਬ ਦੇ ਯਤਨ ਤੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੇ ਇਸ 'ਤੇ ਚੱਲ ਕੇ ਸ਼੍ਰੀ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਹਲਣ ਦੇ ਯਤਨ ਕਰਕੇ ਸਰਬ ਸਾਂਝੀਵਾਲਤਾ ਤੇ ਪ੍ਰੇਮ ਵੱਲ ਕਦਮ ਵਧਾਏ ਹਨ, ਇਹ ਇੱਕ ਮਹਾਨ ਇਤਿਹਾਸਕ ਸ਼ੁਰੂਆਤ ਤੇ ਮਨੁੱਖ਼ਤਾ ਪੱਖੀ ਕੰਮ ਹਨ। ਆਮੀਨ!

# ਸਿੱਖ ਭਾਈਚਾਰੇ ਦੀ ਕੈਨੇਡਾ ਨਾਲ ਨਾਰਾਜ਼ਗੀ

**ਵਪੱਲਾ ਬਾਲਾਚੰਦਰਨ**
(ਸਾਬਕਾ ਵਿਸ਼ੇਸ਼ ਸਕੱਤਰ, ਕੈਬਨਿਟ ਸਕੱਤਰੇਤ)

ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੂੰ ਕੌਮੀ ਸਲਾਮਤੀ ਅਤੇ ਦਹਿਸ਼ਤਗਰਦੀ ਵਰਗੇ ਮੁੱਦਿਆਂ ਉਤੇ ਔਖੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਇਹ ਨਹੀਂ ਕਿ ਮੁਲਕ ਵਿਚ ਦਹਿਸ਼ਤੀ ਹਿੰਸਾ ਬੇਕਾਬੂ ਹੋ ਗਈ ਹੈ, ਸਗੋਂ ਸਾਲ 2014 ਤੋਂ ਹੀ ਕੈਨੇਡਾ ਵਿਚ ਦਹਿਸ਼ਤਗਰਦੀ ਦਾ ਖ਼ਤਰਾ 'ਦਰਮਿਆਨੇ' ਪੱਧਰ ਦਾ ਕਰਾਰ ਦਿੱਤਾ ਜਾ ਰਿਹਾ ਹੈ।

ਇਸ ਦਾ ਕਾਰਨ ਸੁਰੱਖਿਆ ਤੇ ਦਹਿਸ਼ਤਗਰਦੀ ਸਬੰਧੀ ਦੋਇਮ ਦਰਜੇ ਦੇ ਮੁੱਦਿਆਂ ਦਾ ਉਭਾਰ ਹੈ ਜਿਹੜੇ ਹੁਣ ਮੁਲਕ ਵਿਚ ਫੁੱਟਪਾਊ ਕਾਰਕਾਂ ਵਜੋਂ ਆਮ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਅਜਿਹਾ ਉਦੋਂ ਸ਼ੁਰੂ ਹੋਇਆ ਜਦੋਂ ਸਰਕਾਰ ਨੇ 'ਨੈਸ਼ਨਲ ਸਕਿਉਰਿਟੀ (ਕੌਮੀ ਸਲਾਮਤੀ) ਐਕਟ-2017' ਪੇਸ਼ ਕੀਤਾ ਜਿਸ ਨੂੰ ਸੀ-59 ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਾ ਮਕਸਦ ਜਾਸੂਸੀ ਅਤੇ ਅਪਰੇਸ਼ਨਲ ਸ਼ਾਖ਼ਾਵਾਂ ਵਿਚ ਵਿਆਪਕ ਸੁਧਾਰ ਕਰਨਾ ਸੀ। ਇਹ ਸੰਨ 1984 ਵਿਚ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ (ਸੀਐੱਸਆਈਐੱਸ) ਦੀ ਸਥਾਪਨਾ ਤੋਂ ਬਾਅਦ ਸੁਰੱਖਿਆ ਪੱਖੋਂ ਹੁਣ ਤੱਕ ਦਾ ਸਭ ਤੋਂ ਵੱਡਾ ਕਦਮ ਹੈ। ਸੀਐੱਸਆਈਐੱਸ ਦੀ ਸਥਾਪਨਾ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਦੀ ਥਾਂ ਚੀਫ਼ ਕੁਲੈਕਟਰ ਆਫ਼ ਨੈਸ਼ਨਲ ਸਕਿਉਰਿਟੀ ਇੰਟੈਲੀਜੈਂਸ ਵਜੋਂ ਕੀਤੀ ਗਈ ਸੀ। ਕੈਨੇਡੀਅਨ ਬਾਰ ਐਸੋਸੀਏਸ਼ਨ ਨੇ ਸੀ-59 ਨੂੰ ਕਾਨੂੰਨੀ ਸੁਰੱਖਿਆ ਢਾਂਚੇ ਦੇ ਆਧੁਨਿਕੀਕਰਨ ਲਈ ਹਾਂਪੱਖੀ ਤਬਦੀਲੀ ਕਰਾਰ ਦਿੰਦਿਆਂ ਕੁੱਲ ਮਿਲਾ ਕੇ ਇਸ ਦਾ ਸਵਾਗਤ ਕੀਤਾ ਹੈ।

ਦੂਜੇ ਪਾਸੇ, ਇਸ ਦਾ ਸਭ ਤੋਂ ਤਿੱਖਾ ਵਿਰੋਧ ਸ਼ਹਿਰੀ ਆਜ਼ਾਦੀਆਂ ਲਈ ਕੰਮ ਕਰਨ ਵਾਲੀ ਕੈਨੇਡੀਅਨ ਸਿਵਿਲ ਲਿਬਰਟੀਜ਼ ਐਸੋਸੀਏਸ਼ਨ (ਸੀਸੀਐੱਲਏ) ਨੇ ਕੀਤਾ ਜਿਸ ਨੇ ਇਸ ਨੂੰ ਨਵੇਂ ਕਾਨੂੰਨ ਤਹਿਤ ਸੀਐੱਸਆਈਐੱਸ ਨੂੰ ਦਿੱਤੀਆਂ ਗਈਆਂ ਨਵੀਆਂ 'ਵਿਘਨਕਾਰੀ ਤਾਕਤਾਂ' ਕਰਾਰ ਦਿੱਤਾ ਹੈ। ਇਸ ਨੇ ਮੁਲਕ ਨੂੰ ਚੇਤੇ ਕਰਾਇਆ ਕਿ ਸੀਐੱਸਆਈਐੱਸ ਦੀ ਸਥਾਪਨਾ ਮੈਕਡੌਨਲਡ ਕਮਿਸ਼ਨ (1977-1981) ਦੀਆਂ ਸਿਫ਼ਾਰਸ਼ਾਂ ਤਹਿਤ ਇੰਟੈਲੀਜੈਂਸ ਸੂਚਨਾਵਾਂ ਇਕੱਤਰ ਕਰਨ ਦੇ ਅਮਲ ਨੂੰ ਫ਼ੌਜਦਾਰੀ ਜਾਂਚ ਅਤੇ ਪ੍ਰਸ਼ਾਸਨਿਕ ਕਾਰਵਾਈ ਤੋਂ ਵੱਖ ਕਰਨ ਲਈ ਕੀਤੀ ਗਈ ਸੀ। ਇਸ ਕਮਿਸ਼ਨ ਨੇ ਆਰਸੀਐੱਮਪੀ ਦੀਆਂ ਵਧੀਕੀਆਂ ਦੀ ਜਾਂਚ ਕੀਤੀ ਸੀ। ਹੁਣ ਉਸੇ ਢੰਗ ਨਾਲ ਸੀਐੱਸਆਈਐੱਸ ਨੂੰ ਵੀ ਪ੍ਰਸ਼ਾਸਨਿਕ ਸ਼ਕਤੀਆਂ ਦੇ ਦਿੱਤੀਆਂ ਗਈਆਂ ਹਨ ਜਿਸ ਤਹਿਤ ਇਹ ਆਪਣੇ ਖ਼ੁਫ਼ੀਆ ਜਾਣਕਾਰੀ ਇਕੱਤਰ ਕਰਨ ਦੇ ਅਮਲ ਦੌਰਾਨ ਕਥਿਤ ਦਹਿਸ਼ਤੀ ਸਰਗਰਮੀਆਂ ਨੂੰ ਰੋਕਣ ਲਈ ਪੈਸੇ ਦੇ ਤਬਾਦਲੇ ਵਿਚ ਰੁਕਾਵਟ ਪੈਦਾ ਕਰਨ ਜਾਂ ਜਾਅਲੀ ਦਸਤਾਵੇਜ਼ ਪੇਸ਼ ਕਰਨ ਵਰਗੀਆਂ ਕਾਰਵਾਈਆਂ ਕਰ ਸਕਦੀ ਹੈ। ਐਸੋਸੀਏਸ਼ਨ ਸਮਝਦੀ ਹੈ ਕਿ ਇਹ ਚੀਜ਼ ਸ਼ਹਿਰੀ ਹੱਕਾਂ ਦੇ ਖ਼ਿਲਾਫ਼ ਹੈ ਤੇ ਇਸ ਦੀ ਦੁਰਵਰਤੋਂ ਹੋ ਸਕਦੀ ਹੈ।

ਇਸ ਵਿਰੋਧੀ ਜਨਤਕ ਚਰਚਾ ਨੇ ਬਿਲ ਦੀ ਪੇਸ਼ਕਦਮੀ ਦੀ ਰਫ਼ਤਾਰ ਮੱਠੀ ਕਰ ਦਿੱਤੀ ਹੈ। ਕੈਨੇਡੀਅਨ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ਼ ਕੌਮਨਜ਼' ਅਤੇ ਕਮੇਟੀ ਪੱਧਰ 'ਤੇ ਤਿੰਨ ਪੜ੍ਹਤਾਂ ਤੋਂ ਬਾਅਦ, ਇਹ ਉਪਰਲੇ ਸਦਨ ਸੈਨੇਟ ਦੀ ਦੂਜੀ ਪੜ੍ਹਤ ਤੱਕ ਪੁੱਜਾ। ਫਿਰ ਇਸ ਨੂੰ 11 ਦਸੰਬਰ, 2018 ਨੂੰ ਕਮੇਟੀ ਹਵਾਲੇ ਕਰ ਦਿੱਤਾ ਗਿਆ।

**ਦਹਿਸ਼ਤਗਰਦੀ ਬਾਰੇ ਪਬਲਿਕ ਰਿਪੋਰਟ :** ਉਂਝ, ਰੋਕਥਾਮ ਬਾਰੇ ਕੇਂਦਰ) ਜਿਸ ਨੂੰ ਕੈਨੇਡਾ ਸੈਂਟਰ ਵੀ ਆਖਿਆ ਜਾਂਦਾ ਹੈ, ਨੇ ਜਨਤਕ ਤੌਰ 'ਤੇ ਬਹਿਸ ਕਰਾ ਕੇ ਤਿਆਰ ਕੀਤੀ ਸੀ।



ਜਿਸ ਗੱਲ ਨੇ ਇਸ ਸੁਰੱਖਿਆ ਚਰਚਾ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦੇ ਜਨਤਕ ਪ੍ਰਗਟਾਵੇ ਦਾ ਕਾਰਨ ਬਣਾਇਆ, ਉਹ 'ਕੈਨੇਡਾ ਨੂੰ ਦਹਿਸ਼ਤਗਰਦੀ ਦੇ ਖ਼ਤਰੇ ਬਾਰੇ ਪਬਲਿਕ ਰਿਪੋਰਟ' (2018) ਹੈ। ਇਸ ਨੇ ਭਾਰਤ ਨੂੰ ਵੀ ਵਿਵਾਦਾਂ ਵਿਚ ਘੜੀਸ ਲਿਆ ਹੈ।

ਪਬਲਿਕ ਸੇਫਟੀ ਅਤੇ ਐਮਰਜੈਂਸੀ ਪ੍ਰੀਪੇਅਰਡਨੈੱਸ (ਜਨਤਕ ਸੁਰੱਖਿਆ ਅਤੇ ਐਮਰਜੈਂਸੀ ਪ੍ਰਬੰਧਨ) ਮੰਤਰੀ ਰਾਲਫ ਗੁਡੇਲ ਨੇ 11 ਦਸੰਬਰ ਨੂੰ 'ਕੱਟੜਤਾ ਦੇ ਹਿੰਸਕ ਰੂਪ ਧਾਰਨ ਨੂੰ ਰੋਕਣ ਸਬੰਧੀ ਕੌਮੀ ਰਣਨੀਤੀ' ਦੇ ਨਾਲ ਹੀ ਇਹ ਪਬਲਿਕ ਰਿਪੋਰਟ ਜਾਰੀ ਕੀਤੀ। ਇਨ੍ਹਾਂ ਦੋਵਾਂ ਦਸਤਾਵੇਜ਼ਾਂ ਦਾ ਮਕਸਦ ਸੁਰੱਖਿਆ ਮਾਮਲਿਆਂ ਦੇ ਪ੍ਰਬੰਧਨ ਵਿਚ ਵਧੇਰੇ ਪਾਰਦਰਸ਼ਤਾ ਲਿਆਉਣਾ ਹੈ। ਦਰਅਸਲ, ਕੌਮੀ ਰਣਨੀਤੀ (ਨੈਸ਼ਨਲ ਸਟਰੈਟਜੀ) 'ਕੈਨੇਡਾ ਸੈਂਟਰ ਆਨ ਕਮਿਊਨਿਟੀ ਐਂਗੇਜਮੈਂਟ ਐਂਡ ਪ੍ਰੀਵੈਂਸ਼ਨ ਆਫ਼ ਵਾਇਲੈਂਸ' (ਕੈਨੇਡਾ ਭਾਈਚਾਰਕ ਮੇਲਜੋਲ ਤੇ ਹਿੰਸਾ ਦੀ ਰੋਕਥਾਮ ਬਾਰੇ ਕੇਂਦਰ) ਜਿਸ ਨੂੰ ਕੈਨੇਡਾ ਸੈਂਟਰ ਵੀ ਆਖਿਆ ਜਾਂਦਾ ਹੈ, ਨੇ ਜਨਤਕ ਤੌਰ 'ਤੇ ਬਹਿਸ ਕਰਾ ਕੇ ਤਿਆਰ ਕੀਤੀ ਸੀ।

ਕੌਮੀ ਰਣਨੀਤੀ (ਨੈਸ਼ਨਲ ਸਟਰੈਟਜੀ) ਰਿਪੋਰਟ ਵਿਚ ਭਾਵੇਂ ਸਿੱਖ ਇੰਤਹਾਪਸੰਦੀ ਦਾ ਕੋਈ ਜ਼ਿਕਰ ਨਹੀਂ ਹੈ ਪਰ ਪਬਲਿਕ ਰਿਪੋਰਟ ਵਿਚ ਕੈਨੇਡਾ ਨੂੰ ਦਰਪੇਸ਼ ਪੰਜ 'ਮੌਜੂਦਾ ਖ਼ਤਰਿਆਂ' ਦਾ ਜ਼ਿਕਰ ਕੀਤਾ ਗਿਆ ਹੈ ਜਿਹੜੇ ਇੰਝ ਹਨ: 'ਸੁੰਨੀ ਇਸਲਾਮੀ ਇੰਤਹਾਪਸੰਦੀ', 'ਸੱਜੇ ਪੱਖੀ ਇੰਤਹਾਪਸੰਦੀ', 'ਸਿੱਖ (ਖ਼ਾਲਿਸਤਾਨ) ਇੰਤਹਾਪਸੰਦੀ', 'ਸ਼ੀਆ ਇੰਤਹਾਪਸੰਦੀ' ਅਤੇ 'ਕੈਨੇਡੀਅਨ ਇੰਤਹਾਪਸੰਦ ਸੈਲਾਨੀ'। ਇਨ੍ਹਾਂ ਵਿਚੋਂ ਸਿੱਖ ਇੰਤਹਾਪਸੰਦੀ ਬਾਰੇ ਸਭ ਤੋਂ ਘੱਟ ਵਿਆਖਿਆ ਕੀਤੀ ਗਈ ਹੈ। ਇਸ ਵਿਚ ਸਿੱਖ ਇੰਤਹਾਪਸੰਦਾਂ ਦੇ ਹਿੰਸਕ ਅਤੀਤ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਏਅਰ ਇੰਡੀਆ ਦੇ ਜਹਾਜ਼ ਵਿਚ ਸੰਨ 1985 ਵਿਚ ਕੀਤਾ ਗਿਆ ਧਮਾਕਾ ਵੀ ਸ਼ਾਮਲ ਹੈ ਜਿਸ ਕਾਰਨ 331 ਜਾਨਾਂ ਜਾਂਦੀਆਂ ਰਹੀਆਂ ਸਨ। ਰਿਪੋਰਟ ਵਿਚ ਮੰਨਿਆ ਗਿਆ ਹੈ ਕਿ ਖ਼ਾਲਿਸਤਾਨ ਲਹਿਰ ਦੀ ਹਮਾਇਤ 'ਚ ਹੋਣ ਵਾਲੇ ਹਮਲਿਆਂ ਦੀ ਗਿਣਤੀ ਘਟ ਗਈ ਹੈ। ਇਸ ਦੇ ਬਾਵਜੂਦ, ਇਸ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਵਿਚਲੀਆਂ ਦੋ ਮੁੱਖ ਸਿੱਖ ਜਥੇਬੰਦੀਆਂ (ਬੱਬਰ ਖ਼ਾਲਸਾ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ-ਆਈਐੱਸਵਾਈਐਫ਼) ਦਹਿਸ਼ਤਗਰਦੀ ਨਾਲ ਜੁੜੀਆਂ ਰਹਿਣ ਕਾਰਨ 'ਕ੍ਰਿਮੀਨਲ ਕੋਡ' ਤਹਿਤ 'ਹਾਲੇ ਵੀ ਦਹਿਸ਼ਤੀ ਜਥੇਬੰਦੀਆਂ' ਦੀ ਸੂਚੀ ਵਿਚ ਸ਼ਾਮਲ ਹਨ।

ਇਸ 'ਤੇ ਸਿੱਖ ਭਾਈਚਾਰੇ ਵੱਲੋਂ ਭਾਰੀ ਰੋਹ ਜ਼ਾਹਰ ਕੀਤੇ ਜਾਣ ਤੋਂ ਬਾਅਦ ਗੁਡੇਲ ਨੇ 14 ਦਸੰਬਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਦਾ ਮੰਤਰਾਲਾ ਰਿਪੋਰਟ ਵਿਚ 'ਸਿੱਖ ਜਥੇਬੰਦੀਆਂ ਦੀ ਕੀਤੀ ਗਈ ਵਿਆਖਿਆ ਉਤੇ ਮੁੜ-ਗੌਰ' ਕਰੇਗਾ। ਉਨ੍ਹਾਂ ਨੂੰ 'ਭਰੋਸਾ ਸੀ ਕਿ ਜਿਨ੍ਹਾਂ ਸੁਰੱਖਿਆ ਅਧਿਕਾਰੀਆਂ ਨੇ ਕੈਨੇਡਾ ਨੂੰ ਦਰਪੇਸ਼ ਦਹਿਸ਼ਤਗਰਦੀ ਦੇ ਖ਼ਤਰੇ ਬਾਰੇ ਸਾਲ 2018 ਦੀ ਇਹ ਰਿਪੋਰਟ ਤਿਆਰ ਕੀਤੀ ਹੈ, ਉਨ੍ਹਾਂ ਵੱਲੋਂ ਸਿੱਖ, ਸ਼ੀਆ ਅਤੇ ਸੁੰਨੀ ਦਹਿਸ਼ਤਗਰਦੀ ਦੇ ਕੀਤੇ ਜ਼ਿਕਰ ਦਾ ਮਤਲਬ ਇਨ੍ਹਾਂ ਧਰਮਾਂ ਨੂੰ ਸਮੁੱਚੇ ਤੌਰ 'ਤੇ ਬਦਨਾਮ ਕਰਨਾ ਨਹੀਂ ਸੀ ਪਰ ਤਾਂ ਵੀ ਉਹ ਇਨ੍ਹਾਂ ਅਧਿਕਾਰੀਆਂ ਨੂੰ ਤਬਦੀਲੀਆਂ ਕਰਨ ਲਈ ਆਖਣਗੇ ਤਾਂ ਕਿ ਸਥਿਤੀ ਹੋਰ ਸਪਸ਼ਟ ਹੋ ਸਕੇ।'

**ਵਿਰੋਧ ਵਿਚ ਸਿੱਖ ਭਾਈਚਾਰੇ ਵਲੋਂ ਦਿੱਤੀਆਂ ਜਾ ਰਹੀਆਂ ਦਲੀਲਾਂ :** ਸਿੱਖ ਭਾਈਚਾਰੇ ਨੇ ਇਸ ਦਾ ਵਿਰੋਧ ਕਰਦਿਆਂ ਆਖਿਆ ਕਿ ਇਹ ਪਹਿਲੀ ਵਾਰ ਹੈ ਜਦੋਂ ਦਹਿਸ਼ਤਗਰਦੀ ਸਬੰਧੀ ਕਿਸੇ ਸਾਲਾਨਾ ਰਿਪੋਰਟ ਵਿਚ ਕੋਈ ਨਵਾਂ ਸਬੂਤ ਦਿੱਤੇ ਬਿਨਾ ਸਿੱਖ ਇੰਤਹਾਪਸੰਦੀ ਦਾ ਜ਼ਿਕਰ ਕੀਤਾ ਗਿਆ ਹੈ। ਭਾਈਚਾਰੇ ਨੇ ਆਖਿਆ ਕਿ ਇਸ ਵਿਚ ਜਿਸ ਇਕੋ-ਇਕ ਘਟਨਾ ਦਾ ਜ਼ਿਕਰ ਕੀਤਾ ਗਿਆ, ਉਹ ਸੰਨ 1985 ਦਾ ਕਨਿਸ਼ਕ ਕਾਂਡ ਹੈ। ਭਾਈਚਾਰੇ ਦੇ ਆਗੂਆਂ ਦਾ ਕਹਿਣਾ ਸੀ, ਕਿਵਰਤੀ ਗਈ ਭਾਸ਼ਾ ਦਾ ਮੁੜ-ਮੁਲੰਕਣ ਚੰਗੀ ਗੱਲ ਹੈ ਪਰ ਇਹ ਮਾਮਲਾ ਰਿਪੋਰਟ ਵਿਚ ਹੋਣਾ ਹੀ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ, ਕਿਉਂਕਿ ਤਿੰਨ ਦਹਾਕੇ ਪਹਿਲਾਂ ਵਾਪਰੀ ਘਟਨਾ ਦਾ ਹਵਾਲਾ ਇਥੇ ਦੇਣ ਦੀ ਕੋਈ ਤੁਕ ਨਹੀਂ ਬਣਦੀ। ਕੁਝ ਮਾਹਿਰਾਂ ਨੇ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਕਿ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਤਿਆਰ ਸਾਲ 2017 ਦੀ ਰਿਪੋਰਟ, ਜਿਹੜੀ ਸਾਲ 2018 ਵਿਚ ਜਾਰੀ ਕੀਤੀ ਗਈ, ਵਿਚ ਕਿਸੇ ਵੀ ਸਿੱਖ ਇੰਤਹਾਪਸੰਦ ਜਥੇਬੰਦੀ ਦਾ ਜ਼ਿਕਰ ਨਹੀਂ ਕੀਤਾ ਗਿਆ।

ਸਿੱਖ ਭਾਈਚਾਰੇ ਨੇ ਪਬਲਿਕ ਰਿਪੋਰਟ ਵਿਚਲੇ ਉਸ ਹਵਾਲੇ ਦਾ ਵੀ ਵਿਰੋਧ ਕੀਤਾ ਜਿਸ ਵਿਚ ਕਿਹਾ ਗਿਆ ਹੈ : "ਇੰਨਾ ਹੀ ਨਹੀਂ, ਸ਼ੀਆ ਅਤੇ ਸਿੱਖ (ਖ਼ਾਲਿਸਤਾਨੀ) ਇੰਤਹਾਪਸੰਦੀ ਇਸ ਕਾਰਨ ਵੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਭਾਵੇਂ ਕੈਨੇਡਾ ਵਿਚ ਉਨ੍ਹਾਂ ਦੇ ਹਮਲੇ ਬਿਲਕੁਲ ਹੀ ਘੱਟ ਹਨ ਪਰ ਕੁਝ ਕੈਨੇਡੀਅਨ ਲਗਾਤਾਰ ਇਨ੍ਹਾਂ ਇੰਤਹਾਪਸੰਦ ਗਰੁੱਪਾਂ ਨੂੰ ਸਹਿਯੋਗ ਦੇ ਰਹੇ ਹਨ, ਜਿਸ ਵਿਚ ਮਾਇਕ ਮਦਦ ਵੀ ਸ਼ਾਮਲ ਹੈ।" "ਸਿੱਖ ਭਾਈਚਾਰੇ ਦਾ ਦੋਸ਼ ਹੈ ਕਿ ਇਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਤੇ ਉਨ੍ਹਾਂ ਦੀ ਭਾਰਤ ਫੇਰੀ ਦੌਰਾਨ ਭਾਰਤ ਵੱਲੋਂ ਪਾਏ ਗਏ ਦਬਾਅ ਦਾ ਸਿੱਟਾ ਹੈ।

ਕੈਨੇਡੀਅਨ ਮੀਡੀਆ ਨੇ ਵੀ ਨਾਲ ਦੀ ਨਾਲ ਆਖਿਆ ਹੈ ਕਿ ਸ੍ਰੀ ਟਰੂਡੋ ਨੇ ਆਪਣੀ ਭਾਰਤ ਫੇਰੀ ਦੌਰਾਨ ਬਹੁਤਾ ਜ਼ੋਰ ਇਨ੍ਹਾਂ ਦੋਸ਼ਾਂ ਨੂੰ ਖ਼ਾਰਜ ਕਰਨ ਸਬੰਧੀ ਕੰਮ ਕਰਨ 'ਤੇ ਦਿੱਤਾ ਕਿ ਕੈਨੇਡਾ ਖ਼ਾਲਿਸਤਾਨੀ ਦਹਿਸ਼ਤਗਰਦੀ ਲਈ ਸੁਰੱਖਿਅਤ ਟਿਕਾਣਾ ਹੈ। ਇਸ ਫੇਰੀ ਦੇ ਅਖ਼ੀਰ ਉਤੇ ਉਨ੍ਹਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਹਿੰਦੂ ਹਨ, ਨਾਲ ਇਕ ਸੁਰੱਖਿਆ ਢਾਂਚੇ ਲਈ ਹਾਮੀ ਭਰੀ। ਇਸ ਰਾਹੀਂ ਉਨ੍ਹਾਂ ਨੇ ਦਹਿਸ਼ਤਗਰਦੀ ਦੇ ਖ਼ਾਤਮੇ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿਚ ਵੱਖ ਵੱਖ ਸਿੱਖ ਇੰਤਹਾਪਸੰਦ ਜਥੇਬੰਦੀਆਂ ਵੀ ਸ਼ਾਮਲ ਹਨ।

ਓਂਟਾਰੀਓ ਦੇ 'ਦਿ ਲੰਡਨ ਫ਼ਰੀ ਪ੍ਰੈਸ' ਨੇ ਆਪਣੇ 12 ਦਸੰਬਰ ਦੇ ਅੰਕ ਵਿਚ ਇਸ ਮੁਤੱਲਕ ਸਿੱਖਾਂ ਦੇ ਰੋਹ ਤੇ ਤੌਖਲਿਆਂ ਦੇ ਹੋਰ ਕਾਰਨ ਵੀ ਗਿਣਾਏ ਹਨ। ਇਸ ਮੁਤਾਬਕ ਸਿੱਖਾਂ ਨੂੰ ਡਰ ਹੈ ਕਿ ਇਸ ਕਾਰਨ ਉਨ੍ਹਾਂ ਨੂੰ ਇਸਲਾਮਫੋਬੀਆ (ਇਸਲਾਮ/ਮੁਸਲਮਾਨਾਂ ਪ੍ਰਤੀ ਪੈਦਾ ਕੀਤੇ ਗਏ ਝੂਠੇ ਡਰ) ਤੋਂ ਪੈਦਾ ਹੋਏ ਖ਼ਦਸ਼ਿਆਂ ਨਾਲ ਜੋੜਿਆ ਜਾ ਸਕਦਾ ਹੈ। ਸਿੱਖ ਭਾਈਚਾਰੇ ਅਨੁਸਾਰ ਸਿੱਖ ਤਾਂ ਪਹਿਲਾਂ ਹੀ 'ਇਸ ਮੁਲਕ ਦੀ ਬਹੁਤ ਪ੍ਰਤੱਖ ਦਿਖਾਈ ਦੇਣ ਵਾਲੀ ਘੱਟ ਗਿਣਤੀ' ਹੋਣ ਕਾਰਨ ਵੱਡੇ ਪੱਧਰ 'ਤੇ ਨਸਲੀ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਨੇ 'ਇੰਡੋ-ਕੈਨੇਡੀਅਨ ਵਾਇਸ' ਦੇ ਸੰਪਾਦਕ ਰਤਨ ਮੱਲ ਦਾ ਹਵਾਲਾ ਦਿੱਤਾ ਹੈ ਜਿਨ੍ਹਾਂ ਮੰਨਿਆ ਕਿ ਕੈਨੇਡਾ ਵਿਚ ਕੁਝ ਗਰੁੱਪ 'ਭਾਰਤ ਵਿਰੋਧੀ' ਅਤੇ 'ਅਸੱਭਿਅਕ' ਭਾਸ਼ਾ ਵਰਤਦੇ ਹਨ ਪਰ ਨਾਲ ਨਾਲ ਬਹੁਤ ਸਾਰੇ ਗਰੁੱਪ ਅਜਿਹੇ ਵੀ ਹਨ ਜਿਹੜੇ 'ਖ਼ਾਲਿਸਤਾਨ' ਦੇ ਵਿਚਾਰ ਦੀ ਹਮਾਇਤ ਨਹੀਂ ਕਰਦੇ। ਉਨ੍ਹਾਂ ਦਾ ਮੁੱਖ ਡਰ ਹੈ ਕਿ ਸਿੱਖ ਇਸ ਝੂਠੀ ਧਾਰਨਾ ਦਾ ਸ਼ਿਕਾਰ ਨਾ ਹੋ ਜਾਣ ਕਿ ਹਰ ਪਗੜੀਧਾਰੀ ਦਹਿਸ਼ਤਗਰਦ ਹੁੰਦਾ ਹੈ।

ਸਮੱਸਿਆ ਦਾ ਕਾਰਨ ਉਹ ਵੱਖੋ-ਵੱਖਰਾ ਤਰੀਕਾ ਹੈ, ਜਿਨ੍ਹਾਂ ਰਾਹੀਂ ਕੈਨੇਡਾ ਅਤੇ ਭਾਰਤ ਇਨ੍ਹਾਂ ਗੁੰਝਲ਼ਦਾਰ ਮੁੱਦਿਆਂ ਨੂੰ ਦੇਖਦੇ ਹਨ। ਇਕ ਭਾਰਤੀ ਅਖ਼ਬਾਰ ਨੇ ਇਸ ਸਾਲ ਦੇ ਸ਼ੁਰੂ ਵਿਚ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨਰ ਦੇ ਹਵਾਲੇ ਨਾਲ ਕਿਹਾ ਸੀ :"ਦੁੱਖ ਦੀ ਗੱਲ ਹੈ ਕਿ ਕੈਨੇਡਾ ਅਜਿਹਾ ਇਕੋ-ਇਕ ਮੁਲਕ ਹੈ ਜਿਹੜਾ ਖ਼ਾਲਿਸਤਾਨੀ ਅਨਸਰਾਂ ਨੂੰ ਮੰਚ ਮੁਹੱਈਆ ਕਰਾਉਂਦਾ ਹੈ ਜਾਂ ਮੰਚ ਮੁਹੱਈਆ ਕਰਾਉਂਦਾ ਦਿਖਾਈ ਦਿੰਦਾ ਹੈ।"

ਇਸ ਬਾਰੇ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਆਜ਼ਾਦ ਸਿੱਖ ਰਾਜ ਦੀ ਵਕਾਲਤ ਕਰਨਾ ਕਿਸੇ ਵੀ ਤਰ੍ਹਾਂ ਕੈਨੇਡੀਅਨ ਸੂਬੇ ਕਿਊਬੈਕ ਨੂੰ ਕੈਨੇਡਾ ਤੋਂ ਵੱਖ ਕਰਨ ਦੇ ਹਮਾਇਤੀ ਹੋਣ ਤੋਂ ਅੱਡਰੀ ਗੱਲ ਨਹੀਂ ਹੈ ਤੇ ਕੈਨੇਡਾ ਵਿਚ ਇਹ ਕੋਈ ਜੁਰਮ ਨਹੀਂ ਹੈ। ਇਸੇ ਤਰ੍ਹਾਂ, ਹਿੰਸਾ ਰਹਿਤ ਇੰਤਹਾਪਸੰਦੀ ਜਾਂ ਖੁੱਲ੍ਹੇਆਮ ਵਿਰੋਧ ਦੀਆਂ ਕਾਰਵਾਈਆਂ ਕੈਨੇਡਾ ਹੀ ਨਹੀਂ, ਸਗੋਂ ਅਮਰੀਕਾ ਤੇ ਇਥੋਂ ਤੱਕ ਕਿ ਬਰਤਾਨੀਆ ਵਿਚ ਵੀ ਜੁਰਮ ਨਹੀਂ ਹਨ। ਕੈਨੇਡਾ ਸੰਨ 2011 ਤੋਂ ਹੀ 'ਕਨਿਸ਼ਕ ਪ੍ਰਾਜੈਕਟ' ਰਾਹੀਂ ਬੁਨਿਆਦਪ੍ਰਸਤੀ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗਾ ਹੋਇਆ ਹੈ।

# ਕੈਨੇਡਾ 'ਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀ ਸ਼ੁਰੂਆਤ

## ਪ੍ਰੋ. ਬਲਵਿੰਦਰ ਪਾਲ ਸਿੰਘ ਦੀਆਂ ਸੰਪਾਦਿਤ ਦੋ ਪੁਸਤਕਾਂ 'ਜਬੈ ਬਾਣ ਲਾਗਯੋ' ਤੇ 'ਜਗਤੁ ਜਲੰਦਾ ਰਖਿ ਲੈ' ਰਿਲੀਜ਼

**ਸਰੀ/ਬਿਊਰੋ ਨਿਊਜ਼ :**

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਕੈਨੇਡਾ 'ਚ ਸ਼ੁਰੂਆਤ ਸੈਮੀਨਾਰ ਅਤੇ ਪੁਸਤਕ ਰਿਲੀਜ਼ ਸਮਾਰੋਹ ਦੇ ਰੂਪ 'ਚ ਕੀਤੀ ਗਈ, ਜੋ ਕਿ ਗੁਰੂ ਨਾਨਕ ਸਿੱਖ ਸੀਨੀਅਰ ਸੈਂਟਰ ਸਰੀ-ਡੈਲਟਾ ਵਿਖੇ ਹੋਈ। ਇਸ ਮੌਕੇ ਪ੍ਰੋ. ਬਲਵਿੰਦਰ ਪਾਲ ਸਿੰਘ ਦੀਆਂ ਸੰਪਾਦਿਤ ਦੋ ਪੁਸਤਕਾਂ 'ਜਬੈ ਬਾਣ ਲਾਗਯੋ' ਤੇ 'ਜਗਤੁ ਜਲੰਦਾ ਰਖਿ ਲੈ' ਰਿਲੀਜ਼ ਕੀਤੀਆਂ। ਇਹ ਪ੍ਰਬੰਧ ਗੁਰੂ ਨਾਨਕ ਫਾਊਂਡੇਸ਼ਨ ਕੈਨੇਡਾ ਵਲੋਂ ਕੀਤਾ ਗਿਆ। ਇਸ ਸਮਾਗਮ ਵਿਚ ਕੈਨੇਡਾ ਦੀਆਂ ਸਿੱਖ ਸੰਗਤਾਂ ਗੁਰਦੁਆਰਾ ਪ੍ਰਬੰਧਕਾਂ, ਸਿੱਖ ਚਿੰਤਕਾਂ, ਅੰਬੇਦਕਰੀ ਚਿੰਤਕਾਂ ਤੇ ਖੱਬੇ ਪੱਖੀ ਲੇਖਕਾਂ ਨੇ ਰਲ ਕੇ ਸਮਾਜ ਤੇ ਪੰਜਾਬ ਦੀ ਭਲਾਈ ਲਈ ਚੱਲਣ, ਜਾਤੀਵਾਦ ਵਿਰੁੱਧ ਅਵਾਜ਼ ਉਠਾਉਣ ਦਾ ਫੈਸਲਾ ਕੀਤਾ ਤੇ ਕਰਤਾਰਪੁਰ ਖੁੱਲੇ ਲਾਂਘੇ ਦਾ ਸਮਰਥਨ ਕੀਤਾ। ਇਸ ਮੌਕੇ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਨੇ ਪੁਸਤਕਾਂ ਬਾਰੇ ਤੇ ਗੁਰੂ ਨਾਨਕ ਸਾਹਿਬ ਦੇ ਚਿੰਤਨ ਦੀ ਮਹੱਤਤਾ ਅਤੇ ਸਿੱਖ ਇਤਿਹਾਸ 'ਤੇ ਕੀਤੇ ਜਾ ਰਹੇ ਹਮਲਿਆਂ ਬਾਰੇ ਅਹਿਮ ਜਾਣਕਾਰੀ ਦਿੱਤੀ। ਪਾਕਿਸਤਾਨ ਤੋਂ ਪੁੱਜੇ ਮੁੱਖ ਮਹਿਮਾਨ ਸਾਬਕਾ ਸੰਸਦੀ ਸਕੱਤਰ ਜਨਾਬ ਰਾਏ ਅਜ਼ੀਜ਼ ਉਲਾ ਖਾਨ ਨੇ ਕਿਹਾ ਕਿ ਭਾਰਤ-ਪਾਕਿ ਨੇ ਖੁੱਲ੍ਹੇ ਲਾਂਘੇ ਬਾਰੇ ਦੋਸਤੀ ਕਰਕੇ ਅਹਿਮ ਰੋਲ ਨਿਭਾਇਆ ਤੇ ਹੁਣ ਵਾਘਾ ਬਾਰਡਰ ਵੀ ਖੁੱਲ੍ਹਣਾ ਚਾਹੀਦਾ ਹੈ। ਉਹਨਾਂ ਭਾਰਤ-ਪਾਕਿ ਨੂੰ ਵਪਾਰਕ ਮੰਡੀ ਵਜੋਂ ਉਭਾਰਨ ਤੇ ਜ਼ੋਰ ਦਿੱਤਾ, ਜਿਸ ਨਾਲ ਸਬੰਧ ਮਜ਼ਬੂਤ ਹੋਣਗੇ, ਉੱਥੇ ਰੋਜ਼ਗਾਰ, ਆਰਥਿਕ ਅਤੇ ਧਾਰਮਿਕ ਰਸਤੇ ਨਾਲ ਦੋਸਤੀ ਤੇ ਸ਼ਾਂਤੀ ਦਾ ਪੈਗਾਮ ਵੀ ਵਧੀਆ ਰਾਹ ਅਖਤਿਆਰ ਕਰੇਗਾ।

ਸਿੱਖ ਚਿੰਤਕ ਤੇ ਪੱਤਰਕਾਰ ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਜਾਤੀ ਰਹਿਤ ਸਮਾਜ ਸਿਰਜਣ ਦੇ ਅਮਲ ਤੋਂ ਬਿਨਾ ਸਿੱਖ ਧਰਮ ਦਾ ਮਿਸ਼ਨ ਅਧੂਰਾ ਹੈ। ਗੁਰੂ ਨਾਨਕ ਜੀ ਦੇ ਵਿਚਾਰ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਅਰਥਾਤ ਪੜ੍ਹੇ ਲਿਖੇ ਸਮਾਜ ਦੀ ਸਿਰਜਣਾ ਕੀਤੇ ਬਿਨਾ ਸਿੱਖ ਕੌਮ ਨੂੰ ਵਿਸ਼ਵ ਦਾ ਧਰਮ ਨਹੀਂ ਬਣਾਇਆ ਜਾ ਸਕਦਾ। ਕਰਤਾਰਪੁਰ ਖੁੱਲ੍ਹੇ ਲਾਂਘੇ ਬਾਰੇ ਉਹਨਾਂ ਕਿਹਾ ਕਿ ਸ਼ਾਂਤੀ, ਪ੍ਰੇਮ ਤੇ ਸਰਬੱਤ ਦਾ ਭਲਾ ਗੁਰੂ ਨਾਨਕ ਦਾ ਮਿਸ਼ਨ ਹੈ। ਗੁਰੂ ਨਾਨਕ ਦੇ ਸਿੱਖ ਦੋ ਦੇਸ਼ਾਂ ਵਿਚ ਇਕ ਸਾਂਝਦਾਰੀ ਦਾ ਸਬੱਬ ਬਣ ਸਕਦੇ ਹਨ। ਉਹਨਾਂ ਕਿਹਾ ਕਿ ਇਸ ਖਿੱਤੇ ਵਿਚ ਸਿੱਖਾਂ ਨੂੰ ਦੋ ਨੇਸ਼ਨਜ਼ ਵਿਚਕਾਰ ਦੋਸਤੀ ਦੇ ਪੁਲ ਵਜੋਂ ਵੀ ਦੇਖ ਸਕਦੇ ਹਾਂ ਤੇ ਸਾਨੂੰ ਪੰਜਾਬੀਆਂ ਨੂੰ ਦੋਹਾਂ ਦੇਸ਼ਾਂ ਦੇ ਸਬੰਧ ਹੋਰ ਮਜ਼ਬੂਤ ਕਰਨ ਵਿਚ ਅਹਿਮ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਵਿਸ਼ਵ ਸਿੱਖ ਸੰਸਥਾ ਦੇ ਬਾਨੀ ਪ੍ਰਧਾਨ



ਗਿਆਨ ਸਿੰਘ ਸੰਧੂ ਨੇ ਕਿਹਾ ਕਿ ਲੋੜ ਹੈ ਅਜਿਹੇ ਸੈਮੀਨਾਰ ਅਤੇ ਵਿੱਦਿਆਕ ਸਮਾਗਮ ਹੋਰਨਾਂ ਭਾਈਚਾਰਿਆਂ ਅਤੇ ਵਿੱਦਿਆਕ ਅਦਾਰਿਆਂ 'ਚ ਵੀ ਲਗਾਤਾਰ ਕੀਤੇ ਜਾਣ। ਇਸ ਮੌਕੇ ਡਾ. ਪੂਰਨ ਸਿੰਘ ਨੇ ਕਿਹਾ ਕਿ ਗੁਰਦੁਆਰੇ ਸਿੱਖ ਬੌਧਿਕਤਾ ਤੇ ਗੁਰੂ ਗਰੰਥ ਸਾਹਿਬ ਦੀ ਵਿਚਾਰਾਧਾਰਾ ਫੈਲਾਉਣ ਦਾ ਕੇਂਦਰ ਹੋਣੇ ਚਾਹੀਦੇ ਹਨ। ਅੰਬੇਦਕਰੀ ਨੇਤਾ ਤੇ ਚਿੰਤਕ ਕਮਲੇਸ਼ ਅਹੀਰ ਨੇ ਕਿਹਾ ਕਿ ਅਸੀਂ ਪ੍ਰੋ. ਬਲਵਿੰਦਰਪਾਲ ਸਿੰਘ ਨਾਲ ਹਰ ਪੱਖੋਂ ਖੜ੍ਹੇ ਹਾਂ। ਉਹਨਾਂ ਨੇ ਜਾਤੀਵਾਦ ਵਿਰੁੱਧ ਮੁਹਿੰਮ ਚਲਾਈ ਹੈ ਅਤੇ ਸਿੱਖ ਤੇ ਬਹੁਜਨ ਭਾਈਚਾਰੇ ਨੂੰ ਇਕਮੁੱਠ ਕਰਨ ਦਾ ਯਤਨ ਕਰ ਰਹੇ ਹਨ ਤੇ ਬਹੁਜਨ ਭਾਈਚਾਰੇ ਬਾਰੇ ਲਿਖ ਰਹੇ ਹਨ। ਪ੍ਰਸਿੱਧ ਸਾਹਿਤਕਾਰ ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਕਿਹਾ ਕਿ ਕੌਮੀ ਏਕਤਾ ਦੇ ਨਾਲ ਸਿੱਖ ਲਈ ਸ਼ਬਦ ਗੁਰੂ ਦਾ ਗਿਆਨ ਜ਼ਰੂਰੀ ਹੈ। ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸੁਸਾਇਟੀ

ਬਾਕੀ ਸਫ਼ਾ 32 'ਤੇ

# ਸੱਭਿਆਚਾਰਕ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ : ਗੁਰੂ ਗ੍ਰੰਥ ਸਾਹਿਬ

**ਡਾ. ਜਗਬੀਰ ਸਿੰਘ ਦਿੱਲੀ**



ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ ਦਾ ਪਾਵਨ ਗ੍ਰੰਥ ਹੋਣ ਦੇ ਨਾਲ-ਨਾਲ, ਮੱਧਕਾਲੀਨ ਭਾਰਤ ਦੀ ਮਹੱਤਵਯੋਗ ਸਾਹਿਤਕ ਅਤੇ ਸਭਿਆਚਾਰਕ ਟੈਕਸਟ ਵੀ ਹੈ। ਅੱਜ ਤੋਂ ਚਾਰ ਸੌ ਸਾਲ ਪਹਿਲਾਂ ਗੁਰੂ ਅਰਜਨ ਦੇਵ ਦੁਆਰਾ ਰਚੇ ਗਏ ਇਸ ਮਹਾਂ-ਗ੍ਰੰਥ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਉਂਤਬੱਧ ਢੰਗ ਨਾਲ ਸੰਕਲਿਤ ਅਤੇ ਸੰਪਾਦਿਤ ਰਚਨਾ ਹੈ। ਇਸ ਵਿਚ ਸਿੱਖ ਗੁਰੂਆਂ ਦੀ ਬਾਣੀ ਤੋਂ ਇਲਾਵਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖਿੱਤਿਆਂ, ਖੇਤਰੀ ਸਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸਬੰਧਿਤ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ ਸੰਤ ਬਾਬਾ ਫ਼ਰੀਦ ਜੀ ਦੀ ਬਾਣੀ ਵੀ ਸ਼ਾਮਿਲ ਹੈ, ਜੋ ਇਸ ਨੂੰ ਸਰਬ-ਭਾਰਤੀ ਅਤੇ ਅਦੁੱਤੀ ਮਹੱਤਵ ਪ੍ਰਦਾਨ ਕਰਦੀ ਹੈ। ਸੱਚ ਤਾਂ ਇਹ ਹੈ ਕਿ ਇਸ ਦੀ ਸਿਰਜਣਾ ਤੇ ਸੰਕਲਪਨਾ ਦੇ ਪਿਛੋਕੜ ਵਿਚ ਇਕ ਅਜਿਹੀ ਉਦਾਰ ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ਕਾਰਜਸ਼ੀਲ ਨਜ਼ਰ ਆਉਂਦੀ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸੱਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ ਅਤੇ ਭਿੰਨਤਾਵਾਂ ਦਾ ਆਦਰ ਕਰਨਾ ਸਿਖਾਉਂਦੀ ਹੈ। ਸਿੱਖ ਸੰਸਥਾ ਦੇ ਅੰਤਰਗਤ ਇਸ ਪਾਵਨ ਗ੍ਰੰਥ ਵਿਚ ਸ਼ਾਮਿਲ ਸਮੁੱਚੀ ਬਾਣੀ ਨੂੰ ਗੁਰਬਾਣੀ ਵਜੋਂ ਮਾਨਤਾ ਪ੍ਰਾਪਤ ਹੈ। ਮਹੱਤਵਪੂਰਣ ਗੱਲ ਇਹ ਹੈ ਕਿ 12ਵੀਂ ਸਦੀ ਈਸਵੀ ਤੋਂ ਲੈਕੇ 17ਵੀਂ ਸਦੀ ਈਸਵੀ ਦੇ ਲੰਮੇ ਵਿਸਤਾਰ ਵਿਚ ਫੈਲੀ ਹੋਈ ਇਸ ਸਮੁੱਚੀ ਰਚਨਾ ਵਿਚ ਮਾਨਵੀ ਸਰੋਕਾਰਾਂ ਦੀ ਡੂੰਘੀ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਮਨੁੱਖੀ ਜੀਵਨ, ਜਗਤ ਅਤੇ ਯਥਾਰਥ ਬਾਰੇ ਇਸ ਦਾ ਸਮਾਨ ਦ੍ਰਿਸ਼ਟੀਕੋਣ ਹੀ ਇਸ ਦੀ ਅੰਦਰੂਨੀ ਏਕਤਾ ਅਤੇ ਵਿਚਾਰਧਾਰਈ ਇਕਸੁਰਤਾ ਦਾ ਲਖਾਇਕ ਹੈ ਜਿਸ ਦੇ ਸਾਹਮਣੇ ਇਸ ਦੇ ਸਮੂਹ ਖੇਤਰੀ, ਭਾਸ਼ਾਈ ਅਤੇ ਸਭਿਆਚਾਰਕ ਵਖਰੇਵੇਂ ਮਹੱਤਵਹੀਣ ਹੋ ਨਿੱਬੜਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਜਿੱਤ ਪ੍ਰਵਚਨ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ/ ਸਰੋਤੇ ਨੂੰ ਸੰਬੋਧਿਤ ਹੁੰਦਾ ਹੈ ਅਤੇ ਮਾਨਵੀ ਸਰੋਕਾਰਾਂ ਬਾਰੇ ਨਵੀਂ ਚੇਤਨਾ ਜਗਾਉਂਦਾ ਹੈ। ਜ਼ਾਹਰਾ ਤੌਰ ਤੇ ਭਾਵੇਂ ਇਹ ਰਚਨਾ ਦਾਰਸ਼ਨਿਕ ਚਿੰਤਨ ਨਾਲ ਸਬੰਧਿਤ ਹੈ ਪਰ ਤਾਂ ਵੀ ਇਹ ਦਰਸ਼ਨ-ਸ਼ਾਸਤਰ ਦੀ ਸੂਤਰ ਸ਼ੈਲੀ ਵਿਚ ਵਿਚਾਰਾਂ ਅਤੇ ਸੰਕਲਪਾਂ ਦਾ ਅਮੂਰਤ ਸੰਗਠਨ ਨਹੀਂ ਉਸਾਰਦੀ ਸਗੋਂ ਧਾਰਮਿਕ ਅਨੁਭਵ ਅਤੇ ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਨ ਵੱਲ ਰੁਚਿਤ ਹੰਦੀ ਹੈ। ਰਾਗ ਦਾ ਸਰੋਦੀ ਮਾਹੌਲ, ਕਾਵਿ-ਸਿਰਜਣ ਦੀਆਂ ਪ੍ਰਗਟਾਉ-ਵਿਧੀਆਂ, ਸ਼ੈਲੀਗਤ ਜੁਗਤਾਂ, ਅਤੇ ਛੰਦ-ਪ੍ਰਬੰਧ ਦੀਆਂ ਬੰਦਸ਼ਾਂ ਇਸ ਰਚਨਾ ਨੂੰ ਵਿਲੱਖਣ ਚਰਿੱਤਰ ਪ੍ਰਦਾਨ ਕਰਦੀਆਂ ਹਨ।

ਇਸ ਪਾਵਨ-ਗ੍ਰੰਥ ਦੀ ਦੂਜੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ, ਜਿਨ੍ਹਾਂ ਨੇ ਆਪਣੇ ਜਿੱਤ ਪ੍ਰਵਚਨ ਰਾਹੀਂ ਧਰਮ, ਸਮਾਜ ਅਤੇ ਸੱਭਿਆਚਾਰ ਦੇ ਖੇਤਰ ਵਿਚ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਹੈ। ਸਮਕਾਲੀਨ ਭਾਰਤੀ ਇਤਿਹਾਸਕਾਰਾਂ ਨੇ ਇਸ ਦੀ ਨਿਸ਼ਾਨਦੇਹੀ ਭਗਤੀ ਲਹਿਰ ਦੇ ਰੂਪ ਵਿਚ ਕੀਤੀ ਹੈ। ਸਭਿਆਚਾਰਕ ਨਵ-ਜਾਗ੍ਰਿਤੀ ਦੀ ਇਸ ਲਹਿਰ ਨੇ ਧਰਮ ਦੇ ਰੂਹਾਨੀ ਅਰਥਾਂ ਨੂੰ ਉਜਾਗਰ ਕਰਦਿਆਂ ਸਾਂਝ ਅਤੇ ਸੁਮੇਲ ਉਤੇ ਬਲ ਦੇਣ ਵਾਲੀ ਉਦਾਰ ਮਾਨਵਵਾਦੀ ਭਾਵਨਾ ਦਾ ਪ੍ਰਸਾਰ ਕੀਤਾ। ਇਸ ਤੋਂ ਇਲਾਵਾ ਇਸ ਲਹਿਰ ਨੇ ਤੱਤਕਾਲੀਨ ਸਥਾਪਿਤ ਵਿਵਸਥਾ ਦੇ ਦਮਨਕਾਰੀ ਤੰਤਰ ਅਤੇ ਪ੍ਰਚਲਿਤ ਰੂੜ੍ਹੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ ਸੰਗਠਨਾਂ ਨੂੰ ਵੰਗਾਰਦਿਆਂ ਪੀੜਤ ਲੋਕਾਈ ਦੇ ਮਨ ਵਿਚ ਆਜ਼ਾਦੀ ਦਾ ਸੁਪਨਾ ਜਗਾਇਆ। ਸਮਕਾਲੀ ਮੁਹਾਵਰੇ ਅਨੁਸਾਰ, ਇਸ ਪਾਵਨ ਗ੍ਰੰਥ ਨੂੰ ਹਾਕਮ ਸ਼੍ਰੇਣੀ ਅਤੇ ਸਥਾਪਿਤ ਵਿਵਸਥਾ ਦੇ ਦਮਨਕਾਰੀ ਸ਼ਕਤੀ-ਪ੍ਰਵਚਨ ਨਾਲ ਸੰਵਾਦ ਰਚਾਉਣ ਵਾਲੇ ਮੁਕਤੀ-ਪ੍ਰਵਚਨ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਮਾਨਵ-ਜਾਤੀ ਦੇ ਅਵਚੇਤਨ ਵਿਚ ਵਸਦੀ ਉਸ ਸਦੀਵੀ ਲੋਚਾ ਨੂੰ ਮੂਰਤੀਮਾਨ ਕਰਦਾ ਹੈ ਜੋ ਹਰ ਕਿਸਮ ਦੇ ਜ਼ੁਲਮ, ਤਸ਼ੱਦਦ, ਦਮਨ ਅਤੇ ਸ਼ੋਸ਼ਣ ਖ਼ਿਲਾਫ਼ ਵਿਦਰੋਹ ਬਣ ਕੇ ਉਜਾਗਰ ਹੁੰਦੀ ਹੈ। ਇਕ ਪਾਸੇ ਇਹ ਮਨੁੱਖੀ ਜੀਵਨ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਦਾ ਸਦੀਵੀ ਪ੍ਰੇਰਣਾ-ਸਰੋਤ ਬਣਦਾ ਹੈ ਤਾਂ ਦੂਜੇ ਪਾਸੇ ਇਹ ਸਮਾਜਿਕ ਸੰਸਥਾਵਾਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕ੍ਰਾਂਤੀਕਾਰੀ ਪ੍ਰਵਚਨ ਦਾ ਨਿਰਮਾਣ ਵੀ ਕਰਦਾ ਹੈ। ਗੁਰਬਾਣੀ ਦਾ ਇਹ ਕ੍ਰਾਂਤੀਕਾਰੀ ਪ੍ਰਵਚਨ ਮੱਧਕਾਲੀਨ ਭਾਰਤੀ ਸਮਾਜ-ਸੱਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੈ ਅਤੇ ਮੂਲ-ਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਵੱਲ ਰੁਚਿਤ ਹੁੰਦਾ ਹੈ।

ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਯੋਗਦਾਨ ਵਿਸ਼ੇਸ਼ ਤੌਰ ਉਤੇ ਵਰਣਨਯੋਗ ਹੈ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਆਪਣੀ ਬਾਣੀ ਅਤੇ ਕਲਾਮ ਰਾਹੀਂ ਸੱਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਅਜਿਹਾ ਸੰਦੇਸ਼ ਸੰਚਾਰਿਤ ਕੀਤਾ ਜਿਸ ਨੂੰ ਮਨੁੱਖੀ ਹੋਂਦ ਦੀ ਗੌਰਵਮਈ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਪ੍ਰਸ਼ਨ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸੱਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਜੋ ਸੰਦੇਸ਼ ਸੰਚਾਰਿਤ ਕੀਤਾ ਹੈ, ਉਸ ਦਾ ਸਰੂਪ ਅਤੇ ਸੁਭਾਅ ਕਿਹੋ ਜਿਹਾ ਹੈ? ਅਤੇ ਇਸ ਦੀ ਵਰਤਮਾਨ ਸੰਦਰਭ ਵਿਚ ਕੀ ਸਾਰਥਿਕਤਾ ਅਤੇ ਪ੍ਰਾਸੰਗਿਕਤਾ ਹੈ?

ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਸਿਰਜਣ-ਕਾਲ ਭਾਰਤ ਵਿਚ ਇਸਲਾਮੀ ਸੱਭਿਆਚਾਰ ਦੇ ਪ੍ਰਵੇਸ਼ ਦਾ ਦੌਰ ਹੈ। ਭਾਰਤ ਦੀ ਉੱਤਰ-ਪੱਛਮੀ ਸੀਮਾ ਵਲੋਂ ਹਮਲਾਵਰ ਦੇ ਰੂਪ ਵਿਚ ਪ੍ਰਵੇਸ਼ ਕਰਨ ਵਾਲੇ ਇਸ ਸੱਭਿਆਚਾਰ ਨੇ ਪਹਿਲੋਂ-ਪਹਿਲ ਪੰਜਾਬ ਅਤੇ ਉਸ ਦੇ ਨਾਲ ਲਗਦੇ ਇਲਾਕਿਆਂ ਨੂੰ ਨਿਰੰਤਰ ਹਮਲਿਆਂ ਰਾਹੀਂ ਧਾੜਵੀ ਲੁੱਟ-ਖਸੁੱਟ ਦਾ ਸ਼ਿਕਾਰ ਬਣਾਇਆ। ਇਥੇ ਖ਼ਾਸ ਤੌਰ ਉਤੇ ਮਹਿਮੂਦ ਗ਼ਜ਼ਨਵੀ ਅਤੇ ਮੁਹੰਮਦ ਗੌਰੀ ਵਰਗੇ ਹਮਲਾਵਰਾਂ ਦੀਆਂ ਮੁਹਿੰਮਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਉਪਰੋ-ਥਲੀ ਹਮਲਿਆਂ ਨੇ ਆਪਸ ਵਿਚ ਪਾਟੋ-ਧਾੜ ਹੋਏ ਰਾਜਪੂਤ ਸ਼ਾਸਕਾਂ ਦੀ ਸੈਨਿਕ ਸ਼ਕਤੀ ਨੂੰ ਨਸ਼ਟ ਕਰਕੇ ਭਾਰਤ ਵਿਚ ਇਸਲਾਮੀ ਹਕੂਮਤ ਦਾ ਰਾਹ ਪੱਧਰਾ ਕਰ ਦਿੱਤਾ। ਆਖ਼ਿਰਕਾਰ ਇਕ ਹਜ਼ਾਰ ਈਸਵੀ ਦੇ ਲਾਗੇ ਚਾਗੇ ਇਨ੍ਹਾਂ ਹਮਲਾਵਰਾਂ ਨੇ ਭਾਰਤ ਵਿਚ ਆਪਣੀ ਸਲਤਨਤ ਕਾਇਮ ਕਰ ਲਈ। ਪਹਿਲੋਂ ਪੰਜਾਬ ਵਿਚ ਅਤੇ ਫੇਰ ਦਿੱਲੀ ਅਤੇ ਉਸ ਤੋਂ ਪਾਰਲੇ ਇਲਾਕਿਆਂ ਨੂੰ ਇਸ ਸਲਤਨਤ ਵਿਚ ਸ਼ਾਮਿਲ ਕਰ ਲਿਆ ਗਿਆ। ਸੰਨ 1526 ਈਸਵੀ ਵਿਚ ਬਾਬਰ ਦੇ ਹਮਲੇ ਤੋਂ ਬਾਅਦ ਇਥੇ ਚਿਰ-ਸਥਾਈ ਮੁਗ਼ਲ ਹਕੂਮਤ ਕਾਇਮ ਹੋ ਗਈ ਜਿਸ ਦਾ ਦੌਰ ਉਨੀਂਵੀ ਸਦੀ ਦੇ ਅੱਧ ਤਕ ਜਾਰੀ ਰਹਿੰਦਾ ਹੈ।

ਮੁਸਲਿਮ ਸ਼ਾਸਨ ਦੌਰਾਨ ਇਸ ਦੇ ਕਈ ਹਾਕਮਾਂ ਦੀ ਕੱਟੜ ਮਜ਼ਬੀ ਨੀਤੀ ਕਾਰਨ ਗ਼ੈਰ-ਮੁਸਲਿਮ ਪਰਜਾ ਨੂੰ ਅਨੇਕਾਂ ਵਾਰੀ ਆਪਣੇ ਪੂਜਾ-ਸਥਾਨਾਂ ਦੀ ਬੇਹੁਰਮਤੀ, ਜਬਰੀ ਧਰਮ-ਪਰਿਵਰਤਨ ਅਤੇ ਜਜ਼ੀਏ ਵਰਗੀਆਂ ਅਪਮਾਨਜਨਕ ਕਾਰਵਾਈਆਂ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਮੁਸਲਿਮ ਸ਼ਾਸਕਾਂ ਅਤੇ ਗ਼ੈਰ-ਮੁਸਲਿਮ ਪਰਜਾ ਵਿਚਕਾਰ ਬੇ-ਭਰੋਸਗੀ ਅਤੇ ਵੱਖਰੇਵਾਂ ਦੀ ਭਾਵਨਾ ਫੈਲਦੀ ਗਈ। ਇਸੇ ਦੌਰਾਨ ਹੀ ਭਾਰਤ ਵਿਚ ਮੁਸਲਿਮ



ਸੂਫ਼ੀ ਫ਼ਕੀਰਾਂ ਦਾ ਆਗਮਨ ਵੀ ਹੋਇਆ ਜਿਨ੍ਹਾਂ ਨੇ ਕੁਰਾਨਿਕ ਦੇ ਅੰਦਰੂਨੀ/ਅਧਿਆਤਮਕ (ਬਾਤਨ) ਅਰਥਾਂ ਦੀ ਤਲਾਸ਼ ਰਾਹੀਂ ਇਸਲਾਮ ਦੀ ਰਹੱਸਵਾਦੀ ਵਿਆਖਿਆ ਦਾ ਮੁੱਢ ਬੰਨ੍ਹਿਆ ਅਤੇ ਬੰਦੇ ਅਤੇ ਖ਼ੁਦਾ ਦੀ ਰੂਹਾਨੀ ਏਕਤਾ ਅਤੇ ਅਭੇਦਤਾ (ਤਸੱਵੁਫ਼) ਉੱਪਰ ਬਲ ਦਿੱਤਾ। ਸੂਫ਼ੀਆਂ ਦੀ ਜੀਵਨ-ਵਿਧੀ ਅਤੇ ਵਿਚਾਰਧਾਰਾ ਸ਼ਰ੍ਹਈ ਇਸਲਾਮ ਦੀ ਕੱਟੜਤਾ ਦੇ ਵਿਰੋਧ ਵਿਚ ਉਦਾਰ-ਮਾਨਵਵਾਦੀ ਭਾਵਨਾ ਦੀ ਲਖਾਇਕ ਸੀ।

ਇਸੇ ਹੀ ਸਮੇਂ ਭਾਰਤ ਵਿਚ ਸੱਭਿਆਚਾਰਕ ਨਵ-ਜਾਗ੍ਰਿਤੀ ਦੀ ਇਕ ਸ਼ਕਤੀਸ਼ਾਲੀ ਲਹਿਰ ਦਾ ਉਭਾਰ ਸਾਮ੍ਹਣੇ ਆਉਂਦਾ ਹੈ ਜਿਸ ਨੂੰ ਇਤਿਹਾਸਕਾਰਾਂ ਨੇ ਭਗਤੀ-ਲਹਿਰ ਦਾ ਨਾਮ ਦਿੱਤਾ ਹੈ। ਇਸ ਲਹਿਰ ਨੂੰ ਮੱਧਕਾਲੀਨ ਭਾਰਤ ਦੀ ਸਭ ਤੋਂ ਮਹੱਤਵਪੂਰਣ ਘਟਨਾ ਮੰਨਿਆ ਜਾ ਸਕਦਾ ਹੈ। ਇਸ ਲਹਿਰ ਨੇ ਹਿੰਦੂ ਧਾਰਮਿਕ ਵਿਰਸੇ ਦੀ ਪੁਨਰ-ਵਿਆਖਿਆ ਕਰਦਿਆਂ ਜਾਤੀ-ਪ੍ਰਥਾ, ਕਰਮਕਾਂਡ ਅਤੇ ਆਡੰਬਰ-ਯੁਕਤ ਸਾਧਨਾ ਨੂੰ ਰੱਦ ਕਰਕੇ ਪ੍ਰੇਮਾ-ਭਗਤੀ ਦਾ ਰੂਹਾਨੀ ਮਾਰਗ ਸੁਝਾਇਆ ਜਿਸ ਨੂੰ ਹਰ ਕੋਈ ਆਪਣਾ ਸਕਦਾ ਸੀ। ਇਸ ਤੋਂ ਇਲਾਵਾ ਭਗਤੀ ਲਹਿਰ ਦੇ ਸੰਤਾਂ ਅਤੇ ਭਗਤਾਂ ਨੇ ਦਮਨ ਦੀ ਸ਼ਿਕਾਰ ਲੋਕਾਈ ਦੇ ਹਾਰੇ ਹੋਏ ਮਨੋਬਲ ਨੂੰ ਉੱਚਾ ਕਰਨ ਵਿਚ ਵੀ ਸਹਾਇਤਾ ਕੀਤੀ। ਸਿੱਖ-ਲਹਿਰ ਨੂੰ ਇਸ ਮੱਧਕਾਲੀਨ ਭਗਤੀ ਲਹਿਰ ਦਾ ਸਿਖ਼ਰ ਮੰਨਿਆ ਜਾ ਸਕਦਾ ਹੈ ਜਿਸ ਨੇ ਗੁਰੂ ਗ੍ਰੰਥ ਸਾਹਿਬ ਬਾਣੀ ਦੇ ਰੂਪ ਵਿਚ ਇਸ ਨੂੰ ਕ੍ਰਾਂਤੀਕਾਰੀ ਚੇਤਨਾ ਦਾ ਸਦੀਵੀ ਪ੍ਰੇਰਣਾ-ਸਰੋਤ ਬਣਾ ਦਿੱਤਾ।

ਇਉਂ ਭਾਰਤੀ ਇਤਿਹਾਸ ਦਾ ਇਹ ਦੌਰ ਹਿੰਦੂ ਅਤੇ ਮੁਸਲਿਮ ਸਭਿਆਚਾਰਾਂ ਦੀ ਨਵ-ਜਾਗ੍ਰਿਤੀ ਦਾ ਦੌਰ ਹੈ ਜਿਸ ਦੇ ਅਲੰਬਰਦਾਰ ਸੂਫ਼ੀ, ਸੰਤ, ਭਗਤ ਅਤੇ ਗੁਰੂ-ਵਿਅਕਤੀ ਹਨ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਸਦਭਾਵਨਾ, ਸੁਹਿਰਦਤਾ ਅਤੇ ਸੰਵਾਦ ਦਾ ਅਜਿਹਾ ਵਾਤਾਵਰਣ ਤਿਆਰ ਕਰ ਦਿੱਤਾ ਜੋ ਵਿਭਿੰਨ ਸਭਿਆਚਾਰਾਂ ਨੂੰ ਸਮਨਵੈ ਅਤੇ ਸੁਮੇਲ ਦਾ ਸੰਦੇਸ਼ ਦਿੰਦਾ ਸੀ। ਇਸ ਰੂਹਾਨੀ ਨਵ-ਜਾਗ੍ਰਿਤੀ ਨੂੰ ਸਮਾਜ ਅਤੇ ਸਭਿਆਚਾਰ ਦੇ ਧਰਾਤਲ ਉੱਤੇ ਵਾਪਰੀ ਕ੍ਰਾਂਤੀਕਾਰੀ ਘਟਨਾ ਤਸੱਵਰ ਕੀਤਾ ਜਾ ਸਕਦਾ ਹੈ ਕਿਉਂ ਜੋ ਇਸ ਨੇ ਵਿਰਸੇ ਦੇ ਹਕੀਕੀ ਗੌਰਵ ਨੂੰ ਜਗਾ ਕੇ ਅਨੁਭਵ ਅਤੇ ਬੋਧ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਜੀਵਨ-ਵਿਧੀ ਦੀ ਨੁਹਾਰ ਨੂੰ ਵੀ ਤਬਦੀਲ ਕਰਨ ਦਾ ਉਪਰਾਲਾ ਕੀਤਾ। ਗੁਰੂ ਗ੍ਰੰਥ ਸਾਹਿਬ ਬਾਣੀ ਦਾ ਪ੍ਰਵਚਨ ਇਸੇ ਕਿਸਮ ਦੀ ਸਭਿਆਚਾਰਕ ਕ੍ਰਾਂਤੀ ਦੀ ਦਸਤਾਵੇਜ਼ ਹੈ। ਇਹ ਬਾਣੀ ਭਿੰਨ-ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਉ ਨੂੰ ਛੱਡ ਕੇ ਸਦਭਾਵਨਾ, ਸੁਹਿਰਦਤਾ, ਸਹਿਯੋਗ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਪ੍ਰਵਚਨ ਵਿਭਿੰਨ ਸਭਿਆਚਾਰਕ ਪਰੰਪਰਾਵਾਂ ਵਿਚਕਾਰ ਸ਼ਾਂਤਮਈ ਸਹਿ-ਹੋਂਦ ਨੂੰ ਪ੍ਰਵਾਨਗੀ ਦਿੰਦਾ ਹੋਇਆ ਮੱਧਕਾਲੀਨ ਭਾਰਤ ਵਿਚ ਉਸਰ ਰਹੇ ਸੰਜੁਗਤ ਸਭਿਆਚਾਰ ਦੀ ਸੰਭਾਵਨਾ ਨੂੰ ਵੀ ਸਾਕਾਰ ਕਰਦਾ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਬਾਣੀ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥ 1
॥ ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥ 1
॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥ 2 ॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥ 3 ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ 4 ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁਜਾਤਾ ॥ 5 ॥ 9 ॥
(ਗੁਰੂ ਗ੍ਰੰਥ ਸਾਹਿਬ, ਪੰਨਾ - 885)

ਗੁਰੂ ਗ੍ਰੰਥ ਸਾਹਿਬ ਦੇ ਪ੍ਰਵਚਨ ਵਿਚ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ਼-ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪ੍ਰਸਤੁਤ ਕਰਕੇ ਇਨ੍ਹਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਬਾਣੀ ਵਿਚ ਪੇਸ਼ ਹੋਈ ਸਭਿਆਚਾਰਕ ਕ੍ਰਾਂਤੀ ਦਾ ਮਹੱਤਵਪੂਰਣ ਪਹਿਲੂ ਸਮਾਜ ਦੇ ਦੱਬੇ-ਕੁਚਲੇ ਅਤੇ ਨਿਤਾਣੇ ਵਰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹੈ। ਇਸ ਪ੍ਰਵਚਨ ਵਿਚ ਵਿਸ਼ੇਸ਼ ਤੌਰ ਤੇ ਹਾਕਮ ਸ਼੍ਰੇਣੀ ਦੀ ਲੁੱਟ-ਖਸੁੱਟ ਦੇ ਸ਼ਿਕਾਰ ਮਿਹਨਤਕਸ਼ ਕਿਸਾਨਾਂ ਅਤੇ ਕਿਰਤੀਆਂ ਅਤੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਹੱਥੋਂ ਸਤਾਏ ਹੋਏ ਦਲਿਤ ਵਰਗਾਂ ਦਾ ਪੱਖ ਪੂਰਿਆ ਗਿਆ ਹੈ। ਇਸੇ ਕਿਸਮ ਦੀ ਭਾਵਨਾ ਦਾ ਸਮੂਰਤ ਪ੍ਰਗਟਾਵਾ ਗੁਰੂ ਨਾਨਕ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥ (ਗੁਰੂ ਗ੍ਰੰਥ ਸਾਹਿਬ, ਪੰਨਾ - 15)

ਇਸੇ ਤਰ੍ਹਾਂ ਹੀ ਭਗਤ ਕਬੀਰ ਜੀ ਨੇ ਵੀ ਜਾਤੀ-ਪ੍ਰਥਾ ਦੇ ਇਸ ਮਸਨੂਈ ਕਿਰਦਾਰ ਨੂੰ ਉਘਾੜਨ ਦਾ ਜਤਨ ਆਪਣੀ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਕੀਤਾ ਹੈ :

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥ 1 ॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥ 2 ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥ 3 ॥ (ਗੁਰੂ ਗ੍ਰੰਥ ਸਾਹਿਬ, ਪੰਨਾ - 324)

ਭਗਤ ਕਬੀਰ ਜੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਜਾਤੀ-ਪ੍ਰਥਾ ਦੇ ਵਿਵੇਕ ਨੂੰ ਲੋਕ-ਸੂਝ ਦੇ ਆਧਾਰ ਤੇ ਰੱਦ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਕਬੀਰ ਜੀ ਨੇ ਇਥੇ ਮਨੁੱਖੀ ਸਮਾਜ ਨੂੰ ਕੁਲ ਅਤੇ ਜਾਤੀ ਦੇ ਆਧਾਰਾਂ ਅਨੁਸਾਰ ਵੰਡਣ ਵਾਲੀ ਮਿੱਥ ਨੂੰ ਤੋੜਿਆ ਹੈ। ਉਨ੍ਹਾਂ ਦਾ ਵਿਵੇਕ ਇਸ ਤੱਥ ਵਲ ਸੰਕੇਤ ਕਰ ਰਿਹਾ ਹੈ ਕਿ ਬ੍ਰਾਹਮਣ (ਕੁਲੀਨ) ਅਤੇ ਸੂਦ (ਦਲਿਤ) ਦੋਵੇਂ ਹੀ ਸੰਸਾਰ ਦੇ ਸਮੂਹ ਪ੍ਰਾਣੀਆਂ ਵਾਂਗ ਬ੍ਰਹਮ ਬਿੰਦੂ ਦੀ ਉਪਜ ਹਨ। ਇਨ੍ਹਾਂ ਵਿਚਕਾਰ ਸਿਰਜੀ ਗਈ ਵਿੱਥ ਮਸਨੂਈ ਹੈ। ਇਸੇ ਤਰ੍ਹਾਂ ਹੀ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਵੀ ਜਾਤੀ-ਪ੍ਰਥਾ ਦਾ ਖੰਡਨ ਕੀਤਾ ਗਿਆ ਹੈ। ਭਗਤ ਜੀ ਖ਼ੁਦ ਦਲਿਤ ਜਾਤੀ ਨਾਲ ਸਬੰਧਿਤ ਹੋਣ ਕਾਰਣ ਆਪਣੇ ਨਿੱਜੀ ਅਨੁਭਵ ਨੂੰ ਵਿਅੰਗ ਅਤੇ ਕਟਾਖ਼ਸ਼ ਨਾਲ ਮੂਰਤੀਮਾਨ ਕਰਦੇ ਹਨ। ਉਹ ਆਪਣੇ ਨਾਲ ਹੁੰਦੀ ਬਦਸਲੂਕੀ ਦਾ ਹਾਲ ਆਪਣੇ ਪ੍ਰਭੂ (ਬਾਪ ਬੀਠਲਾ) ਸਾਹਮਣੇ ਇਨ੍ਹਾਂ ਪੰਗਤੀਆਂ ਰਾਹੀਂ ਪੇਸ਼ ਕਰਦੇ ਹਨ :

ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ ॥ 1 ॥
ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ
ਤੇਰੀ ਪੈਜ ਪਿਛੰਉਡੀ ਹੋਇਲਾ ॥ 2 ॥ (ਗੁਰੂ ਗ੍ਰੰਥ ਸਾਹਿਬ, ਪੰਨਾ - 1292)।

ਮਹੱਤਵਪੂਰਣ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਬਾਣੀ ਵਿਚਲੀ ਕ੍ਰਾਂਤੀਕਾਰੀ ਚੇਤਨਾ ਸਿਰਫ਼ ਸਾਮਾਜਿਕ ਅਤੇ ਸਭਿਆਚਾਰਕ ਖੇਤਰ ਤਕ ਸੀਮਿਤ ਨਹੀਂ ਸਗੋਂ ਇਥੇ ਹਾਕਮ-ਸ਼੍ਰੇਣੀ ਦੇ ਲੋਟੂ ਕਿਰਦਾਰ ਦੀ ਵੀ ਤਿੱਖੀ ਆਲੋਚਨਾ ਕਤੀ ਗਈ ਹੈ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
(ਗੁਰੂ ਗ੍ਰੰਥ ਸਾਹਿਬ, ਪੰਨਾ - 1288)।
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ (ਗੁਰੂ ਗ੍ਰੰਥ ਸਾਹਿਬ, ਪੰਨਾ - 145)।

ਇਉਂ ਗੁਰੂ ਗ੍ਰੰਥ ਸਾਹਿਬ ਬਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਨੂੰ ਵੰਗਾਰਨ ਵਲ ਰੁਚਿਤ ਹੁੰਦਾ ਹੈ ਅਤੇ ਆਰਥਿਕ ਦ੍ਰਿਸ਼ਟੀ ਤੋਂ ਦੱਬੇ-ਕੁਚਲੇ ਲੋਕਾਂ ਅਤੇ ਸਾਮਾਜਿਕ ਅਨਿਆਂ ਭੋਗਦੇ ਦਲਿਤ ਵਰਗਾਂ ਦੀ ਖ਼ਾਮੋਸ਼ੀ ਨੂੰ ਜ਼ੁਬਾਨ ਦਿੰਦਾ ਹੈ। ਇਹ ਮੁਗ਼ਲ ਸਾਮੰਤਵਾਦ ਅਤੇ ਜਾਗੀਰਦਾਰੀ ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸਨ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਪੈਦਾ ਕਰਦਾ ਹੈ। ਇਹ ਕਿਸੇ ਵੀ ਸੰਸਾਰਕ ਪਾਤਸ਼ਾਹ ਦੀ ਥੋੜ੍ਹ-ਚਿਰੀ ਹਕੂਮਤ ਦੇ ਮੁਕਾਬਲੇ ਉੱਤੇ ਸੱਚੇ ਪਾਤਸ਼ਾਹ (ਪ੍ਰਭੂ) ਦੀ ਸਦੀਵੀ ਸਲਤਨਤ ਦਾ ਮਿਥਕ ਬਿੰਬ ਉਸਾਰਨ ਦੀ ਚੇਸ਼ਟਾ ਕਰਦਾ ਹੈ। ਇਸ ਮੰਤਵ ਲਈ ਨਿਮਨ-ਅੰਕਿਤ ਪੰਗਤੀਆਂ ਧਿਆਨਯੋਗ ਹਨ :

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥
(ਗੁਰੂ ਗ੍ਰੰਥ ਸਾਹਿਬ, ਪੰਨਾ - 141)।

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਇਸ ਸੱਭਿਆਚਾਰਕ ਕ੍ਰਾਂਤੀ ਦੇ ਸੰਕਲਪ ਦੀ ਚੇਤਨਾ ਵਿਚ ਆਖਿਆ ਜਾ ਸਕਦਾ ਹੈ ਕਿ ਇਸ ਬਾਣੀ ਦਾ ਪ੍ਰਵਚਨ-ਵਿਧਾਨ ਵੇਲੇ ਦੇ ਮਨੁੱਖ ਨੂੰ ਆਪਣੀ ਮਾਨਵੀ ਹੋਂਦ ਦਾ ਹਕੀਕੀ ਗੌਰਵ ਪਛਾਣਣ ਦਾ ਸੰਦੇਸ਼ ਦਿੰਦਾ ਹੈ। ਇਹ ਹਾਕਮ-ਸ਼੍ਰੇਣੀ ਦੇ ਅੱਤਿਆਚਾਰ ਅਤੇ ਅਨਿਆਂ ਦਾ

ਬਾਕੀ ਸਫ਼ਾ 32 'ਤੇ

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਪੰਜਾਬ ਦੇ ਤਿੰਨ ਸੰਸਦ ਮੈਂਬਰਾਂ ਨੇ ਰਿਕਾਰਡ ਗਰਾਂਟਾਂ ਵੰਡ ਕੇ ਵਾਹ-ਵਾਹ ਖੱਟੀ

**ਬਠਿੰਡਾ/ਬਿਊਰੋ ਨਿਊਜ਼ :** ਪਟਿਆਲਾ ਤੋਂ 'ਆਪ' ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਅੰਮ੍ਰਿਤਸਰ ਤੋਂ ਕਾਂਗਰਸੀ ਐਮਪੀ ਗੁਰਜੀਤ ਸਿੰਘ ਔਜਲਾ ਅਤੇ ਫ਼ਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਐਮਪੀ ਸ਼ੇਰ ਸਿੰਘ ਘੁਬਾਇਆ ਨੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਆਪਣੇ ਕੋਟੇ ਦੇ ਸਾਰੇ ਫ਼ੰਡ ਵੰਡ ਦਿੱਤੇ ਹਨ। ਭਾਰਤ ਦੇ 35 ਸੰਸਦ ਮੈਂਬਰਾਂ ਦੀ ਸ਼ਨਾਖ਼ਤ ਹੋਈ ਹੈ, ਜਿਨ੍ਹਾਂ ਨੇ ਆਪਣੇ ਸੰਸਦੀ ਕੋਟੇ ਦੇ ਸਾਰੇ ਫ਼ੰਡ ਵੰਡ ਦਿੱਤੇ ਹਨ। ਇਨ੍ਹਾਂ 'ਚ ਪੰਜਾਬ ਦੇ ਉਕਤ ਤਿੰਨ ਸੰਸਦ ਮੈਂਬਰ ਵੀ ਸ਼ਾਮਲ ਹਨ। ਸਭਨਾਂ ਸਿਆਸੀ ਧਿਰਾਂ ਦਾ ਇੱਕ-ਇੱਕ ਸੰਸਦ ਮੈਂਬਰ ਇਸ ਮਾਮਲੇ ਵਿਚ ਮੋਹਰੀ ਬਣਿਆ ਹੈ। ਵੇਰਵਿਆਂ ਅਨੁਸਾਰ ਹਰ ਸੰਸਦ ਮੈਂਬਰ ਨੂੰ ਪ੍ਰਤੀ ਸਾਲ ਪੰਜ ਕਰੋੜ ਦੇ ਫ਼ੰਡ ਦੋ ਕਿਸ਼ਤਾਂ ਵਿੱਚ ਮਿਲਦੇ ਹਨ। ਪੰਜ ਵਰ੍ਹਿਆਂ ਵਿਚ ਹਰ ਐਮਪੀ ਨੂੰ 25 ਕਰੋੜ ਦੇ ਫ਼ੰਡ ਰਿਲੀਜ਼ ਹੁੰਦੇ ਹਨ। ਪੰਜਾਬ ਦੇ ਤਿੰਨੋਂ ਸੰਸਦ ਮੈਂਬਰਾਂ ਨੇ ਕੁੱਲ 75 ਕਰੋੜ ਦੇ ਸੰਸਦੀ ਕੋਟੇ ਦੇ ਫ਼ੰਡ ਆਪੋ ਆਪਣੇ ਹਲਕੇ ਵਿੱਚ ਵੰਡ ਦਿੱਤੇ ਹਨ। ਇਨ੍ਹਾਂ ਸੰਸਦ ਮੈਂਬਰਾਂ ਕੋਲ ਹੁਣ ਕੋਈ ਬਕਾਇਆ ਫ਼ੰਡ ਨਹੀਂ ਹੈ। ਡਾ. ਧਰਮਵੀਰ ਗਾਂਧੀ ਆਖਦੇ ਹਨ ਕਿ ਉਨ੍ਹਾਂ ਨੇ ਫ਼ੰਡ ਵਰਤਣ ਵਿੱਚ ਕਦੇ ਢਿੱਲ ਨਹੀਂ ਵਰਤੀ ਅਤੇ ਕੁਝ ਹਫ਼ਤੇ ਪਹਿਲਾਂ ਉਨ੍ਹਾਂ ਦਾ ਖਾਤਾ ਨਿੱਲ ਹੋ ਗਿਆ ਸੀ। ਉਨ੍ਹਾਂ ਨੇ ਵੰਡੇ ਫ਼ੰਡਾਂ ਦਾ ਜਨਤਕ ਤੌਰ 'ਤੇ ਖ਼ੁਲਾਸਾ ਵੀ ਕਰ ਦਿੱਤਾ ਹੈ। ਇਵੇਂ ਐਮਪੀ ਸ਼ੇਰ ਸਿੰਘ ਘੁਬਾਇਆ ਅਤੇ ਗੁਰਜੀਤ ਸਿੰਘ ਔਜਲਾ ਦੇ ਖਾਤੇ ਨਿੱਲ ਹੋ ਗਏ ਹਨ।

ਸਰਕਾਰੀ ਤੱਥਾਂ ਅਨੁਸਾਰ ਬਹੁਤੇ ਜ਼ਿਲ੍ਹਾ ਅਫ਼ਸਰਾਂ ਤਰਫ਼ੋਂ ਸਮੇਂ ਸਿਰ ਐਮਪੀ ਫ਼ੰਡਾਂ ਦੇ ਵਰਤੋਂ ਸਰਟੀਫਿਕੇਟ ਨਹੀਂ ਭੇਜੇ ਜਾਂਦੇ ਹਨ, ਜਿਸ ਕਰਕੇ ਐਮਪੀ ਨੂੰ ਮਿਲਣ ਵਾਲੀ ਫ਼ੰਡਾਂ ਦੀ ਅਗਲੀ ਕਿਸ਼ਤ ਪੱਛੜ ਜਾਂਦੀ ਹੈ। ਸੰਗਰੂਰ ਤੋਂ ਐਮਪੀ ਭਗਵੰਤ ਮਾਨ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਵੰਡੇ ਫ਼ੰਡਾਂ ਦੀ ਵਰਤੋਂ ਲਈ ਕਾਫ਼ੀ ਮਸ਼ੱਕਤ ਕਰਨੀ ਪੈਂਦੀ ਹੈ, ਕਿਉਂਕਿ ਸਰਕਾਰੀ ਢਿੱਲ ਮੱਠ ਕਰਕੇ ਫ਼ੰਡ ਸਮੇਂ ਸਿਰ ਵਰਤੇ ਨਹੀਂ ਜਾਂਦੇ ਹਨ। ਉਨ੍ਹਾਂ ਨੇ ਖ਼ੁਦ ਆਪਣੀ ਤਰਫ਼ੋਂ ਤੇਜ਼ ਰਫ਼ਤਾਰ ਨਾਲ ਫ਼ੰਡ ਵੰਡੇ ਹਨ ਪਰ ਵਰਤੋਂ ਸਰਟੀਫਿਕੇਟ ਸਮੇਂ ਸਿਰ ਜਾਰੀ ਨਾ ਕਰਕੇ ਕਈ ਜ਼ਿਲ੍ਹਿਆਂ ਵਿਚ ਕੰਮ ਪੱਛੜ ਜਾਂਦਾ ਹੈ।

ਉਂਝ ਭਗਵੰਤ ਮਾਨ ਨੇ ਵੀ ਸਿੱਖਿਆ ਅਤੇ ਸਿਹਤ ਕਾਰਜਾਂ ਲਈ ਮੋਹਰੀ ਹੋ ਕੇ ਫ਼ੰਡਾਂ ਦੀ ਵੰਡ ਕੀਤੀ ਹੈ। ਉਨ੍ਹਾਂ ਨੇ ਹੁਣ ਸਰਬਸੰਮਤੀ ਕਰਨ ਵਾਲੀਆਂ ਪੰਚਾਇਤਾਂ ਨੂੰ ਪੰਜ ਲੱਖ ਦੇ ਫ਼ੰਡ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਨੇ ਵੀ ਮੰਨਿਆ ਹੈ ਕਿ ਵਰਤੋਂ ਸਰਟੀਫਿਕੇਟਾਂ ਵਿੱਚ ਦੇਰੀ ਹੋ ਰਹੀ ਹੈ ਅਤੇ ਮਾਮਲਾ ਐਮ.ਪੀਲੈਡ ਦੀਆਂ ਮੀਟਿੰਗਾਂ ਵਿੱਚ ਉਠਾਇਆ ਜਾਂਦਾ ਹੈ।

ਕੇਂਦਰ ਸਰਕਾਰ ਤਰਫ਼ੋਂ ਇਹ ਮਾਮਲਾ ਵੀ ਵਿਚਾਰ ਅਧੀਨ ਹੈ ਕਿ ਹਰ ਐਮਪੀ ਨੂੰ ਪ੍ਰਤੀ ਸਾਲ ਇੱਕੋ ਕਿਸ਼ਤ ਵਿੱਚ ਪੰਜ ਕਰੋੜ ਦਾ ਫ਼ੰਡ ਜਾਰੀ ਕਰ ਦਿੱਤਾ ਜਾਵੇ। ਇਹ ਮਾਮਲਾ ਵਿੱਤ ਮੰਤਰਾਲੇ ਨਾਲ ਵਿਚਾਰਿਆ ਜਾ ਰਿਹਾ ਹੈ। ਸਰਕਾਰ ਬਦਲਣ ਮਗਰੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਸੰਸਦੀ ਕੋਟੇ ਦੇ ਫ਼ੰਡ ਵੰਡਣ ਦੀ ਰਫ਼ਤਾਰ ਮੱਧਮ ਹੋਈ ਹੈ। ਗੱਠਜੋੜ ਸਰਕਾਰ ਵੇਲੇ ਉਹ ਸੰਗਤ ਦਰਸ਼ਨ ਕਰਕੇ ਫ਼ੰਡਾਂ ਦੀ ਵੰਡ ਕਰਦੇ ਰਹਿੰਦੇ ਸਨ। ਹੁਣ ਉਨ੍ਹਾਂ ਦੀ ਫ਼ੰਡ ਵੰਡਣ ਦੀ ਚਾਲ ਮੱਠੀ ਹੋ ਗਈ ਹੈ।

# ਸਾਬਕਾ ਜੱਜ ਜ਼ੋਰਾ ਸਿੰਘ ਹੋਇਆ ਆਮ ਆਦਮੀ ਪਾਰਟੀ ਵਿਚ ਸ਼ਾਮਿਲ

- **ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਚੋਣ ਲੜਨ ਦੀ ਸੰਭਾਵਨਾ**
- **ਖਹਿਰੇ ਨਾਲ ਰਲੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਵੀ ਵਾਪਿਸ ਮੁੜੇ**

**ਨਵੀਂ ਦਿੱਲੀ/ਬਿਊਰੋ ਨਿਊਜ਼ :** ਬਹੁ-ਚਰਚਿਤ ਸਾਬਕਾ ਜੱਜ ਜ਼ੋਰਾ ਸਿੰਘ ਨੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਉਨ੍ਹਾਂ ਦੀ ਫਤਿਹਗੜ੍ਹ ਸਾਹਿਬ ਹਲਕੇ ਤੋਂ ਲੋਕ ਸਭਾ ਚੋਣ ਲੜਨ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨ ਲਈ ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾਇਆ ਗਿਆ ਸੀ। ਜਸਟਿਸ (ਸੇਵਾਮੁਕਤ) ਜ਼ੋਰਾ ਸਿੰਘ ਉਸ ਜਾਂਚ ਕਮਿਸ਼ਨ ਦੇ ਇਕਲੌਤੇ ਮੈਂਬਰ ਤੇ ਮੁਖੀ ਸਨ। ਉਨ੍ਹਾਂ ਦਾ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਜਾਣਾ ਅਣਕਿਆਸਿਆ ਫੈਸਲਾ ਹੈ। ਉਧਰ ਬਾਗੀ ਧੜੇ ਨਾਲ ਰਲੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਵੀ ਮੁੜ 'ਆਪ' ਨਾਲ ਤੁਰ ਪਏ ਹਨ।

ਦਿੱਲੀ 'ਚ 'ਆਪ' ਦੇ ਮੁੱਖ ਦਫ਼ਤਰ ਵਿਖੇ ਜਸਟਿਸ ਜ਼ੋਰਾ ਸਿੰਘ ਨੂੰ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਪਾਰਟੀ ਵਿਚ ਸ਼ਾਮਲ ਕੀਤਾ। ਸ੍ਰੀ ਜ਼ੋਰਾ ਸਿੰਘ ਨੇ ਕਿਹਾ ਕਿ 35 ਸਾਲ ਦੀਆਂ ਸੇਵਾਵਾਂ ਮਗਰੋਂ ਉਨ੍ਹਾਂ ਸਮਾਜ ਸੇਵਾ ਵੱਲ ਆਉਣ ਦਾ ਫੈਸਲਾ ਲਿਆ। 'ਆਪ' ਵਿਚ ਸ਼ਾਮਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਦਿੱਲੀ 'ਚ ਅਰਵਿੰਦ ਕੇਜਰੀਵਾਲ ਸਰਕਾਰ ਨੇ ਸਿੱਖਿਆ, ਸਿਹਤ ਅਤੇ ਹੋਰ ਖੇਤਰਾਂ 'ਚ ਚੰਗੇ ਕੰਮ ਕੀਤੇ ਹਨ। ਬੇਅਦਬੀ ਕਾਂਡ ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਰਿਪੋਰਟ ਤਤਕਾਲੀ ਬਾਦਲ ਸਰਕਾਰ ਨੂੰ ਦੇ ਦਿੱਤੀ ਸੀ ਜਿਸ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਉਸ ਨੂੰ ਜਨਤਕ ਕਰਨ ਦੀ ਕੋਸ਼ਿਸ਼ ਕੀਤੀ ਗਈ।

ਭਗਵੰਤ ਮਾਨ ਨੇ ਕਿਹਾ ਕਿ ਜੇਕਰ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਗਈ ਹੁੰਦੀ ਤਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੁਮੇਧ ਸਿੰਘ ਸੈਣੀ ਅਤੇ



ਹੋਰ ਲੋਕ ਜੇਲ੍ਹਾਂ ਵਿਚ ਬੰਦ ਹੁੰਦੇ। ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ 28 ਜਨਵਰੀ ਨੂੰ ਬਰਨਾਲਾ, 29 ਜਨਵਰੀ ਨੂੰ ਗੜ੍ਹਸ਼ੰਕਰ ਅਤੇ 2 ਫਰਵਰੀ ਨੂੰ ਅੰਮ੍ਰਿਤਸਰ ਵਿਖੇ ਰੈਲੀਆਂ ਕਰਨਗੇ। ਗੜ੍ਹਸ਼ੰਕਰ ਤੋਂ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਲੋਕਾਂ ਲਈ ਉਮੀਦ ਦੀ ਕਿਰਨ ਬਣੇ ਹਨ ਅਤੇ ਹੁਣ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੂੰ ਹੋਰ ਵੱਧ ਹਮਾਇਤ ਮਿਲੇਗੀ। ਇਸ ਮੌਕੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਵਿਧਾਇਕ ਅਮਰਜੀਤ ਸਿੰਘ ਸੰਦੋਆ, ਨਵਦੀਪ ਸਿੰਘ ਸੰਘਾ ਅਤੇ ਹੋਰ ਆਗੂ ਹਾਜ਼ਰ ਸਨ।

**ਫਤਿਹਗੜ੍ਹ ਸਾਹਿਬ ਤੋਂ ਚੋਣ ਲੜ ਸਕਦੇ ਹਨ ਜ਼ੋਰਾ ਸਿੰਘ:** ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਸੇਵਾਮੁਕਤ ਜੱਜ ਜ਼ੋਰਾ ਸਿੰਘ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਦੀ ਚੋਣ ਲੜ ਸਕਦੇ ਹਨ। ਸੂਤਰਾਂ ਅਨੁਸਾਰ ਖਹਿਰਾ ਧੜੇ ਨੂੰ ਛੱਡ ਕੇ ਮੁੜ ਪਾਰਟੀ ਦੇ ਖੇਮੇ ਵਿਚ ਆਏ ਵਿਧਾਇਕ ਜੈ ਕ੍ਰਿਸ਼ਨ ਰੋੜੀ ਨੇ ਤਕਰੀਬਨ ਮਹੀਨਾ ਕੁ ਪਹਿਲਾਂ ਹੀ ਜ਼ੋਰਾ ਸਿੰਘ ਦੀ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੀਟਿੰਗ ਕਰਵਾ ਦਿੱਤੀ ਸੀ। ਸੂਤਰਾਂ ਅਨੁਸਾਰ 'ਆਪ' ਵੱਲੋਂ ਉਨ੍ਹਾਂ ਨੂੰ ਲੋਕ ਸਭਾ ਦੇ ਰਾਖਵੇਂ ਹਲਕੇ ਫਤਿਹਗੜ੍ਹ ਸਾਹਿਬ ਤੋਂ ਚੋਣ ਲੜਾਉਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਫਤਿਹਗੜ੍ਹ ਸਾਹਿਬ ਤੋਂ 'ਆਪ' ਦੇ ਮੌਜੂਦਾ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਲੰਮੇ ਸਮੇਂ ਤੋਂ ਪਾਰਟੀ ਤੋਂ ਦੂਰੀ ਬਣਾਈ ਬੈਠੇ ਹਨ ਅਤੇ ਉਨ੍ਹਾਂ ਨੂੰ ਪਾਰਟੀ ਵਿਚੋਂ ਮੁਅੱਤਲ ਕੀਤਾ ਜਾ ਚੁੱਕਾ ਹੈ। 'ਆਪ' ਲੀਡਰਸ਼ਿਪ ਜ਼ੋਰਾ ਸਿੰਘ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਪਿਛਲੀ ਬਾਦਲ ਸਰਕਾਰ ਵੱਲੋਂ ਨਿਭਾਈ ਮਾੜੀ ਭੂਮਿਕਾ ਨੂੰ ਉਭਾਰਨ ਦਾ ਯਤਨ ਕਰੇਗੀ। ਉਧਰ ਬਾਗ਼ੀ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 'ਆਪ' ਨੇ ਜ਼ੋਰਾ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਸਿਆਸੀ ਦਿਵਾਲੀਆਪਨ ਦਾ ਸਬੂਤ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੇਵਾਮੁਕਤ ਜੱਜ ਜ਼ੋਰਾ ਸਿੰਘ ਨੇ ਆਪਣੀ ਰਿਪੋਰਟ ਵਿਚ ਬਾਦਲਾਂ ਦੇ ਕਹਿਣ 'ਤੇ ਪੁਲੀਸ ਅਫ਼ਸਰਾਂ ਅਤੇ ਦੋਸ਼ੀਆਂ ਨੂੰ ਬਚਾਇਆ ਸੀ।

# ਪੰਜਾਬ ਦੀ ਸਿੱਖ ਰਾਜਨੀਤੀ ਵਿਚ ਨਵੀਂ ਸਫਬੰਦੀ ਦੇ ਸੰਕੇਤ

### *ਅਕਾਲੀ ਦਲ (1920) ਵੱਲੋਂ ਮੀਰੀ-ਪੀਰੀ ਕਾਨ.ਫਰੰਸ ਦਾ ਐਲਾਨ*

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ (1920) ਵੱਲੋਂ ਮੀਰੀ-ਪੀਰੀ ਕਾਨਫ਼ਰੰਸ ਦਾ ਐਲਾਨ ਕਰ ਦੇਣ ਨਾਲ ਪੰਜਾਬ ਦੀ ਸਿੱਖ ਰਾਜਨੀਤੀ ਵਿਚ ਸਿਮਰਨਜੀਤ ਸਿੰਘ ਦੇ ਅਕਾਲੀ ਦਲ (ਅੰਮ੍ਰਿਤਸਰ) ਤੋਂ ਦੂਰ ਰਹਿੰਦਿਆਂ ਨਵੀਂ ਸਿਆਸੀ ਕਤਾਰਬੰਦੀ ਦੀਆਂ ਕਨਸੋਆਂ ਮਿਲਣ ਲੱਗੀਆਂ ਹਨ। ਸੂਤਰਾਂ ਮੁਤਾਬਕ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸ਼੍ਰੋਮਣੀ ਅਕਾਲੀ ਦਲ (1920) ਦੇ ਸਹਿਯੋਗ ਨਾਲ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਨਵਾਂ ਮੰਚ ਉਸਾਰਨ ਦੀ ਕਵਾਇਦ ਆਰੰਭੀ ਹੈ। ਇਸੇ ਤਹਿਤ ਅਕਾਲੀ ਦਲ (1920) ਦੇ ਜਨਰਲ ਸਕੱਤਰ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ 22 ਫਰਵਰੀ ਨੂੰ ਪਿੰਡ ਰਣਸੀਂਹ ਕਲਾਂ (ਮੋਗਾ) ਵਿਚ ਮੀਰੀ-ਪੀਰੀ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਨੇ ਕਾਨਫ਼ਰੰਸ ਦੀ ਅਗਵਾਈ ਮੁਤਵਾਜ਼ੀ ਜਥੇਦਾਰ ਦਾਦੂਵਾਲ ਨੂੰ ਸੌਂਪ ਦਿੱਤੀ ਹੈ।

ਇਸ ਸਬੰਧੀ ਕੀਤੀ ਮੀਡੀਆ ਕਾਨਫ਼ਰੰਸ ਵਿਚ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਕਾਨਫ਼ਰੰਸ ਲਈ ਮੁੱਖ ਸਿਆਸੀ ਧਿਰਾਂ ਨੂੰ ਛੱਡ ਕੇ ਹੋਰ ਸਾਰੀਆਂ ਧਿਰਾਂ ਨੂੰ ਸੱਦਾ ਦਿੱਤਾ ਹੈ। ਸ੍ਰੀ ਰਣਸੀਂਹ ਨੇ ਇਹ ਵੀ ਐਲਾਨ ਕੀਤਾ ਹੈ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਐਲਾਨ ਮਗਰੋਂ 8 ਜਨਵਰੀ ਨੂੰ ਰਣਸੀਂਹ ਕਲਾਂ ਵਿਚ ਰੱਖੀ ਪੰਥਕ ਕਾਨਫ਼ਰੰਸ ਨੂੰ ਰੱਦ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਬਰਗਾੜੀ ਮੋਰਚੇ ਨੂੰ ਲੈ ਕੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਵੀ 10 ਜਨਵਰੀ ਦੇ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਸੀ। ਦੂਸਰੀ ਧਿਰ ਨੇ ਵੀ ਆਪਣਾ ਐਲਾਨਿਆ 8 ਜਨਵਰੀ ਦਾ ਪੰਥਕ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਸ੍ਰੀ ਰਣਸੀਂਹ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਦੇ ਮੱਦੇਨਜ਼ਰ ਨਵਾਂ ਮੰਚ ਕਾਇਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਦਾਦੂਵਾਲ ਨੇ ਪੰਜਾਬ ਦੇ ਹਿੱਤਾਂ ਲਈ ਵੱਡਾ ਸੰਘਰਸ਼ ਕੀਤਾ ਹੈ। ਸੂਤਰਾਂ ਮੁਤਾਬਕ ਇਹ ਪੰਥਕ ਧਿਰਾਂ ਹੁਣ ਅਕਾਲੀ ਦਲ (ਅੰਮ੍ਰਿਤਸਰ) ਤੋਂ ਪਾਸਾ ਵੱਟਣ ਦੇ ਰੌਂਅ ਵਿਚ ਹਨ ਅਤੇ ਖ਼ਾਲਿਸਤਾਨ ਦੇ ਮੁੱਦੇ ਕਰਕੇ ਇਨ੍ਹਾਂ ਨੇ ਮਾਨ ਦਲ ਤੋਂ ਆਪਣੇ ਆਪ ਨੂੰ ਲਾਂਭੇ ਕਰਨਾ ਸ਼ੁਰੂ ਕਰ ਦਿੱਤਾ ਹੈ। ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਾਨਫ਼ਰੰਸ ਦੀ ਅਗਵਾਈ ਲਈ ਮਿਲੇ ਸੱਦੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਵਾਂ ਮੰਚ ਉਸਾਰਨ ਦੇ ਏਜੰਡੇ 'ਤੇ ਹੋ ਰਹੀ ਕਾਨਫ਼ਰੰਸ ਵਿਚ ਉਹ ਸ਼ਿਰਕਤ ਕਰਨਗੇ। ਉਨ੍ਹਾਂ ਇਸ ਗੱਲ ਦਾ ਜਵਾਬ ਦੇਣ ਤੋਂ ਟਾਲਾ ਵੱਟਿਆ ਕਿ ਧਿਆਨ ਸਿੰਘ ਮੰਡ ਅਤੇ ਹੋਰਨਾਂ ਨੂੰ ਕਿਉਂ ਨਹੀਂ ਸੱਦਿਆ ਜਾ ਰਿਹਾ ਹੈ। ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਮੀਰੀ ਪੀਰੀ ਕਾਨਫ਼ਰੰਸ 'ਤੇ ਕੋਈ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕਰਦਿਆਂ ਆਖਿਆ ਕਿ ਬਰਗਾੜੀ ਮੋਰਚੇ ਵਿਚ ਸ਼ਾਮਲ ਹੋਈਆਂ ਸਾਰੀਆਂ ਧਿਰਾਂ ਦਾ ਵੱਡਾ ਯੋਗਦਾਨ ਹੈ। ਉਹ ਹੁਣ ਪੰਥਕ ਸ਼ਕਤੀ ਨੂੰ ਇਕਜੁੱਟ ਕਰਨ ਲਈ ਜ਼ੋਰ ਲਾਉਣਗੇ। ਉਨ੍ਹਾਂ ਕਿਹਾ ਕਿ ਕਾਨਫ਼ਰੰਸ ਤੋਂ ਅਕਾਲੀ ਦਲ (ਅੰਮ੍ਰਿਤਸਰ) ਨੂੰ ਬਾਹਰ ਰੱਖਣਾ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਹੋ ਸਕਦਾ ਹੈ ਅਤੇ ਇਹ ਕੋਈ ਪੱਕਾ ਵਖਰੇਵਾਂ ਨਹੀਂ ਹੈ।

ਸਿਆਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਇਕ ਅਜਿਹਾ ਮੰਚ ਕਾਇਮ ਕਰਨ ਦੀ ਵਿਉਂਤਬੰਦੀ ਹੋ ਰਹੀ ਹੈ ਜਿਸ ਵਿਚ ਅਕਾਲੀ ਦਲ (ਟਕਸਾਲੀ) ਅਤੇ ਖਹਿਰਾ ਧੜਾ ਤੇ ਹੋਰ ਵੀ ਸ਼ਾਮਿਲ ਕੀਤੇ ਜਾ ਸਕਣ। ਮੀਡੀਆ ਕਾਨਫ਼ਰੰਸ ਮੌਕੇ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਭਾਈ ਹਰਜਿੰਦਰ ਸਿੰਘ ਰੋਡੇ, ਰਮਨਦੀਪ ਸਿੰਘ ਭੰਗਚੜ੍ਹੀ ਅਤੇ ਭਾਈ ਸੁਰਿੰਦਰ ਸਿੰਘ ਰਾਜਾ ਬਬਲੂ ਰੋਡੇ ਵੀ ਹਾਜ਼ਰ ਸਨ।

# ਲੇਖਕ ਸਾਧੂ ਬਿਨਿੰਗ ਦੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨਾਲ ਸਾਹਿਤਕ ਮਿਲਣੀ

**ਯੂਬਾ ਸਿਟੀ/ਬਿਊਰੋ ਨਿਊਜ਼ :** ਟੈਰਾ ਬੁਆਇਨਾ ਗੁਰੂਘਰ ਦੇ ਕਮਿਊਨਿਟੀ ਰੂਮ 'ਚ ਕਨੇਡਾ ਤੋਂ ਆਏ ਸਾਹਿਤਕਾਰ ਸਾਧੂ ਬਿਨਿੰਗ ਦੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ ਤੇ ਸਭਾ ਦੇ ਸਥਾਈ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ ਦੀ ਅਗਵਾਈ ਵਿਚ ਇਕ ਸਾਹਿਤਕ ਮਿਲਣੀ ਕਰਵਾਈ ਗਈ। ਇਸ ਮੌਕੇ ਸਾਧੂ ਬਿਨਿੰਗ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਸੰਨ 1967 ਵਿਚ ਕਨੇਡਾ ਆਏ ਸਨ। ਏਥੇ ਉਨ੍ਹਾਂ ਨੇ ਕਈ ਤਰਾਂ ਦੇ ਕੰਮ ਕਰਦੇ ਹੋਏ ਸੋਸ਼ਿਆਲੋਜੀ ਵਿਚ ਐਮਏ ਅਤੇ ਪੀਐਚਡੀ ਦੀ ਪੜ੍ਹਾਈ ਉਪਰੰਤ 20 ਸਾਲ ਤੱਕ ਪੋਸਟ ਆਫਿਸ ਮਹਿਕਮੇ ਵਿਚ ਨੌਕਰੀ ਕੀਤੀ। ਫਿਰ 20 ਸਾਲ ਬੀਸੀ ਯੂਨੀਵਰਸਟੀ ਵੈਨਕੂਵਰ ਵਿਚ ਪੰਜਾਬੀ ਪੜ੍ਹਾਇਆ ਤੇ ਵਤਨੋਂ ਦੂਰ ਮਹੀਨਾਵਾਰ ਰਸਾਲੇ ਦੀ ਸੰਪਦਨਾ ਕੀਤੀ। ਦੋ ਸਾਲਾਂ ਬਾਅਦ 'ਵਤਨ' ਰਸਾਲੇ ਦੀ ਸੰਪਾਦਨਾ ਕੀਤੀ। ਉਹ ਹੁਣ ਤਕ ਕੁੱਲ ਅਠਾਰਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਪਹਿਲਾਂ ਕਨੇਡਾ ਵਿਚ ਪੰਜਾਬੀ(ਗੁਰਮੁਖੀ ਲਿੱਪੀ) ਸਕੂਲਾਂ ਵਿਚ ਨਹੀਂ ਪੜ੍ਹਾਈ ਜਾਂਦੀ ਸੀ। ਉਹ ਆਪਣੇ ਮਿੱਤਰ ਪੰਜਾਬੀ ਅਧਿਆਪਕ ਇੰਦਰ ਸਿੰਘ ਨੂੰ ਨਾਲ ਲੈ ਕੇ ਕਨੇਡਾ ਦੇ ਉਸ ਸਮੇਂ ਦੇ ਵਿਦਿਆ ਮੰਤਰੀ ਮੋਹ ਸਹੋਤਾ ਨੂੰ ਮਿਲੇ ਤੇ ਉਨ੍ਹਾਂ ਨੂੰ ਗੁਰਮੁਖੀ ਨੂੰ ਸਕੂਲਾਂ/ਕਾਲਜਾਂ ਵਿਚ ਇਕ ਵਿਦੇਸ਼ੀ ਭਾਸ਼ਾ ਦੇ ਤੌਰ ਉਤੇ ਪੜ੍ਹਾਏ ਜਾਣ ਲਈ ਬੇਨਤੀ ਕੀਤੀ। ਵਜ਼ੀਰ ਸਾਹਿਬ ਨੇ ਉਸੇ ਵੇਲੇ ਆਰਡਰ ਕਰ ਦਿੱਤੇ। ਪ੍ਰੋ. ਇੰਦਰ ਨੇ ਇਸ ਦੀ ਪੂਰੀ ਰੂਪਰੇਖਾ ਬਣਾ ਕੇ ਪੇਸ਼ ਕੀਤੀ ਤੇ ਇਹ ਪੜ੍ਹਾਈ ਉਦੋਂ ਤੋਂ ਹੀ ਚਾਲੂ ਹੈ। ਹੁਣ ਤੱਕ ਸਰੀ ਵਿਚ ਸੱਤ ਸੈਕੰਡਰੀ ਸਕੂਲਾਂ ਅਤੇ ਪੰਜ ਮਿਡਲ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਹੋਰ ਵੱਧ ਸਕੂਲਾਂ ਵਿਚ ਵੀ ਚਾਲੂ ਹੋ ਸਕਦੀ ਹੈ ਜੇ ਕਰ ਸਾਡੇ ਪੰਜਾਬੀ ਭਰਾ ਇਸ ਲੋੜ ਨੂੰ ਸਮਝਣ ਅਤੇ ਲੋੜੀਂਦਾ ਸਾਥ ਦੇਣ। ਇਸ ਤੋਂ ਇਲਾਵਾ ਉਹ ਆਪਣੀ ਕਮਿਊਨਿਟੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਕ ਸੰਸਥਾ,'ਸੱਥ' ਰਾਹੀਂ ਵੀ ਲਗਾਤਾਰ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ ਨੇ ਉਹਨਾਂ ਦਾ ਇਥੇ ਆਉਣ ਉਤੇ ਧੰਨਵਾਦ ਕੀਤਾ ਤੇ ਸਭਾ ਵਲੋਂ ਅਗਲੇ ਵਰ੍ਹੇ 27 ਅਪ੍ਰੈਲ ਨੂੰ ਕੀਤੀ ਜਾ ਰਹੀ ਕਾਨਫਰੰਸ ਲਈ ਖਾਸ ਮਹਿਮਾਨ ਦੇ ਤੌਰ ਉਤੇ ਆਉਣ ਲਈ ਦਾਅਵਤ ਵੀ ਦਿੱਤੀ। ਸ੍ਰੀ ਸ਼ੀਮਾਰ ਨੇ ਉਨ੍ਹਾਂ ਨੂੰ ਕਿਤਾਬਾਂ ਅਤੇ ਸਭਾ ਦੀਆਂ 13ਵੀਂ, 15ਵੀਂ ਤੇ 19ਵੀਂ ਕਾਨਫਰੰਸ ਉਤੇ ਛਾਪੇ ਗਏ ਸੋਵੀਨੀਰਾਂ ਦੀਆਂ ਕਾਪੀਆਂ ਭੇਟ ਕੀਤੀਆਂ।



ਇਸ ਮੌਕੇ ਸਾਹਿਤ ਸਭਾ ਕੈਲੀਫੋਰਨੀਆ ਦੇ ਵਾਈਸ ਪ੍ਰਧਾਨ ਹਰਭਜਨ ਸਿੰਘ ਢੇਰੀ, ਸਹਾਇਕ ਆਰਗੇਨਾਈਜ਼ਰ ਫਕੀਰ ਸਿੰਘ ਮੱਲ੍ਹੀ, ਸਾਬਕਾ ਪ੍ਰਧਾਨ ਦਲਵੀਰ ਦਿਲ ਨਿੱਝਰ, ਸਾਬਕਾ ਜਨਰਲ ਸਕੱਤਰ ਭੁਪਿੰਦਰ ਸਿੰਘ ਦਲੇਰ ਗ਼ਜ਼ਲਗੋ, ਸਾਬਕਾ ਸਕੱਤਰ ਇੰਦਰਜੀਤ ਸਿੰਘ ਗਰੇਵਾਲ, ਰਾਮੇਸ਼ ਬੰਗੜ ਸਾਬਕਾ ਆਰਗੇਨਾਈਜ਼ਰ, ਬੁਨਿਆਦੀ ਡਾਇਰੈਕਟਰ ਮੁਹਿੰਦਰ ਸਿੰਘ ਘੱਗ, ਸਥਾਈ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ, ਗ਼ਜ਼ਲਗੋ, ਇਕਵਿੰਦਰ ਸਿੰਘ ਢੱਟ, ਡਾ. ਪਰਮਜੀਤ ਸਿੰਘ ਐਵਰਸਟ, ਸਤਨਾਮ ਸਿੰਘ ਮਨਚੰਦਾ, ਪੱਪੂ, ਡੀਐਸ ਰਾਣਾ ਨੇ ਵੀ ਭਾਗ ਲਿਆ।

ਸਭਾ ਦੀ ਦਸੰਬਰ ਦੀ ਮਹੀਨਾਵਾਰ ਮਿਲਣੀ 30 ਦਸੰਬਰ ਨੂੰ ਇਕ ਤੋਂ ਪੰਜ ਵਜੇ ਵਿਚਕਾਰ ਟੈਰਾ ਬੁਆਇਨਾ ਗੁਰੂਘਰ ਵਿਖੇ ਹੀ ਹੋਵੇਗੀ। ਸਭਾ ਦੀ ਸਾਲਾਨਾ ਕਾਨਫਰੰਸ 27 ਅਪ੍ਰੈਲ-2019 ਨੂੰ ਹੋਵੇਗੀ। ਇਸ ਕਾਨਫਰੰਸ ਤੋਂ ਪਹਿਲਾਂ ਇਕ ਸੋਵੀਨਾਰ ਪ੍ਰਕਾਸ਼ਤ ਕੀਤਾ ਜਾਵੇਗਾ। ਇਸ ਲਈ ਸਭਾ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੀਆਂ ਤਾਜ਼ਾ ਲਿਖਤਾਂ ਅਤੇ ਤਸਵੀਰਾਂ ਸਭਾ ਦੇ ਸੰਪਾਦਕੀ ਬੋਰਡ ਦੇ ਮੈਂਬਰਾਂ ਕੋਲ 31 ਜਨਵਰੀ-2019 ਤੱਕ ਪਹੁੰਚਦੀਆਂ ਕਰ ਦੇਣ। ਸਮੇਂ ਤੋਂ ਬਾਅਦ ਪਹੁੰਚਣ ਵਾਲੀਆਂ ਲਿਖਤਾਂ ਦੇ ਛਪਣ ਦੀ ਜ਼ਿੰਮੇਵਾਰੀ ਸਭਾ ਦੀ ਨਹੀਂ ਹੋਵੇਗੀ।

## ਪੰਜਾਬੀ ਗਾਇਕ ਗਿੱਪੀ ਗਰੇਵਾਲ ਦਾ ਨਿੱਘਾ ਸਵਾਗਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪੰਜਾਬੀ ਫਿਲਮਾਂ ਦੇ ਅਦਾਕਾਰ, ਗਾਇਕ ਅਤੇ ਡਾਇਰੈਕਟਰ ਗਿੱਪੀ ਗਰੇਵਾਲ ਦਾ ਸਿਆਟਲ ਵਿਚ ਨਿੱਘਾ ਸਵਾਗਤ ਕੀਤਾ ਗਿਆ। ਗਿੱਪੀ ਗਰੇਵਾਲ ਆਪਣੀ ਧਰਮ ਪਤਨੀ ਰਵਨੀਤ ਕੌਰ ਸਮੇਤ ਆਪਣੇ ਦੋਸਤ ਜਗਪ੍ਰੀਤ ਸਿੰਘ 'ਜੱਗੀ' ਦੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਇਥੇ ਪਹੁੰਚੇ ਸਨ। ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖ਼ਸੀਅਤਾਂ ਨੇ ਫਿਲਮ ਸਟਾਰ ਗਿੱਪੀ ਗਰੇਵਾਲ ਦਾ ਫਿਲਮ 'ਅਰਦਾਸ', ਕੈਰੀਆਨ ਜੱਟਾ, ਮਿਰਜ਼ਾ ਵਿਚ ਅਦਾਕਾਰ ਦੇ ਤੌਰ 'ਤੇ ਕੰਮ ਕਰਨ ਦੀ ਸ਼ਲਾਘਾ ਕੀਤੀ। ਡਾ. ਪ੍ਰਭਜੋਤ ਸਿੱਧੂ ਨੇ ਦੱਸਿਆ ਕਿ ਪੰਜਾਬੀ ਫਿਲਮ ਇੰਡਸਟਰੀ ਨੂੰ ਉਤਸ਼ਾਹਿਤ ਕਰਨ ਵਿਚ ਗਿੱਪੀ ਗਰੇਵਾਲ ਨੇ ਵੱਡਾ ਯੋਗਦਾਨ ਦਿੱਤਾ ਹੈ। ਗਿੱਪੀ ਗਰੇਵਾਲ ਨੇ ਬਤੌਰ ਡਾਇਰੈਕਟਰ ਤੇ ਅਦਾਕਾਰ ਦਹੇਜ ਵਰਗੀਆਂ ਬੁਰਾਈਆਂ ਨੂੰ ਦੂਰ ਕਰਨ ਤੇ ਸਮਾਜ ਨੂੰ ਸੇਧ ਦੇਣ ਵਾਲੀਆਂ 'ਅਰਦਾਸ' ਤੇ ਹੋਰ ਫਿਲਮਾਂ ਰਾਹੀਂ ਪੰਜਾਬੀਆਂ ਨੂੰ ਪ੍ਰੇਰਿਤ ਕੀਤਾ ਹੈ। ਗਿੱਪੀ ਗਰੇਵਾਲ ਬਤੌਰ ਗਾਇਕ ਵੀ ਦਰਸ਼ਕਾਂ ਦੇ ਹਰਮਨ-ਪਿਆਰੇ ਬਣੇ ਹਨ।

## ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿਖੇ ਸ਼ਹੀਦੀ ਸਮਾਗਮ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਸੈਂਟਰਲ ਵੈਲੀ ਕੈਲੀਫੋਰਨੀਆ ਵਿੱਚ ਸ਼ਹਿਰ ਸਨਵਾਕੀਨ ਦੇ ਸਭ ਤੋਂ ਪੁਰਾਤਨ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ' ਵਿੱਚ ਇਲਾਕੇ ਭਰ ਦੀਆ ਸੰਗਤਾਂ ਵਲੋਂ ਰਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ 'ਸ਼ਹੀਦੀ ਸਮਾਗਮ' ਕਰਵਾਏ ਗਏ। ਇਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਦੀਵਾਨ ਸਜਾਏ ਗਏ, ਜਿਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਨੇ ਗੁਰਬਾਣੀ ਕੀਰਤਨ ਅਤੇ ਇਤਿਹਾਸ ਰਾਹੀ ਹਾਜ਼ਰੀ ਭਰੀ। ਉਪਰੰਤ ਪ੍ਰਸਿੱਧ ਕਵੀ ਅਤੇ ਗਿਆਤਾ ਪਿਸ਼ੌਰਾ ਸਿੰਘ ਢਿੱਲੋਂ ਨੇ ਦਸਮੇਸ਼ ਪਿਤਾ ਦੇ ਪਰਿਵਾਰ ਵਿਛੋੜੇ ਅਤੇ ਕੁਰਬਾਨੀਆਂ ਦਾ ਇਤਿਹਾਸ ਸੰਖੇਪ ਵਿਚ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਕਵਿਤਾਵਾਂ ਸਾਂਝੀਆਂ ਕੀਤੀਆਂ। ਇਸ ਸਮੇਂ ਬੁਲੰਦ ਆਵਾਜ਼ ਦੀ ਮਾਲਕ ਕੈਲੀਫੋਰਨੀਆ ਦੀ ਪ੍ਰਸਿੱਧ ਗਾਇਕਾ ਅਤੇ ਰੇਡੀਓ ਹੋਸਟ ਬੀਬੀ ਜੋਤ ਰਣਜੀਤ ਨੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਸਮਾਗਮ ਦੌਰਾਨ ਗੁਰੂਘਰ ਵਲੋਂ ਸਥਾਨਕ 'ਗੁਰੂ ਨਾਨਕ ਸਪੋਰਟਸ ਕਲੱਬ' ਦੇ ਮੈਂਬਰ ਅਤੇ ਉਘੇ ਵੈਟਰਨ ਅੰਤਰ-ਰਾਸ਼ਟਰੀ ਖਿਡਾਰੀ ਸ. ਗੁਰਬਖ਼ਸ਼ ਸਿੰਘ ਨੂੰ ਵਿਦੇਸ਼ਾਂ ਵਿੱਚ ਹੋਈਆਂ ਖੇਡਾਂ ਵਿੱਚ ਮੱਲਾਂ ਮਾਰਨ ਅਤੇ ਤਗਮੇ ਜਿੱਤ ਕੇ ਸਿੱਖੀ ਅਤੇ ਪੰਜਾਬੀਅਤ ਦਾ ਨਾਮ ਰੋਸ਼ਨ ਕਰਨ ਬਦਲੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਗੁਰੂਘਰ ਦੇ ਬੁਲਾਰੇ ਗੁਰਬਿੰਦਰ ਸਿੰਘ ਧਾਲੀਵਾਲ ਨੇ ਸਮੂਹ ਸੰਗਤਾਂ ਦਾ ਇਹੋ ਜਿਹੇ ਮਹਾਨ ਸਮਾਗਮ ਰਲ ਕੇ ਮਨਾਉਣ 'ਤੇ ਧੰਨਵਾਦ ਕੀਤਾ ਅਤੇ 'ਸਿੱਖ ਕੌਂਸਲ ਆਫ ਕੈਲੀਫੋਰਨੀਆ' ਦੇ ਅਣਥੱਕ ਯਤਨਾਂ ਸਦਕਾ ਸਕੂਲਾਂ ਵਿੱਚ ਪੰਜਾਬੀ ਬੋਲੀ ਅਤੇ ਸਿੱਖ ਇਤਿਹਾਸ ਦੀ ਪੜ੍ਹਾਈ ਨੂੰ ਮਾਨਤਾ ਮਿਲਣ ਦੀ ਵਧਾਈ ਦਿੱਤੀ। ਸਮਾਗਮ ਦੌਰਾਨ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਅਤੇ ਬੁੱਧੀਜੀਵੀਆਂ ਨੇ ਹਾਜ਼ਰੀ ਭਰੀ। ਇਨ੍ਹਾਂ ਵਿਸ਼ੇਸ਼ ਪ੍ਰੋਗਰਾਮਾਂ ਦੀ ਸੇਵਾ ਸਮੂਹ ਧਾਲੀਵਾਲ ਪਰਿਵਾਰ ਵੱਲੋਂ ਸੀ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਗੁਰੂਘਰ ਵਿਖੇ ਨਤਮਸਤਕ ਹੋਈਆਂ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ।

### 'ਲੈਕਸਬੇਸ' ਰਸਾਲੇ ਵੱਲੋਂ ਇਮੀਗ੍ਰੇਸ਼ਨ ਕੈਨੇਡਾ ਦੇ ਹਵਾਲੇ ਨਾਲ ਪ੍ਰਗਟਾਵਾ

## ਪੰਜਾਬ ਤੋਂ ਕੈਨੇਡਾ ਖੇਡਣ ਗਏ 47% ਕਬੱਡੀ ਖਿਡਾਰੀ ਨਹੀਂ ਪਰਤੇ ਵਤਨ

### ਤਿੰਨ ਸਾਲਾਂ ਚ 261 ਖਿਡਾਰੀ ਕੈਨੇਡਾ ਗਏ ਪਰ 138 ਹੀ ਵਾਪਸ ਪਰਤੇ

**ਟੋਰਾਂਟੋ/ਬਿਊਰੋ ਨਿਊਜ਼ :** ਭਾਰਤ ਤੋਂ ਕੌਮਾਂਤਰੀ ਕਬੱਡੀ ਟੂਰਨਾਮੈਂਟਾਂ 'ਚ ਖੇਡਣ ਲਈ ਸਾਲ 2015 ਤੋਂ 2017 ਦੌਰਾਨ ਕੈਨੇਡਾ ਗਏ 47% ਖਿਡਾਰੀ ਹਾਲੇ ਤਕ ਵਤਨ ਨਹੀਂ ਪਰਤੇ ਹਨ। ਅਜਿਹਾ ਕਦਮ ਚੁੱਕਣ ਵਾਲੇ ਬਹੁ-ਗਿਣਤੀ ਖਿਡਾਰੀ ਪੰਜਾਬ ਤੋਂ ਹੀ ਹਨ। ਉਹ ਇੱਕ ਵਾਰ ਕਬੱਡੀ ਟੂਰਨਾਮੈਂਟਾਂ 'ਚ ਭਾਗ ਲੈਣ ਲਈ ਗਏ ਪਰ ਫਿਰ ਕਦੇ ਵਤਨ ਨਹੀਂ ਪਰਤੇ ਤੇ ਉਨ੍ਹਾਂ ਸਦਾ ਲਈ ਕੈਨੇਡਾ 'ਚ ਹੀ ਰਹਿਣ ਦਾ ਹੀ ਰਾਹ ਚੁਣਿਆ। ਪਤਾ ਲੱਗਾ ਹੈ ਕਿ ਬਾਅਦ 'ਚ ਅਜਿਹੇ ਪੰਜਾਬੀ ਖਿਡਾਰੀ ਕਿਵੇਂ ਨਾ ਕਿਵੇਂ ਵਰਕ-ਪਰਮਿਟ ਵੀ ਲੈ ਲੈਂਦੇ ਹਨ। ਇਹ ਟੂਰਨਾਮੈਂਟ ਜ਼ਿਆਦਾਤਰ ਸਰਕਲ-ਸਟਾਈਲ ਕਬੱਡੀ ਦੇ ਹੀ ਹੁੰਦੇ ਹਨ। ਪੰਜਾਬ 'ਚ ਜ਼ਿਆਦਾਤਰ ਇਸੇ ਸਟਾਈਲ ਦੀ ਕਬੱਡੀ ਪਾਉਣ ਦਾ ਰਿਵਾਜ ਹੈ। ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ 261 ਖਿਡਾਰੀ ਕੈਨੇਡਾ ਗਏ, ਜਿਨ੍ਹਾਂ 'ਚੋਂ 53 ਫ਼ੀ ਸਦੀ ਭਾਵ 138 ਹੀ ਵਤਨ ਪਰਤੇ। ਕੁੱਲ 123 ਖਿਡਾਰੀ ਕੈਨੇਡਾ ਤੋਂ ਭਾਰਤ ਨਹੀਂ ਪਰਤੇ। ਇਹ ਪ੍ਰਗਟਾਵਾ ਇੱਕ ਰਸਾਲੇ 'ਲੈਕਸਬੇਸ' ਵੱਲੋਂ ਪਿੱਛੇ ਜਿਹੇ ਇਮੀਗ੍ਰੇਸ਼ਨ ਕੈਨੇਡਾ ਦੇ ਇੱਕ ਅਧਿਐਨ ਦੇ ਹਵਾਲੇ ਨਾਲ ਕੀਤਾ ਗਿਆ ਹੈ। ਕੈਨੇਡਾ ਰਹਿਣਾ ਪਸੰਦ ਕਰਨ ਵਾਲੇ ਖਿਡਾਰੀਆਂ ਵਿਚੋਂ 67 ਨੇ ਵਰਕ ਪਰਮਿਟ ਵੀ ਲੈ ਲਏ ਹਨ, ਤਿੰਨ ਨੇ ਸ਼ਰਨਾਰਥੀ ਵਜੋਂ ਪਨਾਹ ਲੈ ਲਈ ਹੈ; ਜਦ ਕਿ 53 ਖਿਡਾਰੀਆਂ ਦੀ ਹਾਲੇ ਤਕ ਕੋਈ ਉੱਘ-ਸੁੱਘ ਨਹੀਂ ਮਿਲ ਸਕੀ।

'ਲੈਕਸਬੇਸ' ਦੇ ਸੰਪਾਦਕ ਰਿਚਰਡ ਕੁਰਲੈਂਡ ਨੇ ਦੱਸਿਆ ਕਿ ਉਨ੍ਹਾਂ ਨੂੰ ਫ਼ਰਵਰੀ 2018 'ਚ ਸੂਚਨਾ ਹਾਸਲ ਕਰਨ ਦਾ ਅਧਿਕਾਰ ਅਧੀਨ ਸਬੰਧਤ ਰਿਪੋਰਟ ਦੀ ਕਾਪੀ ਹਾਸਲ ਹੋਈ ਸੀ।

ਉਸ ਰਿਪੋਰਟ ਮੁਤਾਬਕ ਇਕੱਲੇ ਸਾਲ 2017 ਦੌਰਾਨ ਚਾਰ ਫ਼ੈਡਰੇਸ਼ਨਾਂ ਲਈ 78 ਕਬੱਡੀ ਖਿਡਾਰੀਆਂ ਦੀਆਂ ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਸਨ। ਉਨ੍ਹਾਂ ਵਿੱਚੋਂ ਸਿਰਫ਼ 48 ਭਾਵ 62 ਫ਼ੀ ਸਦੀ ਹੀ ਵਾਪਸ ਗਏ ਤੇ ਉਨ੍ਹਾਂ 'ਚੋਂ 23 ਭਾਵ 30 ਫ਼ੀ ਸਦੀ ਖਿਡਾਰੀਆਂ ਨੇ ਵਰਕ ਪਰਮਿਟ ਲੈ ਲਿਆ, ਛੇ ਜਣਿਆਂ ਦਾ ਕੁਝ ਪਤਾ ਨਹੀਂ ਤੇ ਇੱਕ ਖਿਡਾਰੀ ਨੂੰ ਸ਼ਰਨਾਰਥੀ ਵਜੋਂ ਪਨਾਹ ਮਿਲ ਗਈ। ਸਾਲ 2015 ਦੌਰਾਨ ਕਬੱਡੀ ਖਿਡਾਰੀਆਂ ਦੀ ਵਾਪਸੀ ਦੀ ਦਰ 42 ਫ਼ੀ ਸਦੀ ਰਹੀ ਤੇ ਸੰਨ 2017 'ਚ ਇਹ 62 ਫ਼ੀ ਸਦੀ ਸੀ। ਸਾਲ 2015 ਦੌਰਾਨ 21 ਫ਼ੀ ਸਦੀ ਨੇ ਵਰਕ ਪਰਮਿਟ ਲਿਆ ਤੇ ਸੰਨ 2017 ਦੌਰਾਨ ਇਹ 30 ਫ਼ੀ ਸਦ ਰਹੀ।ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ ਤੋਂ ਨਾ ਪਰਤਣ ਵਾਲੇ ਜ਼ਿਆਦਾਤਰ ਖਿਡਾਰੀ ਨੌਜਵਾਨ, ਅਣਵਿਆਹੇ ਅਤੇ ਬੇਰੁਜ਼ਗਾਰ ਹੁੰਦੇ ਹਨ। ਰਿਪੋਰਟ 'ਚ ਲਿਖਿਆ ਗਿਆ ਹੈ ਕਿ ਕਬੱਡੀ ਜਿਹੀ ਖੇਡ ਨਾਲ ਜੁੜੇ ਖਿਡਾਰੀ ਦੇ ਹੁਨਰ ਨੂੰ ਨਾਪਣ ਦਾ ਕੋਈ ਪੈਮਾਨਾ ਨਹੀਂ ਹੈ। ਇਸੇ ਲਈ ਕੁਝ ਗ਼ਲਤ ਤਰੀਕੇ ਤੇ ਧੋਖਾਧੜੀ ਨਾਲ ਜਾਅਲੀ ਦਸਤਾਵੇਜ਼ ਤਿਆਰ ਕੀਤੇ ਜਾਂਦੇ ਹਨ। ਕੈਨੇਡਾ 'ਚ ਹਾਲੇ ਤਕ ਕਬੱਡੀ ਖਿਡਾਰੀਆਂ ਦੀਆਂ ਅਰਜ਼ੀਆਂ 'ਚੋਂ ਇਹ ਪਤਾ ਲਾਉਣ ਦਾ ਕੋਈ ਸਿਸਟਮ ਵਿਕਸਤ ਨਹੀਂ ਕੀਤਾ ਜਾ ਸਕਿਆ ਕਿ ਕਿਹੜਾ ਖਿਡਾਰੀ ਧੋਖਾਧੜੀ ਕਰ ਰਿਹਾ ਹੈ ਤੇ ਕਿਹੜਾ ਖਿਡਾਰੀ ਜਾਇਜ਼ ਹੈ।

## ਦਿੱਲੀ ਕਮੇਟੀ ਦੇ ਅਧਿਕਾਰੀ ਚੰਢੋਕ ਦੀ ਹੁੱਕਾ ਪੀਣ ਦੀ ਵੀਡੀਓ ਵਾਇਰਲ

### ਵੀਡੀਓ ਫਰਜ਼ੀ ਹੈ ਤੇ ਉਸ ਨੂੰ ਬਦਨਾਮ ਕਰਨ ਦੀ ਸਾਜਿਸ਼ - ਚੰਢੋਕ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਦੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਫਸਣ ਤੋਂ ਬਾਅਦ ਦਿੱਲੀ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਾਲੇ ਆਪਣੇ ਮੂਲ ਮੰਤਵ ਤੋਂ ਭਟਕਦੀ ਦਿਖਾਈ ਦਿੰਦੀ ਹੈ। ਤਾਜ਼ਾ ਮਾਮਲੇ ਵਿਚ ਦਿੱਲੀ ਕਮੇਟੀ ਦੇ ਇਕ ਅਧਿਕਾਰੀ ਦੀ ਅਜਿਹੀ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਹੈ ਜਿਸ ਵਿਚ ਕਥਿਤ ਤੌਰ 'ਤੇ ਉਹ ਸਿਰ 'ਤੇ ਟੋਪੀ ਪਾ ਕੇ ਫਿਲਮ ਦੇ ਇਕ ਗਾਣੇ ਦੀ ਧੁਨ ਤੇ ਝੂਮਦਾ ਹੋਇਆ ਹੱਥ ਵਿਚ ਹੁੱਕੇ ਦੀ ਪਾਈਪ ਫੜੀ ਇਕ ਔਰਤ ਨਾਲ ਵੀਡੀਓ ਬਣਾਉਂਦਾ ਮੂੰਹ ਵਿੱਚੋਂ ਧੂੰਆ ਕੱਢਦਾ ਦਿਖਾਈ ਦਿੰਦਾ ਹੈ।ਇਹ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਤੋਂ ਬਾਅਦ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਇਸ ਨੂੰ ਬੇਹੱਦ ਮੰਦਭਾਗਾ ਕਰਾਰ ਦਿੰਦਿਆਂ ਪੁਨੀਤ ਸਿੰਘ ਚੰਢੋਕ ਨੂੰ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਹੈ। ਦੱਸ ਦੇਈਏ ਕਿ ਇਹ ਵੀਡੀਓ ਸੱਚੀ ਹੈ ਜਾਂ ਨਹੀਂ ਇਹ ਅਜੇ ਸਾਫ ਨਹੀਂ ਹੋ ਪਾਇਆ। ਪੁਨੀਤ ਸਿੰਘ ਚੰਢੋਕ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਦਾ ਨਜ਼ਦੀਕੀ ਮੰਨਿਆ ਜਾਂਦਾ ਹੈ ਤੇ ਉਹ ਦਿੱਲੀ ਕਮੇਟੀ ਵਿੱਚ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਵਾਲੇ ਅਹੁਦੇ 'ਤੇ ਨਿਯੁਕਤ ਸੀ। ਚੰਢੋਕ ਨੇ ਆਪਣੇ ਵਿਰੁੱਧ ਲੱਗ ਰਹੇ ਇਲਜ਼ਾਮਾਂ ਉਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਇਹ ਵੀਡੀਓ ਫਰਜ਼ੀ ਹੈ ਤੇ ਉਸ ਨੂੰ ਬਦਨਾਮ ਕਰਨ ਦੀ ਸਾਜਿਸ਼ ਹੈ। ਸੋਸ਼ਲ ਮੀਡੀਆ ਉਤੇ ਆਪਣਾ ਪੱਖ ਦੱਸਣ ਲਈ ਪਾਈ ਗਈ ਵੀਡੀਓ ਵਿਚ ਪੁਨੀਤ ਸਿੰਘ ਚੰਢੋਕ ਨੇ ਦੱਸਿਆ ਕਿ ਇਸ ਵੀਡੀਓ ਨੂੰ ਦੇਖ ਕੇ ਉਸ ਨੂੰ ਵੀ ਬਹੁਤ ਝਟਕਾ ਲੱਗਿਆ ਹੈ ਕਿਉਂਕਿ ਇਹ ਵੀਡੀਓ ਫਰਜ਼ੀ ਹੈ ਤੇ ਉਸ ਦੇ ਵਕੀਲ ਇਸ ਪੂਰੇ ਮਾਮਲੇ 'ਤੇ ਕਾਨੂੰਨੀ ਕਾਰਵਾਈ ਕਰਨ ਜਾ ਰਹੇ ਹਨ। ਇੱਥੇ ਪੁਨੀਤ ਨੇ ਇਹ ਵੀ ਕਿਹਾ ਕਿ ਉਹ ਤਾਂ ਲੰਘੀ 1 ਅਕਤੂਬਰ ਨੂੰ ਹੀ ਆਪਣੇ ਸਾਰੇ ਅਹੁਦਿਆਂ ਤੋਂ ਪਹਿਲਾਂ ਹੀ ਅਸਤੀਫਾ ਦੇ ਚੁੱਕੇ ਹਨ, ਫਿਰ ਉਨ੍ਹਾਂ ਨੂੰ ਅਹੁਦੇ ਤੋਂ ਹਟਾਏ ਜਾਣ ਵਾਲਾ ਪੱਤਰ ਕਿਉਂ ਜਾਰੀ ਕੀਤਾ ਗਿਆ। ਉੱਧਰ ਦੂਜੇ ਪਾਸੇ ਇਹ ਮਾਮਲਾ ਸਾਹਮਣੇ ਆਉਣ ਉਤੇ ਵਿਰੋਧੀਆਂ ਦੇ ਪੈਰਾਂ ਥੱਲੇ ਬੈਠੇ-ਬੈਠੇ ਹੀ ਇਸ ਮੁੱਦੇ ਦੀ ਬਟੇਰ ਆ ਗਈ ਹੈ, ਕਿਉਂਕਿ ਦਿੱਲੀ ਅਕਾਲੀ ਦਲ ਦੇ ਆਗੂ ਇੰਦਰਮੋਹਨ ਸਿੰਘ ਨੇ ਤੁਰੰਤ ਬਿਆਨ ਦਿੰਦਿਆਂ ਕਿਹਾ ਹੈ ਕਿ ਹਾਲੇ ਹੁਣੇ ਹੀ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਰਜਨ ਮੈਂਬਰਾਂ ਨੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਫਸੇ ਮਨਜੀਤ ਸਿੰਘ ਜੀਕੇ ਨੂੰ ਦਿੱਲੀ ਕਮੇਟੀ ਤੋਂ ਵੱਖ ਕੀਤੇ ਜਾਣ ਦਾ ਸੁਝਾਅ ਦਿੱਤਾ ਸੀ ਪਰ ਜਿਸ ਤਰ੍ਹਾਂ ਚੰਢੋਕ ਦੀ ਵੀਡੀਓ ਸਾਹਮਣੇ ਆਈ ਹੈ, ਉਸ ਨੂੰ ਦੇਖਦਿਆਂ ਦਿੱਲੀ ਕਮੇਟੀ ਦੀ ਸਾਖ ਨੂੰ ਵੱਟਾ ਲੱਗਾ ਹੈ।

## 'ਅਬ ਨਹੀਂ' : ਪਰਵਾਸੀ ਪਤੀਆਂ ਦੀਆਂ ਸਤਾਈਆਂ ਪੰਜਾਬਣਾਂ ਦੇ ਦਰਦ ਦੀ ਹੂਕ

**ਜਲੰਧਰ/ਬਿਊਰੋ ਨਿਊਜ਼ :** ਪਿਛਲੇ ਤਿੰਨ ਕੁ ਦਹਾਕਿਆਂ 'ਚ ਪੰਜਾਬ ਦੀਆਂ ਹਜ਼ਾਰਾਂ ਧੀਆਂ ਨੂੰ ਪਰਵਾਸੀ ਲਾੜਿਆਂ ਦੀ ਬੇਵਫਾਈ ਦਾ ਅਜਿਹਾ ਡੰਗ ਵੱਜਿਆ ਹੈ ਕਿ ਉਹ ਦਰ-ਦਰ ਭਟਕ ਰਹੀਆਂ ਹਨ। ਆਖਿਰ ਹੁਣ ਇਨ੍ਹਾਂ ਪੀੜਤ ਔਰਤਾਂ ਨੇ ਹੋਣੀ ਅੱਗੇ ਸਿਰ ਸੁੱਟ ਕੇ ਜਿਊਣ ਦੀ ਥਾਂ ਸਿਰ ਉਠਾ ਕੇ ਚੱਲਣ ਦਾ ਬੀੜਾ ਚੁੱਕਿਆ ਹੈ ਤੇ ਉਨ੍ਹਾਂ 'ਅਬ ਨਹੀਂ' ਵੈਲਫ਼ੇਅਰ ਸੁਸਾਇਟੀ ਕਾਇਮ ਕਰ ਲਈ ਹੈ। ਇਸ ਸੰਸਥਾ ਦੀ ਮੀਟਿੰਗ ਤੋਂ ਬਾਅਦ ਤਿੰਨ ਦਰਜਨ ਦੇ ਕਰੀਬ ਪੀੜਤ ਔਰਤਾਂ ਨੇ ਪੱਤਰਕਾਰਾਂ ਨਾਲ ਆਪਣੇ ਦੁੱਖ ਸਾਂਝੇ ਕਰਦਿਆਂ ਦੱਸਿਆ ਕਿ ਪਤੀ ਹੀ ਨਹੀਂ, ਸਹੁਰੇ, ਪੁਲਿਸ, ਅਦਾਲਤਾਂ ਤੇ ਸਰਕਾਰਾਂ ਸਾਰੇ ਹੀ ਜਿਵੇਂ ਉਨ੍ਹਾਂ ਦੇ ਵੈਰੀ ਬਣ ਗਏ ਹਨ।




ਸੰਸਥਾ ਦੀ ਪ੍ਰਧਾਨ ਲੁਧਿਆਣਾ ਦੇ ਪਿੰਡ ਟੂਸਾ ਦੀ ਵਾਸੀ ਸਤਵਿੰਦਰ ਕੌਰ ਸੱਤੀ ਨੇ ਦੱਸਿਆ ਕਿ ਯੂਕਰੇਨ 'ਚ ਰਹਿੰਦੇ ਅਰਵਿੰਦਰ ਪਾਲ ਸਿੰਘ ਨਾਲ ਉਹ ਸੰਨ 2009 'ਚ ਵਿਆਹੀ ਗਈ ਸੀ। ਇਕ ਸਾਲ ਬਾਅਦ ਹੀ ਪਤੀ ਧੋਖਾ ਦੇ ਕੇ ਸਦਾ ਲਈ ਪਛਤਾਵੇ ਵਾਲੀ ਜ਼ਿੰਦਗੀ ਜਿਊਣ ਲਈ ਛੱਡ ਗਿਆ। ਅਦਾਲਤੀ ਮੁਕੱਦਮੇ ਰਾਹੀਂ 10 ਹਜ਼ਾਰ ਰੁਪਏ ਖ਼ਰਚਾ ਤੇ ਇਕ ਮਕਾਨ ਮਿਲਿਆ ਪਰ ਸਹੁਰੇ ਘਰ ਵਾਲਿਆਂ ਪਤੀ ਨੂੰ ਬੇਦਖ਼ਲ ਕਰਕੇ ਮਕਾਨ 'ਚੋਂ ਵੀ ਕੱਢ ਦਿੱਤਾ ਤੇ ਖ਼ਰਚਾ ਵੀ ਕਦੇ ਨਹੀਂ ਮਿਲਿਆ। ਰਾਜਪੁਰਾ ਸ਼ਹਿਰ ਦੀ ਹਰਪ੍ਰੀਤ ਕੌਰ ਨਾਲ ਵੀ ਇਹੀ ਬੀਤੀ। ਉਹ ਜਰਮਨ ਰਹਿੰਦੇ ਰਣਜੀਤ ਸਿੰਘ ਨਾਲ ਵਿਆਹੀ ਸੀ। ਇਕ ਸਾਲ ਬਾਅਦ ਉਹ ਛੱਡ ਗਿਆ। ਅਦਾਲਤ ਵਲੋਂ ਲਾਇਆ ਖ਼ਰਚਾ ਉਸ ਨੂੰ ਕਦੇ ਨਹੀਂ ਮਿਲਿਆ ਤੇ ਪਤੀ ਨੇ ਪਲਾਟ ਤੇ ਜ਼ਮੀਨ ਵੀ ਛੋਟੇ ਭਰਾ ਤੇ ਭੈਣਾਂ ਦੇ ਨਾਂ ਕਰ ਦਿੱਤੀ ਹੈ। ਹੇਡ਼ੂ ਕੇਰਦੀ ਜਗਰਾਵਾਂ ਦੀ ਸੀਮਾ ਨੇ ਦੱਸਿਆ ਕਿ ਕੁਵੈਤ ਰਹਿੰਦਾ ਲਖਬੀਰ ਸਿੰਘ ਉਸ ਨੂੰ ਛੱਡ ਗਿਆ ਤੇ ਉਸ ਕੋਲ ਪੰਜ ਸਾਲ ਦੀ ਪੁੱਤਰੀ ਹੈ। ਉਹ ਵੀ ਕਹਿ ਰਹੀ ਸੀ ਕਿ ਕਾਨੂੰਨ ਜਾਂ ਸਰਕਾਰ ਨੇ ਸਾਡਾ ਕਦੇ ਪੱਖ ਨਹੀਂ ਪੂਰਿਆ। ਉਸ ਮੁਤਾਬਕ, "ਮੈਂ ਤਾਂ ਹੁਣ ਲੜਾਈ ਇਸ ਲਈ ਲੜ ਰਹੀ ਹਾਂ ਕਿ ਕਿਤੇ ਮੇਰੀ ਬੱਚੀ ਦਾ ਭਵਿੱਖ ਵੀ ਮੇਰੇ ਵਾਲਾ ਨਾ ਬਣ ਜਾਵੇ।" ਗੁਰਦਾਸਪੁਰ ਦੀ ਨੌਜਵਾਨ ਸਰਬਜੀਤ ਕੌਰ 9 ਸਾਲ ਦੀ ਪੁੱਤਰੀ ਦੀ ਮਾਂ ਹੈ, ਉਸ ਦਾ ਪਤੀ ਦਲੇਰ ਸਿੰਘ ਕੈਨੇਡਾ ਰਹਿੰਦਾ ਹੈ। ਉਸ ਨੇ ਦੱਸਿਆ ਕਿ ਦਲੇਰ ਨੇ ਮੁਸਲਿਮ ਧਰਮ ਅਪਨਾ ਕੇ ਉੱਥੇ ਹੋਰ ਵਿਆਹ ਕਰਵਾ ਲਿਆ ਹੈ। ਲੁਧਿਆਣਾ ਦੀ ਹਰਪਿੰਦਰ ਕੌਰ ਦਾ ਸੰਨ 2006 'ਚ ਹਾਲੈਂਡ ਰਹਿੰਦੇ ਐਨਆਰਆਈ. ਨਾਲ ਵਿਆਹ ਹੋਇਆ ਸੀ, ਉਸ ਦੀ 9 ਸਾਲ ਦੀ ਬੇਟੀ ਹੈ ਪਰ ਪਤੀ ਤੇ ਸਹੁਰਾ ਪਰਿਵਾਰ ਦੋਵਾਂ ਨੇ ਧਿਰਕਾਰ ਛੱਡਿਆ ਹੈ। ਹੋਰ ਅਨੇਕਾਂ ਔਰਤਾਂ ਦੀਆਂ ਵੀ ਇਹੋ ਜਿਹੀਆਂ ਹੀ ਕਹਾਣੀਆਂ ਸਨ। ਇਸ ਤਰ੍ਹਾਂ ਪ੍ਰਵਾਸੀ ਪੰਜਾਬੀ ਲਾੜਿਆਂ ਵਲੋਂ ਧਿਰਕਾਰੀਆਂ 32 ਹਜ਼ਾਰ ਦੇ ਕਰੀਬ ਔਰਤਾਂ ਦੀ ਦਾਸਤਾਨ ਬੇਹੱਦ ਦਰਦਨਾਕ ਹੈ। ਇਨਸਾਫ਼ ਤੇ ਘਰ ਵਸਾਉਣ ਲਈ ਦਰ-ਦਰ ਭਟਕਦੀਆਂ ਫਿਰਦੀਆਂ ਹਟਕੋਰੇ ਲੈਂਦੀਆਂ ਇਹ ਧੀ-ਧਿਆਣੀਆਂ ਤੇ ਉਨ੍ਹਾਂ ਦੇ ਬੱਚੇ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਵਿਆਹ ਕਰਵਾ ਕੇ ਵਿਦੇਸ਼ੀਂ ਜਾ ਵੜੇ ਅਜਿਹੀਆਂ ਮੰਦਭਾਗੀਆਂ ਔਰਤਾਂ ਦੇ ਪਤੀ ਮੁੜ ਕੇ ਨਹੀਂ ਬਹੁੜੇ ਤੇ ਉਹ ਸਹੁਰੇ ਪਰਿਵਾਰਾਂ ਨੇ ਧੱਕੇ ਮਾਰ ਕੇ ਘਰੋਂ ਕੱਢ ਦਿੱਤੀਆਂ। ਸਹੁਰੇ ਪਰਿਵਾਰਾਂ ਨੇ ਧੋਖੇ ਨਾਲ ਉਨ੍ਹਾਂ ਦੇ ਪਤੀਆਂ ਦੀਆਂ ਜਾਇਦਾਦਾਂ ਨਣਦ ਜਾਂ ਦਿਉਰ ਦੇ ਨਾਂਅ ਚੜ੍ਹਾ ਦਿੱਤੀਆਂ। ਥਾਣਿਆਂ ਤੇ ਕਚਹਿਰੀ ਕਿਤੇ ਵੀ ਉਨ੍ਹਾਂ ਦੀ ਬਾਤ ਨਹੀਂ ਪੁੱਛੀ ਜਾ ਰਹੀ। ਅਨੇਕਾਂ ਪਤਨੀਆਂ ਅਤੇ ਆਸ਼ਰਤ ਬੱਚਿਆਂ ਨੇ ਅਦਾਲਤ ਦਾ ਬੂਹਾ ਖੜਕਾ ਕੇ

ਬਾਕੀ ਸਫ਼ਾ 33 'ਤੇ

## ਹੁਣ ਸ੍ਰੀ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦਾ ਵੀ ਖੁੱਲ੍ਹੇਗਾ ਰਸਤਾ

**ਕਰਤਾਰਪੁਰ ਸਾਹਿਬ/ਬਿਊਰੋ ਨਿਊਜ਼ :** ਕਰਤਾਰਪੁਰ ਸਾਹਿਬ ਲਾਂਘੇ ਤੋਂ ਬਾਅਦ ਪਾਕਿਸਤਾਨ ਵੱਲੋਂ ਇਕ ਹੋਰ ਖ਼ੁਸ਼ਖ਼ਬਰੀ ਆਈ ਹੈ। ਹੁਣ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦਾ ਰਸਤਾ ਵੀ ਖੁੱਲ੍ਹੇਗਾ। ਪਾਕਿਸਤਾਨ ਸਰਕਾਰ ਇਸ ਉਤੇ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ ਕਰਤਾਰਪੁਰ ਲਾਂਘੇ ਦੀ ਉਸਾਰੀ ਦਾ ਕੰਮ ਵੀ ਜ਼ੋਰਾਂ ਉਤੇ ਚੱਲ ਰਿਹਾ ਹੈ। ਉਧਰ ਪਾਕਿਸਤਾਨ ਦੀ ਫੈਡਰਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਇਸ ਲਾਂਘੇ ਨੂੰ ਅੱਠ ਘੰਟਿਆਂ ਲਈ ਖੋਲ੍ਹਣ ਦੇ ਫ਼ੈਸਲੇ ਦਾ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਸਵਾਗਤ ਕੀਤਾ ਹੈ।

# Sir Speedy Tustin
Printers to the Community




## Outdoor 3'x11' Promo Flag
**Only $29/-**
Pole & Spike $55/-




## Outdoor 3'x6' Durable Banner
All weather, durable to sunlight, rain and wear & tear. Text only.
**Only $69/-**




## Receipt Books
Customized with your information and design. 2 part carbonless with numbering and perforation.
**Call for Price**




## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**




## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**




## 11" Printed Balloons
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100

## Your Printed T-Shirts
**Only $4.99**




1 color in 1 position. Min Qty. 100

## Your Printed Caps
**Only $4.99**




## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

## ਪੱਤਰਕਾਰਾਂ ਲਈ ਪੰਜਵਾਂ ਸਭ ਤੋਂ ਖ਼ਤਰਨਾਕ ਦੇਸ਼ ਹੈ ਭਾਰਤ

ਮਿਸਰ 'ਚ 33, ਈਰਾਨ ਅਤੇ ਸਾਊਦੀ ਅਰਬ 'ਚ 28 ਪੱਤਰਕਾਰਾਂ ਨੂੰ ਡਿਟੇਂਡ ਕੀਤਾ ਗਿਆ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਅਫਗਾਨਿਸਤਾਨ 'ਚ ਹੀ ਸਾਲ 2018 ਵਿਚ 15 ਪੱਤਰਕਾਰ ਮਾਰੇ ਗਏ। ਅਫਗਾਨਿਸਤਾਨ ਨੂੰ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਦੇਸ਼ ਦੱਸਿਆ ਗਿਆ ਹੈ। ਸੀਰੀਆ 'ਚ 11 ਜਰਨਲਿਸਟਾਂ ਦੀ ਹੱਤਿਆ ਹੋਈ। ਮੈਕਸਿਕੋ 'ਚ 9, ਯਮਨ 'ਚ 8, ਯੂਨਾਈਟਿਡ ਸਟੇਟ ਅਤੇ ਭਾਰਤ 'ਚ 6 ਪੱਤਰਕਾਰ ਮਾਰੇ ਗਏ।

ਯੂਐੱਸ 'ਚ ਇਸ ਸਾਲ 6 ਪੱਤਰਕਾਰ ਮਾਰੇ ਗਏ, ਇਨ੍ਹਾਂ 'ਚੋਂ 5 ਜਰਨਲਿਸਟ ਇੱਕ ਹੀ ਸੰਸਥਾ 'ਕੈਪੀਟਲ ਗੈਜ਼ੇਟ' ਦੇ ਸਨ। ਇੱਥੇ 'ਐਨਾਪਾਲਿਸ' ਸਥਾਨਕ ਅਖ਼ਬਾਰ ਹੈ। ਉਥੇ ਯੂਐੱਸ 'ਚ ਹੀ ਇਸ ਸਾਲ 28 ਜੂਨ ਨੂੰ ਪੱਤਰਕਾਰ ਮੈਰੀਲੈਂਡ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਸਾਲ 'ਵਾਸ਼ਿੰਗਟਨ ਪੋਸਟ' ਦੇ ਜਮਾਲ ਖਸ਼ੋਗੀ ਦੀ ਵੀ ਹੱਤਿਆ ਹੋਈ, ਜਿਸ 'ਤੇ ਪੂਰੀ ਦੁਨੀਆ 'ਚ ਰਚਰਾ ਹੋਈ। ਖਸ਼ੋਗੀ ਦੀ ਹੱਤਿਆ 2 ਅਕਤੂਬਰ ਨੂੰ ਸਾਊਦੀ ਅਰਬ 'ਚ ਦਰਦਨਾਕ ਤਰੀਕੇ ਨਾਲ ਕੀਤੀ ਗਈ। ਉਹਨਾ ਦੀ ਹੱਤਿਆ ਨੇ ਸਿਆਸੀ ਭੁਚਾਲ ਲਿਆ ਦਿੱਤਾ ਸੀ।

## ਸਿੱਖ ਧਰਮ ਦੀ ਬੁਨਿਆਦ 'ਚ ਸ਼ਹਾਦਤ ਦਾ ਸੰਕਲਪ

ਇਹ ਕੋਈ ਹੋਰ ਤੀਰਥ (ਸਰਜ਼ਮੀਨ) ਨਹੀਂ, ਸਗੋਂ ਇਹ ਤਾਂ ਉਹ ਧਰਤੀ ਹੈ ਜਿਸ ਦੀ ਕੀਮਤ ਦੁਨੀਆਂ ਦੇ ਇਤਿਹਾਸਕ ਵਹੀ ਖਾਤਿਆਂ ਵਿਚ ਸਭ ਨਾਲੋਂ ਵੱਧ ਅਦਾ ਕਰਕੇ ਭਾਵ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਖ਼ਰੀਦੀ ਗਈ ਸੀ। ਅਜਿਹੇ ਕਾਰਨਾਮਿਆਂ ਸਦਕਾ ਹੀ ਤਾਂ ਕਿਹਾ ਜਾਂਦਾ ਹੈ, "ਸਿੱਖੀ ਸਰੀਰਾਂ ਦਾ ਨਹੀਂ ਸਗੋਂ ਰੂਹਾਂ ਦਾ ਕਾਫ਼ਲਾ ਹੈ।" ਸਦੀਆਂ ਤੋਂ ਕਾਇਮ ਮੁਗਲ ਸਲਤਨਤ ਦੀਆਂ ਜੜ੍ਹਾਂ ਉਖੜਨੀਆਂ ਇਸੇ ਲਾਸਾਨੀ ਸ਼ਹਾਦਤ ਦਾ ਹੀ ਕਮਾਲ ਸੀ। ਸਿੱਖ ਧਰਮ ਵਿਚ ਸ਼ਹਾਦਤ ਦਾ ਜੇਕਰ ਸਮੁੱਚਾ ਮੁਲਾਂਕਣ ਕਰੀਏ ਤਾਂ ਸਿੱਖ ਕੌਮ ਅੰਦਰ ਇਹ ਸਥਿਤੀ ਬੜੀ ਸਪਸ਼ਟ ਹੋ ਜਾਂਦੀ ਹੈ ਕਿ 'ਸ਼ਹਾਦਤ' ਦੀ ਸ਼੍ਰੇਣੀ ਵਿਚ ਇਕ ਸ਼ਹੀਦ ਉਹ ਗਿਣੇ ਜਾਂਦੇ ਹਨ ਜਿਨ੍ਹਾਂ ਨੇ ਧਰਮ ਦੇ ਮਾਰਗ 'ਤੇ ਚਲਦਿਆਂ ਸੱਚੇ ਸੁੱਚੇ ਆਦਰਸ਼ ਲਈ ਸ਼ਾਂਤ ਚਿੱਤ ਹੋ ਕੇ ਕੁਰਬਾਨੀ ਦਿੱਤੀ। ਨਿੱਜ ਤੋਂ ਹਟ ਕੇ ਪਰ ਲਈ ਜੀਵਣਾ ਅਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਨੂੰ ਅਜਿਹੇ ਸ਼ਹੀਦ ਆਪਣਾ ਜੀਵਨ ਮਕਸਦ ਸਮਝਦੇ ਹਨ। ਸਿੱਖ ਧਰਮ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਕਾਫ਼ਲੇ ਦੇ ਮੋਹਰੀ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਲਾਮ ਜਗਤ ਵਿਚ ਪੈਗੰਬਰ ਮਨਸੂਰ ਨੇ 'ਅਨਲਹੱਕ' (ਮੇਰੇ ਅੰਦਰ ਖ਼ੁਦਾ ਦਾ ਵਾਸ ਹੈ) ਦਾ ਨਾਅਰਾ ਲਗਾਇਆ ਸੀ, ਜਿਸ ਨੂੰ ਵਕਤ ਦੇ ਜਾਲਮ ਹਾਕਮ ਨਮਰੂਦ ਨੇ ਸੂਲੀ ਚੜ੍ਹਾ ਦਿੱਤਾ ਸੀ।

ਸ਼ਹਾਦਤ ਦੇ ਮਕਸਦ ਦੀ ਪੂਰਤੀ ਲਈ ਦੂਜੀ ਸ਼੍ਰੇਣੀ ਦੇ ਉਹ 'ਸ਼ਹੀਦ' ਹਨ ਜਿਨ੍ਹਾਂ ਨੇ ਪਰਉਪਕਾਰ ਕਰਦਿਆਂ ਦੂਸਰੇ ਧਰਮਾਂ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਜੀ ਇਸ ਸ਼ਹਾਦਤ ਦੀ ਇਤਿਹਾਸਕ ਮਿਸਾਲ ਹਨ, ਕਿਉਂਕਿ ਗੁਰੂ ਸਾਹਿਬ ਜੀ ਇਸ ਮਕਸਦ ਦੀ ਪੂਰਤੀ ਲਈ ਆਪਣੇ ਕਾਤਲ ਕੋਲ ਖ਼ੁਦ 300 ਮੀਲ ਪੈਦਲ ਚੱਲ ਕੇ ਜਾਂਦੇ ਹਨ। ਤੀਜੇ ਸ਼ਹੀਦ ਉਹ ਹਨ ਜੋ ਅਣਖ, ਗ਼ੈਰਤ ਖ਼ਾਤਰ ਮੈਦਾਨੇ ਜੰਗ ਅੰਦਰ ਜੂਝਦੇ ਹੋਏ ਜ਼ੁਲਮ ਤੇ ਜਾਲਮ ਵਿਰੁੱਧ ਲੜਦਿਆਂ ਸ਼ਹਾਦਤ ਦਾ ਜਾਮ ਪੀਂਦੇ ਹਨ। ਇਸ ਘੋਲ ਵਿਚ ਸਿੱਖ ਕੌਮ ਦੇ ਅਣਗਿਣਤ ਸ਼ਹੀਦ ਹੋਏ ਹਨ ਜੋ ਪੂਰੇ ਜਾਹੋ-ਜਲਾਲ ਤੇ ਸ਼ਿੱਦਤ ਨਾਲ ਮੌਤ ਰੂਪੀ ਸ਼ਮਾ ਦੇ ਪਰਵਾਨੇ ਬਣੇ। ਦਰਅਸਲ ਸਿੱਖ ਕੌਮ ਨੂੰ 'ਸ਼ਹਾਦਤ' ਦੇ ਵਾਰਸ ਬਣਾਉਣ ਲਈ ਜਿਥੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਹਨ, ਉਥੇ 'ਸ਼ਹਾਦਤ' ਦੀ ਜਾਗ ਨੂੰ ਸਦੀਵੀ ਰੱਖਣ ਪਿੱਛੇ ਕਾਰਜਸ਼ੀਲ ਬਾਣੀ ਹੈ। ਬਾਣੀ ਜਦੋਂ ਬਾਣੇ ਵਿਚ ਪ੍ਰਵੇਸ਼ ਹੁੰਦੀ ਹੈ ਤਾਂ ਉਦੋਂ ਭਗਤੀ ਸ਼ਕਤੀ ਦਾ ਰੂਪ ਧਾਰਨ ਕਰ ਲੈਂਦੀ ਹੈ। ਨਤੀਜੇ ਵਜੋਂ ਸੰਤ ਸਿਪਾਹੀ ਦੇ ਹੱਥ ਸ਼ਾਸਤਰ ਦੀ ਥਾਂ ਸ਼ਸਤਰ ਆ ਜਾਂਦਾ ਹੈ ਤਾਂ ਕੋਈ ਪਰਵਾਨਾ 'ਸ਼ਹੀਦ' ਹੋ ਨਿਬੜਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਤੋਂ ਸ਼ਹਾਦਤ ਦੀ ਪ੍ਰੇਰਨਾ ਲੈਂਦਿਆਂ ਸਮੇਂ ਸਮੇਂ ਵਕਤੀ ਜਬਰ/ਜ਼ੁਲਮ ਵਿਰੁੱਧ ਅੜਨ/ਲੜਨ ਵਾਲੇ ਸ਼ਹੀਦਾਂ ਦੀ ਇਕ ਲੰਮੀ ਸੂਚੀ ਬਣ ਗਈ, ਜਿਸ 'ਤੇ ਅੱਜ ਹਰ ਸਿੱਖ ਮਾਣ ਕਰਦਾ ਹੈ। ਮੁਕਦੀ ਗੱਲ ਤਾਂ ਇਹ ਹੈ ਕਿ ਜਿਸ ਧਰਮ ਦੀ ਬੁਨਿਆਦ ਹੀ ਸ਼ਹੀਦਾਂ ਦੀਆਂ ਹੱਡੀਆਂ 'ਤੇ ਉੱਸਰੀ ਹੋਵੇ ਭਲਾ ਉਸ ਕੌਮ ਦਾ ਕੋਈ ਕੀ ਵਿਗਾੜ ਸਕਦਾ ਹੈ:

ਜਿਸ ਕੌਮ ਨੂੰ ਮਰਨ ਦਾ ਚਾਅ ਹੋਵੇ, ਉਹ ਕੌਮ ਕਦੇ ਨਹੀਂ ਡਰ ਸਕਦੀ।

ਜਿਸ ਕੌਮ ਦਾ ਜ਼ਿੰਦਾ ਇਤਿਹਾਸ ਹੋਵੇ, ਉਹ ਕੌਮ ਕਦੇ ਨਹੀਂ ਮਰ ਸਕਦੀ।

## ਸਿੱਖ ਭਾਈਚਾਰੇ ਦੀ ਕੈਨੇਡਾ ਨਾਲ ਨਾਰਾਜ਼ਗੀ

ਦੇ ਜਨਰਲ ਸਕੱਤਰ ਹਰਚੰਦ ਸਿੰਘ ਗਿੱਲ ਨੇ ਸੈਮੀਨਾਰ ਲਈ ਸੁਸਾਇਟੀ ਵਲੋਂ ਦਿੱਤੇ ਸਹਿਯੋਗ ਅਤੇ ਆਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦਾ ਸੰਚਾਲਨ ਮਨਮੋਹਣ ਸਿੰਘ ਸਮਰਾ ਨੇ ਕੀਤਾ।

ਇਸ ਮੌਕੇ 'ਤੇ ਹਾਜ਼ਰ ਸ਼ਖ਼ਸੀਅਤਾਂ 'ਚ ਸਰੀ ਸੈਂਟਰ ਤੋਂ ਐਮਪੀ. ਰਣਦੀਪ ਸਿੰਘ ਸਰਾਏ, ਮੋਤਾ ਸਿੰਘ ਝੀਤਾ, ਡਾ. ਗੁਰਨਾਮ ਸਿੰਘ ਸੰਘੇੜਾ, ਦਸਤਾਰ ਦਾ ਕੇਸ ਜਿੱਤਣ ਵਾਲੇ ਅਵਤਾਰ ਸਿੰਘ ਢਿੱਲੋਂ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਕੇਂਦਰੀ ਪੰਜਾਬੀ ਸਭਾ ਉੱਤਰੀ ਅਮਰੀਕਾ ਦੇ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ, ਪੰਜਾਬੀ ਲੇਖਕ ਮੰਚ ਦੇ ਅਮਰੀਕ ਪਲਾਹੀ, ਹਰਪਾਲ ਸਿੰਘ ਲੱਖਾ, ਜਗਤਾਰ ਸਿੰਘ ਸੰਧੂ, ਪ੍ਰੋਫੈਸਰ ਗੋਬਿੰਦਰ ਸਿੰਘ, ਸਾਇਸਦਾਨ ਡਾ. ਜਗਜੀਤ ਸਿੰਘ ਵੈਨਕੂਵਰ, ਜਥੇਦਾਰ ਮਨਜੀਤ ਸਿੰਘ ਧਾਮੀ, ਸ. ਗੁਰਲਾਲ ਸਿੰਘ ਸੰਪਾਦਕ ਪੰਜਾਬੀ ਟ੍ਰਿਬਿਊਨ, ਚਿੰਤਕ ਤੇ ਪੱਤਰਕਾਰ ਬਖਸ਼ਿੰਦਰ, ਸੁਖਵਿੰਦਰ ਸਿੰਘ ਚੋਹਲਾ, ਗੋਲਡੀ ਦਿਉਲ ਤੋਂ ਇਲਾਵਾ ਵੱਡੀ ਗਿਣਤੀ 'ਚ ਅਹਿਮ ਸ਼ਖ਼ਸੀਅਤਾਂ ਹਾਜ਼ਰ ਸਨ।

## ਸਭਿਆਚਾਰਕ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ : ਗੁਰੂ ਗ੍ਰੰਥ ਸਾਹਿਬ

ਪਰਦਾਫ਼ਾਸ਼ ਕਰਕੇ ਆਤੰਕਿਤ ਅਤੇ ਸ਼ੋਸ਼ਿਤ ਪਰਜਾ ਦੇ ਮਨੋਬਲ ਨੂੰ ਮਜ਼ਬੂਤ ਕਰਦਾ ਹੈ। ਇਸੇ ਤਰ੍ਹਾਂ ਹੀ ਇਹ ਬ੍ਰਾਹਮਣਵਦੀ ਕਰਮਕਾਂਡ ਅਤੇ ਮਨੂਵਾਦੀ ਜਾਤੀ-ਪ੍ਰਥਾ ਦੇ ਵਿਵੇਕਹੀਣ ਤੰਤਰ ਦੀ ਨਿਖੇਧੀ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਮਨੁੱਖ ਨੂੰ, ਗੁਰਬਾਣੀ ਵਿਚ ਪੇਸ਼ ਹੋਏ ਦੈਵੀ ਸੱਤਾ ਦੇ ਸੰਕਲਪ (ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।) ਨੂੰ, ਨੈਤਿਕ ਅਗਵਾਈ ਦਾ ਰੂਹਾਨੀ ਮਾਡਲ ਬਣਾਉਣ ਲਈ ਪ੍ਰੇਰਦਾ ਹੈ। ਨਿਰਭਉ ਅਤੇ ਨਿਰਵੈਰੁ ਹੋ ਕੇ ਜਿਉਣ ਵਾਲੀ ਇਸ ਜੀਵਨ-ਵਿਧੀ ਵਿਚ ਸਭਿਆਚਾਰਕ ਕ੍ਰਾਂਤੀ ਦਾ ਹੀ ਪ੍ਰਤੱਖ ਪ੍ਰਮਾਣ ਦਿਖਾਈ ਦਿੰਦਾ ਹੈ।

ਹੁਣ ਦੇਖਣਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਬਾਣੀ ਦੇ ਪ੍ਰਵਚਨ ਵਿਚ ਮਾਨਵ-ਮੁਕਤੀ ਦਾ ਕਿਸ ਕਿਸਮ ਦਾ ਸੰਕਲਪ ਪੇਸ਼ ਹੁੰਦਾ ਹੈ। ਮੁੱਢਲੀ ਗੱਲ ਇਹ ਹੈ ਕਿ ਭਾਰਤ ਦੀਆਂ ਸਮੂਹ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾਵਾਂ ਵਿਚ ਮਨੁੱਖੀ ਜੀਵਨ ਦੇ ਪਰਮ ਮਨੋਰਥ ਜਾਂ ਪਰਮਾਰਥ ਨੂੰ ਮੋਖ, ਮੁਕਤਿ ਜਾਂ ਨਿਰਵਾਣ ਵਰਗੇ ਸੰਕਲਪਾਂ ਦੇ ਹਵਾਲੇ ਨਾਲ ਪਰਿਭਾਸ਼ਿਤ ਕਰਨ ਦੀ ਚੇਸ਼ਟਾ ਕੀਤੀ ਗਈ ਹੈ। ਮਿਸਾਲ ਵਜੋਂ ਕਲਾਸੀਕਲ ਹਿੰਦੂ ਪਰੰਪਰਾ ਅਨੁਸਾਰ ਮਨੁੱਖੀ ਜੀਵਨ ਦੇ ਚਾਰ ਪਰਮ-ਆਦਰਸ਼ ਜਾਂ ਪਦਾਰਥ ਹਨ - ਧਰਮ, ਅਰਥ, ਕਾਮ ਅਤੇ ਮੋਖ। ਇਨ੍ਹਾਂ ਵਿਚੋਂ ਮੋਖ ਨੂੰ ਸਰਬ-ਉੱਚ ਮੰਨਿਆਂ ਗਿਆ ਹੈ। ਇਥੇ ਧਰਮ ਮਨੁੱਖੀ ਆਚਰਣ ਅਤੇ ਵਿਹਾਰ ਨੂੰ ਨਿਯੰਤਰਿਤ ਕਰਨ ਵਾਲੇ ਨੈਤਿਕ ਵਿਧਾਨ ਦਾ ਲਖਾਇਕ ਹੈ ਜਦੋਂ ਕਿ ਅਰਥ ਅਤੇ ਕਾਮ ਮਨੁੱਖੀ ਜੀਵਨ ਦੀਆਂ ਭੌਤਿਕ ਅਤੇ ਪ੍ਰਵਿਰਤੀ-ਮੂਲਕ ਲੋੜਾਂ ਦੀ ਪੂਰਤੀ ਦੇ ਆਧਾਰ ਹਨ। ਇਹ ਪਹਿਲੇ ਤਿੰਨ ਪਦਾਰਥ ਮਨੁਖੀ ਹੋਂਦ ਦੇ ਲੌਕਿਕ ਸਰੋਕਾਰ ਮੰਨੇ ਜਾ ਸਕਦੇ ਹਨ। ਇਨ੍ਹਾਂ ਦੇ ਮੁਕਾਬਲੇ ਉੱਤੇ ਮੋਖ ਦਾ ਖੇਤਰ ਪਰਮਾਰਥ (ultimate reality) ਦੀ ਚੇਤਨਾ ਦਾ ਖੇਤਰ ਹੈ ਜੋ ਇਨ੍ਹਾਂ ਲੌਕਿਕ ਸਰੋਕਾਰਾਂ ਨੂੰ ਅਲੌਕਿਕ ਜਾਂ ਪਾਰਗਾਮੀ ਸੰਦਰਭ ਪ੍ਰਦਾਨ ਕਰਦਾ ਹੈ। ਇਸੇ ਤਰ੍ਹਾਂ ਹੀ ਬੌਧ-ਚਿੰਤਨ ਅਨੁਸਾਰ ਮਨੁੱਖੀ ਜੀਵਨ ਦੇ ਪਰਮਾਰਥ ਨੂੰ ਨਿਰਵਾਣ ਦੇ ਹਵਾਲੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਤ੍ਰਿਸ਼ਨਾ ਜਾਂ ਕਾਮਨਾ ਦੀ ਭਟਕਣ ਤੋਂ ਮੁਕਤ ਹੋਣ ਦੀ ਅਵਸਥਾ ਮੰਨੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਪਾਠ-ਪ੍ਰਬੰਧ ਵਿਚ ਵੀ ਭਾਰਤੀ ਦਾਰਸ਼ਨਿਕ ਪਰੰਪਰਾ ਅਨੁਸਾਰ ਮਨੁੱਖੀ ਜੀਵਨ ਦੇ ਪਰਮਾਰਥ ਵਲ ਸੰਕੇਤ ਕਰਨ ਵਾਲੇ ਉਪਰੋਕਤ ਸੰਕਲਪੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜੋ ਇਸਦੀ ਪੂਰਬ-ਪ੍ਰਚਲਿਤ ਪਰੰਪਰਾ ਨਾਲ ਅੰਦਰੂਨੀ ਸਾਂਝ ਦਾ ਅਹਿਸਾਸ ਕਰਾਉਂਦੀ ਹੈ। ਤਾਂ ਵੀ ਗੁਰਬਾਣੀ ਦਾ ਪ੍ਰਵਚਨ-ਵਿਧਾਨ ਇਨ੍ਹਾਂ ਪਰੰਪਰਕ ਸੰਕਲਪਾਂ ਨੂੰ ਇੰਨ-ਬਿੰਨ ਉਨ੍ਹਾਂ ਅਰਥਾਂ ਵਿਚ ਇਸਤੇਮਾਲ ਨਹੀਂ ਕਰਦਾ ਸਗੋਂ ਇਨ੍ਹਾਂ ਨੂੰ ਸੰਵਾਦ ਦੀ ਪ੍ਰਕਿਰਿਆ ਵਿਚ ਪਾ ਕੇ ਅਰਥਾਂ ਦਾ ਨਵਾਂ ਪਰਿਪੇਖ ਉਸਾਰਨ ਵੱਲ ਰੁਚਿਤ ਹੁੰਦਾ ਹੈ। ਸਿੱਟੇ ਵਜੋਂ ਇਥੇ ਮਾਨਵ-ਮੁਕਤੀ ਦਾ ਨਵਾਂ ਸੰਕਲਪ ਉਜਾਗਰ ਹੁੰਦਾ ਹੈ ਜੋ ਇਸ ਪ੍ਰਵਚਨ ਦੇ ਕ੍ਰਾਂਤੀਕਾਰੀ ਸੁਭਾ ਦੇ ਅਨੁਰੂਪ ਹੈ।

ਮੋਖ, ਮੁਕਤ ਜਾਂ ਨਿਰਵਾਣ ਦੇ ਸੰਕਲਪ ਮੂਲ ਰੂਪ ਵਿਚ ਮਨੁੱਖੀ ਜੀਵਨ ਦੀ ਉਸ ਬੰਧਨ- ਸਥਿਤੀ ਜਾਂ ਭਵਸਾਗਰ ਦੀ ਭਟਕਣ ਵਲ ਸੰਕੇਤ ਕਰਦੇ ਹਨ ਜਿਨ੍ਹਾਂ ਤੋਂ ਛੁਟਕਾਰਾ ਹਾਸਿਲ ਕਰਨਾ ਇਸ ਦਾ ਪਰਮ-ਮਨੋਰਥ ਮੰਨਿਆਂ ਗਿਆ ਹੈ। ਮਨੁੱਖ ਦੀ ਹਸਤੀ ਅਤੇ ਹੋਂਦ ਨੂੰ ਮੁਕਤੀ ਅਤੇ ਬੰਧਨ ਦੇ ਸੰਦਰਭ ਵਿਚ ਰੱਖ ਕੇ ਪਰਿਭਾਸ਼ਿਤ ਕਰਨ ਲਈ ਸਭ ਤੋਂ ਪਹਿਲਾਂ ਮਨੁੱਖ ਦੇ ਸੰਕਲਪ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ। ਵਿਸ਼ਵ ਦੇ ਸਮੂਹ ਧਾਰਮਿਕ ਅਤੇ ਦਾਰਸ਼ਨਿਕ ਚਿੰਤਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੀ ਸਮੱਸਿਆ-ਗ੍ਰਸਤ ਹਸਤੀ ਅਤੇ ਹੋਂਦ ਵੱਲ ਸੰਕੇਤ ਕੀਤਾ ਹੈ। ਨਿਰੰਕੁਸ਼ ਜਾਂ ਨਿਰਪੇਖ ਸੁਤੰਤਰਤਾ ਮਨੁੱਖੀ ਹੋਂਦ ਦੇ ਹਿੱਸੇ ਨਹੀਂ ਆਉਂਦੀ ਸਗੋਂ ਬੰਧਨ ਅਤੇ ਸੁਤੰਤਰਤਾ ਦੇ ਸਦੀਵੀ ਦਵੰਦ ਵਿਚ ਵਿਚਰਨਾ ਹੀ ਉਸ ਦੀ ਹੋਣੀ ਹੈ। ਅਜਿਹੀ ਸਥਿਤੀ ਵਿਚ ਜ਼ਾਹਰ ਹੈ ਕਿ ਮਾਨਵ-ਮੁਕਤੀ ਦਾ ਵਾਸਤਵਿਕ ਖੇਤਰ ਜੀਵਾਤਮਕ ਅਤੇ ਭੌਤਿਕ ਲੋੜਾਂ ਤੋਂ ਮੁਕਤੀ ਦਾ ਖੇਤਰ ਨਹੀਂ ਅਤੇ ਨਾ ਹੀ ਸਮਾਜ-ਸਭਿਆਚਾਰ ਦੀ ਅਨਿਵਾਰਤਾ ਤੋਂ ਮੁਕਤੀ ਦਾ ਖੇਤਰ ਹੈ। ਮਨੁੱਖ ਆਪਣੀ ਮਾਨਵੀ ਸੁਤੰਤਰਤਾ ਨਿੱਜ (self) ਅਤੇ ਪਰ (other) ਨਾਲ ਇਕਸੁਰ ਹੋ ਕੇ ਜਿਉਣ ਦੀ ਸਥਿਤੀ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਬਾਣੀ ਦੇ ਪ੍ਰਵਚਨ ਵਿਚ ਵੀ ਮਾਨਵ-ਮੁਕਤੀ ਦਾ ਕੁਝ ਇਸੇ ਕਿਸਮ ਦਾ ਸੰਕਲਪ ਉੱਭਰ ਕੇ ਸਾਹਮਣੇ ਆਉਂਦਾ ਹੈ। ਇਥੇ ਮੁਕਤੀ ਨੂੰ ਇਕ ਵਿਸ਼ੇਸ਼ ਭਾਂਤ ਦੀ ਮਨੋਸਥਿਤੀ ਅਤੇ ਜੀਵਨ-ਵਿਧੀ ਦਾ ਪ੍ਰਤਿਫਲ ਮੰਨਿਆ ਗਿਆ ਹੈ। ਬਾਣੀਕਾਰਾਂ ਨੇ ਮਨੁੱਖ ਦੀ ਮੁਕਤ-ਅਵਸਥਾ ਨੂੰ ਆਪੇ ਦੇ ਬ੍ਰਹਮ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਣ ਦੀ ਅਵਸਥਾ ਵਜੋਂ ਪਰਿਭਾਸ਼ਿਤ ਕੀਤਾ ਹੈ। ਇਹ ਮੁਕਤ-ਅਵਸਥਾ ਕਾਮਨਾ ਦੇ ਦਮਨ ਰਾਹੀਂ ਨਹੀਂ ਸਗੋਂ ਸੰਜਮ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਹ ਸੰਸਾਰ ਜਾਂ ਸਮਾਜ-ਸਭਿਆਚਾਰ ਤੋਂ ਭਾਂਜ ਦਾ ਮਾਰਗ ਨਹੀਂ ਸਗੋਂ ਸੰਸਾਰ ਦੀ ਸੰਸਾਰਿਕਤਾ ਤੋਂ ਨਿਰਲੇਪ ਹੋ ਕੇ ਵਿਚਰਨ ਦਾ ਮਾਰਗ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ :

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥
ਗੁਰ ਕੈ ਸਬਦਿ ਸਦਾ ਹਰਿ ਧਿਆਏ
ਏਹਾ ਭਗਤਿ ਹਰਿ ਭਾਵਣਿਆ॥ (ਗੁਰੂ ਗ੍ਰੰਥ ਸਾਹਿਬ, ਪੰਨਾ - 122)।

ਬਾਣੀਕਾਰਾਂ ਨੇ ਹਉਮੈ ਅਤੇ ਮਮਤਾ ਨੂੰ ਬੰਧਨ ਦਾ ਕਾਰਣ ਦਰਸਾਉਂਦਿਆਂ ਮਨੁੱਖ ਨੂੰ ਹੁਕਮ ਦੇ ਬ੍ਰਹਿਮੰਡੀ ਵਿਧਾਨ ਨਾਲ ਇਕਸੁਰ ਹੋ ਕੇ ਜਿਉਣ ਦੀ ਚੇਤਨਾ ਜਗਾਉਣ ਦਾ ਉਪਰਾਲਾ ਕੀਤਾ ਹੈ ਜੋ ਮਾਨਵ-ਮੁਕਤੀ ਦੀ ਸਰਬੋਤਮ ਸਥਿਤੀ ਮੰਨੀ ਜਾ ਸਕਦੀ ਹੈ :

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥
(ਗੁਰੂ ਗ੍ਰੰਥ ਸਾਹਿਬ, ਪੰਨਾ - 1427)।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਗੁਰੂ ਗ੍ਰੰਥ ਸਾਹਿਬ, ਪੰਨਾ - 1)।

ਇਉਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਪ੍ਰਵਚਨ ਇਕ ਅਜਿਹੇ ਮਾਨਵ ਦਾ ਆਦਰਸ਼ ਪ੍ਰਸਤੁਤ ਕਰਦਾ ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਪ੍ਰੇਰਕ ਵਿਕਾਰਾਂ ਤੋਂ ਮੁਕਤ ਹੋ ਕੇ ਆਪੇ ਨਾਲ ਇਕਸੁਰ ਹੋ ਕੇ ਵਿਚਰਦਾ ਹੈ ਅਤੇ ਗਿਰਹੀ ਮਾਹਿ ਉਦਾਸਾ ਦੀ ਨਿਰਲੇਪ ਭਾਵਨਾ ਧਾਰਣ ਕਰਦਾ ਹੋਇਆ ਸੰਸਾਰ ਦੀ ਸੰਸਾਰਿਕਤਾ ਨਾਲ ਮਾਨਸਿਕ ਦੂਰੀ ਥਾਪਣ ਦੀ ਚੇਸ਼ਟਾ ਕਰਦਾ ਹੈ। ਉਹ ਆਪਣੀ ਹਉਮੈ ਦੀ ਤੰਗ ਵਲਗਣ ਵਿਚੋਂ ਉੱਭਰ ਕੇ ਬ੍ਰਹਿਮੰਡੀ ਹੁਕਮ ਨਾਲ ਵੀ ਇਕਸੁਰ ਹੋਣ ਦਾ ਜਤਨ ਕਰਦਾ ਹੈ। ਇਸ ਕਿਸਮ ਦੀ ਸਥਿਤੀ ਨੂੰ ਹੀ ਬਾਣੀਕਾਰਾਂ ਨੇ ਮਾਨਵ-ਮੁਕਤੀ ਦੇ ਸਰਬੋਤਮ ਆਦਰਸ਼ ਵਜੋਂ ਸਥਾਪਿਤ ਕੀਤਾ ਹੈ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਬਾਣੀ ਮੱਧਕਾਲੀਨ ਭਾਰਤ ਦੀ ਅਜਿਹੀ ਮਹੱਤਵਪੂਰਣ ਸਭਿਆਚਾਰਕ ਟੈਕਸਟ ਹੈ ਜੋ ਸਭਿਆਚਾਰਕ ਕ੍ਰਾਂਤੀ ਦਾ ਸੰਦੇਸ਼ ਸੰਚਾਰਿਤ ਕਰਦੀ ਹੈ ਅਤੇ ਮਨੁੱਖੀ ਜੀਵਨ ਨੂੰ ਪ੍ਰਮਾਣਿਕ ਹੋਂਦ ਦੇ ਗੌਰਵ ਨਾਲ ਜੋੜਣ ਦਾ ਉਪਰਾਲਾ ਵੀ ਕਰਦੀ ਹੈ। ਉਪਰੋਕਤ ਸਥਿਤੀ ਦੇ ਸੰਦਰਭ ਵਿਚ ਇਸ ਰਚਨਾ ਨੂੰ ਹੱਕੀ ਤੌਰ ਤੇ ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਪ੍ਰਵਚਨ ਆਖਿਆ ਜਾ ਸਕਦਾ ਹੈ।

## ਨਿੱਕੀਆਂ ਜਿੰਦਾਂ ਦਾ ਮਹਾਨ ਸਾਕਾ

ਦੇ ਲਾਲਾਂ ਨੂੰ ਸਿੱਖੀ ਸਰੂਪ ਵਿਚ ਸਹੀ ਸਲਾਮਤ ਆਉਂਦੇ ਵੇਖ ਕੇ ਦਾਦੀ ਮਾਂ ਨੇ ਅਕਾਲ ਪੁਰਖ ਦਾ ਦਿਲੋਂ ਧੰਨਵਾਦ ਕੀਤਾ। ਕਾਫੀ ਸਮਾਂ ਗਲਵੱਕੜੀ ਵਿਚ ਲਏ ਬੱਚੇ ਦਾਦੀ ਮਾਂ ਦੇ ਪਿਆਰ ਦਾ ਅਨੰਦ ਮਾਣਦੇ ਰਹੇ। ਬੱਚਿਆਂ ਨੂੰ ਅਗਲੇ ਦਿਨ ਫਿਰ ਕਚਹਿਰੀ ਵਿਚ ਹੋਰ ਵੀ ਵਧੇਰੇ ਲਾਲਚ ਡਰਾਵੇ ਦਿੱਤੇ ਗਏ। ਐਪਰ ਸਾਹਿਬਜ਼ਾਦੇ ਧਰਮ ਤੋਂ ਨਹੀਂ ਡੋਲੇ। ਦਾਦੀ ਮਾਂ ਨੇ ਕਚਹਿਰੀ ਤੋਂ ਵਾਪਸ ਸਾਬਤ ਸੂਰਤ ਆਉਂਦੇ ਸਾਹਿਬਜ਼ਾਦਿਆਂ ਨੂੰ ਤੱਕ ਕੇ ਅਕਾਲ ਪੁਰਖ ਦਾ ਲੱਖ ਲੱਖ ਧੰਨਵਾਦ ਕੀਤਾ। ਤੀਜੇ ਦਿਨ ਕਚਹਿਰੀ ਵੱਲ ਭੇਜਣ ਲੱਗਿਆਂ ਫਿਰ ਲਾਲਾਂ ਨੂੰ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਸਾਕੇ ਸੁਣਾਏ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਅਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਤੇ ਉਹਨਾਂ ਵਾਂਗੂ ਸਿੱਖੀ ਧਰਮ ਅਤੇ ਸਿਦਕ ਉਪਰ ਡਟ ਕੇ ਪਹਿਰਾ ਦੇਣ ਦੀ ਸਿੱਖਿਆ ਦਿੱਤੀ। ਦਾਦੀ ਮਾਂ ਨੂੰ ਸੰਦੇਹ ਸੀ ਕਿ ਸ਼ਾਇਦ ਅੱਜ ਦਾ ਲਾਲਾਂ ਦਾ ਵਿਛੋੜਾ ਸਦਾ ਲਈ ਵਿਛੋੜਾ ਬਣ ਜਾਵੇ। ਉਸ ਨੇ ਮਾਸੂਮ ਨਿੱਕੀਆਂ ਜਿੰਦਾਂ ਨੂੰ ਰੱਜ-ਰੱਜ ਮੱਥੇ ਚੁੰਮ-ਚੁੰਮ ਬਾਵਾਰਦੀ ਸਿਪਾਹੀਆਂ ਨਾਲ ਕਚਹਿਰੀ ਤੋਰ ਦਿੱਤਾ। ਜਦੋਂ ਸੂਬਾ ਸਰਹਿੰਦ ਦੇ ਸਾਹਿਬਜ਼ਾਦਿਆਂ ਨੂੰ ਇਸਲਾਮ ਧਾਰਨ ਕਰਵਾਉਣ ਦੇ ਸਾਰੇ ਯਤਨ ਨਾਕਾਮ ਹੋ ਗਏ ਅਤੇ ਦੀਵਾਨ ਸੁੱਚਾ ਨੰਦ ਦੀ ਲਾਈ ਅੱਗ ਭਾਂਬੜ ਦਾ ਰੂਪ ਧਾਰਨ ਕਰ ਗਈ ਤਾਂ ਸੂਬਾ ਸਰਹਿੰਦ ਨੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਸਾਹਿਬਜ਼ਾਦਿਆਂ ਨੂੰ ਸਜਾਏ ਮੌਤ ਦੇਣ ਲਈ ਆਖਿਆ ਤਾਂ ਜੋ ਉਹ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਲਵੇ।(ਨਵਾਬ ਮਲੇਰਕੋਟਲੇ ਦਾ ਭਰਾ ਨਾਹਰ ਖਾਨ ਚਮਕੌਰ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਮਾਰਿਆ ਗਿਆ ਸੀ)। ਨਵਾਬ ਮਲੇਰਕੋਟਲਾ ਨੇ ਮਰਦਾਨਾਵੀ ਜ਼ੁਰਅਤ ਨਾਲ ਕਿਹਾ-

"ਬਦਲਾ ਹੀ ਲੇਨਾ ਹੋਗਾ, ਤੋ ਹਮ ਲੇਂਗੇ ਬਾਪ ਸੇ। ਮਹਿਫੂਜ਼ ਰਖੇ ਖੁਦਾ।"

ਦੀਵਾਨ ਸੁੱਚਾ ਨੰਦ ਦੀ 'ਕੁਚੱਜੀ ਸਲਾਹ ਤੋਂ ਪ੍ਰਭਾਵਿਤ ਹੋ ਕੇ ਸੂਬਾ ਸਰਹਿੰਦ ਨੇ ਸਾਹਿਬਜ਼ਾਦਿਆਂ ਨੂੰ ਜਿਬਾਹ (ਕਤਲ) ਕਰਨ ਦਾ ਹੁਕਮ ਕਰ ਦਿੱਤਾ। ਨਵਾਬ ਮਲੇਰਕੋਟਲਾ ਜੋ ਕਚਹਿਰੀ ਵਿਚ ਹਾਜ਼ਰ ਸੀ, ਨੇ ਜ਼ੋਰ ਦੇ ਕੇ ਕਿਹਾ ਕਿ ਇਸਲਾਮੀ ਸ਼ਰ੍ਹਾ ਅਨੁਸਾਰ ਮਾਸੂਮਾਂ ਤੇ ਨਿਰਦੋਸ਼ ਬੱਚਿਆਂ ਨੂੰ ਕਤਲ ਕਰਨਾ ਭਾਰੀ ਗੁਨਾਹ ਹੈ ਤੇ ਪਾਪ ਹੈ। ਇਹ ਕਹਿ ਕੇ ਉਹ ਕਚਹਿਰੀ ਵਿਚੋਂ ਉੱਠ ਕੇ ਚਲਾ ਗਿਆ।

ਬਹੁਤੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਦੋਹਾਂ ਗੁਰੂ ਪੁੱਤਰਾਂ ਨੂੰ ਇੱਕ ਥਾਂ ਖੜ੍ਹਾ ਕਰਕੇ ਉਹਨਾਂ ਦੇ ਇਰਦ-ਗਿਰਦ ਇੱਟਾਂ ਨਾਲ ਦੀਵਾਰ ਚਿਣੀ ਗਈ। ਜਦੋਂ ਦੋਹਾਂ ਸਾਹਿਜ਼ਾਦਿਆਂ ਦੀ ਛਾਤੀ ਤੱਕ ਦੀਵਾਰ ਪੁੱਜੀ ਤਾਂ ਇੱਕ ਦਫਾ ਫੇਰ ਉਹਨਾਂ ਨੂੰ ਇਸਲਾਮ ਕਬੂਲਣ ਦੀ ਗੱਲ ਪੁੱਛੀ ਗਈ ਐਪਰ ਕਲਗੀਧਰ ਦੇ ਦੁਲਾਰਿਆਂ ਕੜਕਵਾਂ ਉੱਤਰ ਦਿੱਤਾ ਕਿ ਅਸੀਂ ਉਸ ਦਸਮੇਸ਼ ਪਿਤਾ ਦੇ ਲਾਲ ਹਾਂ ਜਿਸ ਪਾਸੋਂ ਸ਼ਾਹੀ ਮੁਗਲ ਸਰਕਾਰ ਕੰਬ ਰਹੀ ਹੈ। ਕਦੇ ਵੀ ਜਬਰ ਅੱਗੇ ਸਬਰ ਨੇ ਝੁਕਣਾ ਨਹੀਂ। ਸਾਹਿਬਜ਼ਾਦੇ ਕਾਜ਼ੀ ਨੂੰ ਕਹਿ ਰਹੇ ਸਨ ਕਿ ਸਾਨੂੰ ਇਹੀ ਸਿੱਖਿਆ ਸਾਡੇ ਪਿਤਾ ਗੁਰੂ ਜੀ ਨੇ ਦਿੱਤੀ ਹੈ। ਆਖਰ ਵਿਚ ਜਦੋਂ ਦੀਵਾਰ ਬਾਬਾ ਫਤਿਹ ਸਿੰਘ ਦੇ ਗਲੇ ਤੱਕ ਪੁੱਜੀ ਤਾਂ ਕਾਜ਼ੀ ਦੇ ਇਸ਼ਾਰੇ ਨਾਲ ਸਮਾਣੇ ਦੇ ਜਲਾਦ ਸ਼ਾਸ਼ਲ ਬੇਗ ਨੇ ਬਾਬਾ ਫਤਿਹ ਸਿੰਘ ਜੀ ਦਾ ਸੀਸ ਤਲਵਾਰ ਦੇ ਇੱਕੋ ਵਾਰ ਨਾਲ ਧੜ ਤੋਂ ਅਲੱਗ ਕਰ ਦਿੱਤਾ। ਅਖੀਰ ਨੂੰ ਮਾਤਾ ਗੁਜਰੀ ਜੀ ਨੂੰ ਵੀ ਬੁਰਜ ਤੋਂ ਹੇਠਾਂ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਦਸਮੇਸ਼ ਪਿਤਾ ਦੇ ਸੂਰਬੀਰ ਧਰਮੀ ਦੁਲਾਰਿਆਂ ਨੂੰ ਮੁਗਲੀ ਹਕੂਮਤ ਦੇ ਲਾਲਚ ਤੇ ਡਰਾਵੇ ਸਿੱਖੀ ਧਰਮ ਤੋਂ ਨਾ ਡਰਾ ਸਕੇ। ਜਦੋਂ ਰਾਏ ਕੱਲ੍ਹੇ ਦੇ ਘੱਲੇ ਹਰਕਾਰੇ ਨੂਰੇ ਮਾਹੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸਰਹਿੰਦ ਤੋਂ ਖ਼ਬਰ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਦੇ ਲਾਲਾਂ ਦੀ ਹਿਰਦੇ-ਵੇਧਕ ਸ਼ਹੀਦੀ ਦੀ ਦਰਦ ਭਰੀ ਦਾਸਤਾਨ ਸੁਣਾਈ ਤਾਂ ਗੁਰੂ ਸਾਹਿਬ ਨੇ ਕਾਹੀ ਦਾ ਬੂਟਾ ਤੀਰ ਨਾਲ ਪੁੱਟ ਕੇ ਬਚਨ ਕੀਤਾ ਕਿ (ਅਬਦੁਲ ਗਨੀ ਲਿਖਦਾ ਹੈ ਕਿ ਸਤਿਗੁਰ ਬਚਨ ਕੀਤਾ) :

"ਦੁਸ਼ਟਨ ਬਾਲ ਮਾਰੇ ਅਤਿ ਪਾਪੀ ਉਖੜੀ ਜੜ ਤੁਰਕਾ ਸਭ ਧਾਪੀ॥"

ਕਲਗੀਧਰ ਪਿਤਾ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਵਾਹਿਗੁਰੂ ਦੀ ਅਮਾਨਤ ਉਸ ਪਾਸ ਸਹੀ ਸਲਾਮਤ ਪੁੱਜ ਗਈ ਹੈ।

ਇਹ ਉਹ ਸ਼ਹੀਦੀ ਵਿਰਸਾ ਹੈ ਜੋ ਸਿੰਘਾਂ ਸੂਰਿਆਂ ਅਤੇ ਗੁਰੂਆਂ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਕੌਮ ਨੂੰ ਦਿੱਤਾ। ਕੌਮੀ ਪ੍ਰਵਾਨਿਆਂ ਦੀਆਂ ਲਾਸਾਨੀ ਕੁਰਬਾਨੀਆਂ ਸਾਨੂੰ ਚੇਤਾਵਨੀ ਦਿੰਦੀਆਂ ਹਨ ਕਿ ਵੇਖਣਾ ਕਿਤੇ ਧਰਮ ਦਾ ਸੌਦਾ ਨਾ ਕਰ ਬੈਠਣਾ, ਸਿੱਖੀ ਅਮੋਲਕ ਵਸਤੂ ਹੈ। ਜੇਕਰ ਅੱਜ ਸਾਡੇ ਬੱਚੇ ਗੁਰਬਾਣੀ ਅਤੇ ਆਪਣੇ ਸੁਨਹਿਰੀ ਇਤਿਹਾਸ ਨਾਲ ਜੁੜੇ ਰਹਿਣਗੇ ਅਤੇ ਸਾਹਿਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਤੋਂ ਪ੍ਰੇਰਨਾ ਲੈਣਗੇ ਤਾਂ ਸਿੱਖੀ ਧਰਮ ਵਧਦਾ-ਫੁੱਲਦਾ ਰਹੇਗਾ।

ਸਿੱਖੀ ਸਿਧਾਂਤ ਹੈ ਕਿ ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ। ਗਿਆਨੀ ਲਾਲ ਸਿੰਘ ਗੁਰੂ ਖਾਲਸਾ ਤਵਾਰੀਖ ਵਿਚ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰ ਕੇ ਸਾਹਿਜ਼ਾਦਿਆਂ ਤੇ ਮਾਤਾ ਜੀ ਦੀਆਂ ਲੋਥਾਂ ਆਮ ਬਜ਼ਾਰ ਵਿਚ ਸੁੱਟਵਾਈਆਂ ਗਈਆਂ ਸਨ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ 13 ਪੋਹ 1761 ਬਿ. ਮੁਤਾਬਕ 27 ਦਸੰਬਰ ਸੰਨ 1704 ਈ ਨੂੰ ਹੋਈ ਸੀ। ਛੋਟੇ ਸਾਹਿਬਜ਼ਾਦਿਆਂ ਦੀ ਉਮਰ- ਬਾਬਾ ਜ਼ੋਰਾਵਰ ਸਿੰਘ ਨੌਂ ਸਾਲ ਅਤੇ ਬਾਬਾ ਫਤਿਹ ਸਿੰਘ ਸੱਤ ਸਾਲ ਸਨ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ੁਲਮੀ ਸੂਬਾ ਸਰਹਿੰਦ ਵਜ਼ੀਰ ਖਾਨ ਨੂੰ ਸੋਧਣ ਲਈ ਸਰਹਿੰਦ ਪਾਰ ਚੜ੍ਹਾਈ ਕਰਕੇ ਆਇਆ ਤਾਂ ਘਮਸਾਨ ਦੇ ਯੁੱਧ ਵਿਚ ਭਾਈ ਫਤਿਹ ਸਿੰਘ ਨੇ ਇੱਕੋ ਤਲਵਾਰ ਦੇ ਵਾਰ ਨਾਲ ਵਜ਼ੀਰ ਖਾਨ ਦਾ ਸਿਰ ਗਾਜਰ ਵਾਂਗ ਧੜ ਨਾਲੋਂ ਵੱਖ ਕਰ ਦਿੱਤਾ। ਇਸ ਨਾਲ ਮੁਗਲੀ ਫੌਜਾਂ ਵਿਚ ਭਗਦੜ ਮੱਚ ਗਈ। ਖਾਲਸਾਈ ਫੌਜਾਂ ਵਲੋਂ ਜ਼ੁਲਮੀ ਪਾਪੀਆਂ ਨੂੰ ਉਹਨਾਂ ਦੇ ਕੀਤੇ ਪਾਪਾਂ ਦੀ ਸਜ਼ਾ ਦਿੱਤੀ ਗਈ। ਸੁੱਚਾ ਨੰਦ ਦਾ ਘਰ ਢਹਿ ਢੇਰੀ ਕਰ ਦਿੱਤਾ ਗਿਆ। ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਗਈ, ਜ਼ੁਲਮੀ ਰਾਜ ਦਾ ਭੋਗ ਪੈ ਗਿਆ। ਜਦੋਂ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਦੇ ਮਹਿਲਾਂ ਦਿੱਲੀ ਤੋਂ ਆ ਕੇ ਚਾਰੇ ਲਾਲਾਂ ਦੇ ਨਜ਼ਰ ਨਾ ਆਉਣ ਬਾਰੇ ਪੁੱਛ ਕੀਤੀ ਤਾਂ ਗੁਰੂ ਸਾਹਿਬ ਦਰਬਾਰ ਵਿਚ ਸਜੀ ਸੰਗਤ ਵੱਲ ਹੱਥ ਕਰਕੇ ਕਹਿਣ ਲੱਗੇ;

"ਅਮਰ ਰਹਿੰਦੀਆਂ ਜਹਾਨ ਤੇ ਉਹ ਕੌਮਾਂ, ਵੀਰ ਜਿਨ੍ਹਾਂ ਦੇ ਘਾਲਾਂ ਘਾਲਦੇ ਨੇ
ਛੇਨੇ ਖੋਪਰੀ ਦੇ ਫੜਕੇ ਪੁੱਤ ਜਿਸ ਦੇ ਆਪਣੀ ਕੌਮ ਨੂੰ ਅੰਮ੍ਰਿਤ ਪਿਲਾਵਦੇ ਨੇ।"

ਇਹਨਾਂ ਅਮਰ ਸ਼ਹੀਦਾਂ ਦੀ ਯਾਦ ਵਿਚ ਫਤਿਹਗੜ੍ਹ ਸਾਹਿਬ ਵਿਚ ਸ਼ਹੀਦੀ ਜੋੜ ਮੇਲ ਹੁੰਦਾ ਹੈ। ਜਿੱਥੇ ਦੇਸ਼-ਵਿਦੇਸ਼ ਤੋਂ ਸੰਗਤਾਂ ਲੰਮੇ-ਲੰਮੇ ਪੈਂਡੇ ਮਾਰ ਕੇ ਲੱਖਾਂ ਦੀ ਗਿਣਤੀ ਵਿਚ ਪੁੱਜਦੀਆਂ ਹਨ। ਜੋੜ ਮੇਲ ਦੇ ਆਖਰੀ ਦਿਨ ਨਗਰ ਕੀਰਤਨ ਕਰਦੀਆਂ ਸੰਗਤਾਂ ਜੋਤੀ ਸਰੂਪ ਪੁੱਜ ਕੇ ਅੰਤਮ ਵਿਦਾਇਗੀ ਲੈਂਦੀਆਂ ਹਨ।

## ਸਫਰ-ਏ-ਸ਼ਹਾਦਤ : ਆਨੰਦਪੁਰ ਤੋਂ ਸਰਹਿੰਦ ਦੀ ਦੀਵਾਰ ਤੀਕ

ਦੀ ਕੌਮ ਕਿੰਨਾ ਕੁ ਸੁਣਦੀ ਹੈ, ਕਿੰਨਾ ਕੁ ਮੰਨਦੀ ਹੈ, ਇਹੋ ਸਵਾਲ ਗੌਰ ਕਰਨ ਵਾਲਾ ਹੈ। ਹਰ ਸਿੱਖ ਨੂੰ ਉਹ ਦ੍ਰਿਸ਼ ਯਾਦ ਹੋਣ, ਜਦੋਂ ਨੀਲੇ ਦੇ ਸ਼ਾਹ ਅਸਵਾਰ, ਆਪਣਾ ਸਭ ਕੁਝ ਵਾਰ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਨੀਲੇ ਅਸਮਾਨ ਹੇਠ ਪਏ, ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੇ ਸਨ। ਇਨ੍ਹਾਂ ਦਿਨਾਂ ਵਿਚ ਸਾਨੂੰ ਆਪਣੇ ਮਨ ਦੀਆਂ ਅੱਖਾਂ ਨਾਲ ਉਸ ਅਦੁੱਤੀ ਅਤੇ ਅਲੌਕਿਕ ਦ੍ਰਿਸ਼ ਨੂੰ ਇਕ ਵਾਰ ਚਿਤਵਨ ਦਾ ਉਪਰਾਲਾ ਜ਼ਰੂਰ ਕਰਨਾ ਚਾਹੀਦਾ ਹੈ।

ਸ਼ਾਇਦ ਕਿਤੇ ਨਾ ਕਿਤੇ ਅਸੀਂ ਅੱਜ 'ਯਾਰੜੇ ਦੇ ਸੱਥਰ' ਦੀ ਥਾਂ 'ਖੇੜਿਆਂ ਦੀਆਂ ਮਹਿਲ ਮੁਨਾਰੀਆਂ' ਮੰਗਣ ਦੇ ਰਾਹ ਤੁਰ ਪਏ ਹਾਂ। ਪੋਹ ਦਾ ਸ਼ਹਾਦਤਾਂ ਭਰਿਆ ਮਹੀਨਾ ਸਾਨੂੰ ਹਰ ਪਲ, ਹਰ ਦਿਨ, ਹਰ ਘੜੀ ਉਨ੍ਹਾਂ ਸ਼ਹਾਦਤਾਂ ਦਾ ਅਹਿਸਾਸ ਕਰਵਾਉਂਦਾ ਹੈ, ਜਿਹੜੀਆਂ ਸਿੱਖੀ ਦੇ ਮਹਾਨ ਮਹਿਲ ਦੀ ਬੁਨਿਆਦ ਨੂੰ ਪੱਕਾ ਕਰਨ ਲਈ ਗੁਰੂ ਦੇ ਸਿਦਕੀ ਸਿੱਖਾਂ ਨੇ ਦਿੱਤੀਆਂ ਸਨ। ਚਮਕੌਰ ਦੀ ਗੜ੍ਹੀ 'ਚ ਹਜ਼ਾਰਾਂ ਦੁਸ਼ਮਣਾਂ ਨੂੰ ਦਿਨੇ ਤਾਰੇ ਦਿਖਾਉਣ ਅਤੇ ਆਪਣੇ ਜਿਗਰ ਦੇ ਟੋਟਿਆਂ ਨੂੰ ਆਪਣੇ ਹੱਥੀਂ ਮੈਦਾਨੇ ਜੰਗ ਵਿੱਚ ਤੋਰ ਕੇ ਸ਼ਹੀਦ ਕਰਵਾਉਣ ਅਤੇ ਫਿਰ ਆਪੇ ਗੁਰੂ ਚੇਲਾ ਦੇ ਮਹਾਨ ਸਿਧਾਂਤ ਦੀ ਪਾਲਣਾ ਕਰਨ ਉਪਰੰਤ ਮਾਛੀਵਾੜੇ ਦੇ ਜੰਗਲਾਂ ਵਿੱਚ 'ਹਾਲ ਮੁਰੀਦਾਂ ਦਾ ਕਹਿਣਾ' ਆਖ ਕੇ ਦਸਮੇਸ਼ ਪਿਤਾ ਨੇ ਸਿੱਖੀ ਵਿੱਚ ਸੰਤ ਅਤੇ ਸਿਪਾਹੀ ਦੀ ਸੁਮੇਲਤਾ ਦਾ ਅਨੋਖਾ ਰੰਗ ਗੂੜ੍ਹਾ ਕੀਤਾ। ਜਬਰ-ਜ਼ੁਲਮ ਵਿਰੁੱਧ ਜੂਝਣਾ ਹਰ ਸਿੱਖ ਦਾ ਮੁਢਲਾ ਫਰਜ਼ ਹੈ, ਵਾਹਿਗੁਰੂ ਨਾਲ ਇਕਮਿਕਤਾ ਉਸਦੇ ਜੀਵਨ ਦਾ ਉਦੇਸ਼ ਹੈ। ਨਿਰਾਲੀ ਸਿੱਖੀ ਅੱਜ ਆਪਣੇ ਗੁਰੂ ਦੇ ਸੁਨੇਹੇ ਨੂੰ ਕਿਉਂ ਭੁੱਲਦੀ ਜਾ ਰਹੀ ਹੈ, ਇਹ ਪੜਚੋਲ ਵੀ ਅੱਜ ਦੇ ਦਿਨ ਹੀ ਕਰਨੀ ਬਣਦੀ ਹੈ। ਇਸ ਲਈ ਮਾਛੀਵਾੜੇ ਤੋਂ ਆਉਂਦਾ ਗੁਰੂ ਦਾ ਸੁਨੇਹਾ ਹਰ ਸਿੱਖ ਨੂੰ ਗ਼ਫ਼ਲਤ ਵਾਲੀ ਨੀਂਦ ਤੋਂ ਜਾਗ ਆਪੋ-ਆਪਣੇ ਮਨਾਂ ਵਿਚ ਝਾਤੀ ਮਾਰ ਕੇ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ।

ਪਤਿਤਪੁਣੇ ਦੀ ਕਾਲੀ ਰਾਤ ਵਿਚ ਚਮਕੌਰ ਦੀ ਲਿਸ਼ਕੋਰ : ਚਮਕੌਰ ਦੀ ਕੱਚੀ ਗੜ੍ਹੀ ਦੀ ਜੰਗ ਦੇ ਸ਼ਹੀਦਾਂ, ਜਿਨ੍ਹਾਂ 'ਚ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸ਼ਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਵੀ ਸ਼ਾਮਲ ਹਨ, ਦੀ ਸਲਾਨਾ ਯਾਦ ਕੌਮ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਚਮਕੌਰ ਸਾਹਿਬ ਦੀ ਧਰਤੀ ਉਤੇ ਮਨਾਈ ਹੈ। ਬਾਬਾ ਅਜੀਤ ਸਿੰਘ, ਜਿਹੜੇ ਚੜ੍ਹਦੀ ਜੁਆਨੀ ਅਤੇ ਬਾਬਾ ਜੁਝਾਰ ਸਿੰਘ ਜਿਹੜੇ ਮੁੱਛ ਫੁੱਟਦੀ ਜਵਾਨੀ ਦੀ ਅਵਸਥਾ ਵਿਚ ਸਨ, ਉਨ੍ਹਾਂ ਵੱਲੋਂ ਕੌਮ ਦੀ ਬੁਨਿਆਦ ਨੂੰ ਪੱਕੀ ਕਰਨ ਲਈ ਦਿੱਤੀ ਸ਼ਹਾਦਤ, ਬੇਮਿਸ਼ਾਲ ਤੇ ਲਾਸਾਨੀ ਹੈ। ਸਿੱਖ ਕੌਮ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਅਤਿ ਸੰਵੇਨਦਸ਼ੀਲ ਜਜ਼ਬਿਆਂ ਦੀ ਪੱਧਰ ਤਕ ਜੁੜੀ ਵੀ ਹੋਈ ਹੈ ਪ੍ਰੰਤੂ ਅਫ਼ਸੋਸ ਹੈ ਕਿ ਅਸੀਂ ਆਪਣੀ ਜੁਆਨੀ ਲਈ ਸਾਹਿਬਜ਼ਾਦਿਆਂ ਦੀ ਅਦੁੱਤੀ ਸਖ਼ਸੀਅਤ ਅਤੇ ਲਾਸਾਨੀ ਕੁਰਬਾਨੀ ਨੂੰ ਰੋਲ ਮਾਡਲ ਨਹੀਂ ਬਣਾ ਸਕੇ। ਇਸ ਕਾਰਨ ਅੱਜ ਦੀ ਸਾਡੀ ਜੁਆਨੀ ਕੌਮ ਦੇ ਉਸ ਮਹਾਨ ਪੰਨੇ ਤੋਂ ਚਾਨਣ ਲੈ ਕੇ ਸਿੱਖੀ ਦੇ ਰੌਸ਼ਨ ਮੁਨਾਰੇ ਬਣਨ ਦੀ ਥਾਂ ਨਸ਼ੇ ਤੇ ਪਤਿਤਪੁਣੇ ਦੇ ਕਾਲੇ ਹਨੇਰੇ 'ਚ ਗੁੰਮ ਹੁੰਦੀ ਜਾ ਰਹੀ ਹੈ, ਕੂੜ ਰਾਜਨੀਤੀ ਦੀ ਭੇਟ ਚੜ੍ਹ ਕੇ, ਕੂੜ ਵਾਤਾਵਰਣ ਦੀ ਸ਼ਿਕਾਰ ਹੋ ਗਈ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਕਿਸੇ ਦੇਸ਼ ਜਾਂ ਕੌਮ ਦੀ ਜੁਆਨੀ ਨੂੰ, ਜੁਆਨੀ ਦੇ ਸਹੀ ਅਰਥ ਦੀ ਸੂਝ ਮਿਲ ਜਾਂਦੀ ਹੈ ਤਾਂ ਉਹ ਜੁਆਨੀ ਵਗਦੇ ਦਰਿਆਵਾਂ ਦਾ ਰੁੱਖ ਮੋੜਣ ਦੇ ਸਮਰੱਥ ਵੀ ਹੋ ਜਾਂਦੀ ਹੈ ਅਤੇ ਅਜਿਹੀ ਜੁਆਨੀ ਹੀ ਹਰ ਨਵੇਂ ਇਨਕਲਾਬ ਦੀ ਨੀਂਹ ਰੱਖਦੀ ਹੈ। ਅੱਜ ਜਦੋਂ ਸਾਡੀ ਕੌਮ ਦਾ 40 ਫੀਸਦੀ ਹਿੱਸਾ 18 ਤੋਂ 45 ਸਾਲ ਦੀ ਉਮਰ ਦਾ ਹੈ, ਉਸ ਸਮੇਂ ਜੇ ਜੁਆਨੀ ਦੀ ਅਗਵਾਈ ਲਈ ਸਹੀ ਰੋਲ ਮਾਡਲ, ਸਹੀ ਅਗਵਾਈ, ਸਹੀ ਦਿਸ਼ਾ ਵਿਖਾਈ ਜਾਵੇ ਤਾਂ, ਜੁਆਨੀ ਦੇ ਸਹੀ ਰਾਹ ਤੁਰਨ 'ਚ ਕੋਈ ਰੁਕਾਵਟ ਖੜ੍ਹੀ ਨਹੀਂ ਹੋ ਸਕਦੀ।

ਨਵੇਂ ਸੰਸਾਰ ਦੀ ਸਿਰਜਣਾ ਦੀ ਬੁਨਿਆਦ ਬਣੇ ਸਿੱਖ ਵਿਰਸਾ : ਸਿੱਖ ਕੌਮ ਨੂੰ ਜੋ ਵਿਰਸਾ ਮਿਲਿਆ ਅਤੇ ਜਿਹੜੀ ਸੇਧ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਕੌਮ ਨੂੰ ਦਿੱਤੀ, ਉਹ ਨਵੇਂ ਸੰਸਾਰ ਦੀ ਸਿਰਜਣਾ ਦੀ ਬੁਨਿਆਦ ਹੈ ਅਤੇ ਇਸ ਬੁਨਿਆਦ ਨੂੰ ਕੰਮਜ਼ੋਰ ਕਰਨ ਲਈ ਸਿੱਖ ਵਿਰੋਧੀ ਸ਼ਕਤੀਆਂ ਨੇ, ਜਿਸ ਤਰ੍ਹਾਂ ਸਾਡੀ ਰਾਜਸੀ ਅਗਵਾਈ ਨੂੰ ਕਮਜ਼ੋਰ ਅਤੇ ਰਾਜਸੀ ਵਾਤਾਵਰਣ ਨੂੰ ਗੰਧਲਾ ਕਰ ਦਿੱਤਾ ਹੈ, ਉਸ ਨੇ ਸਾਡੀ ਜੁਆਨੀ ਨੂੰ ਭਟਕਣ ਦੇ ਹਨੇਰੇ ਖੂਹ 'ਚ ਸੁੱਟ ਦਿੱਤਾ ਹੈ। ਬਿਨਾ ਨਿਸ਼ਾਨੇ ਤੋਂ ਦਿਸ਼ਾਹੀਣ ਜੁਆਨੀ ਤੋਂ ਸਾਰਥਿਕ ਨਤੀਜਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਜਿਸ ਨੇ ਆਪਣੇ ਪਿਤਾ ਨੂੰ ਆਖਿਆ ਸੀ ਕਿ ਮੈਂ ਤੁਹਾਡਾ ਬੇਟਾ ਵੀ ਹਾਂ ਅਤੇ ਸਿੱਖ ਵੀ ਹਾਂ, ਇਸ ਲਈ ਰਣਤੱਤੇ 'ਚ ਵੈਰੀ ਨਾਲ ਦੋ ਹੱਥ ਕਰਦਿਆਂ ਜੂਝ ਮਰਨਾ, ਮੇਰਾ ਫਰਜ਼ ਹੈ। ਸ਼ਹਾਦਤ ਦੀ ਮਰਿਆਦਾ ਤੇ ਮਹਾਨਤਾ ਦੀ, ਰਾਖੀ ਜਿਸ ਤਰ੍ਹਾਂ ਬਾਬਾ ਅਜੀਤ ਸਿੰਘ ਨੇ ਕੀਤੀ, ਉਹ ਸਾਡੀ ਜੁਆਨੀ ਲਈ ਬਹੁਤ ਵੱਡੀ ਸੇਧ ਹੋਣੀ ਚਾਹੀਦੀ ਹੈ। ਆਪਣੇ ਵੱਡੇ ਵੀਰ ਦੀ ਸ਼ਹਾਦਤ ਤੋਂ ਬਾਅਦ, ਜਿਸ ਤਰ੍ਹਾਂ ਬਾਬਾ ਜੁਝਾਰ ਸਿੰਘ ਨੇ ਰਣ ਭੂਮੀ 'ਚ ਮੌਤ ਨੂੰ ਵਿਆਹੁਣ ਲਈ ਘੋੜੀ ਚੜ੍ਹਨ ਦੀ ਆਗਿਆ, ਆਪਣੇ ਬਾਪ ਤੋਂ ਮੰਗੀ, ਉਹ ਬਹਾਦਰੀ, ਸੂਰਬੀਰਤਾ, ਦ੍ਰਿੜਤਾ ਅਤੇ ਆਪਣੇ ਫਰਜ਼ ਦੀ ਪੂਰਤੀ ਦਾ ਸਿਖ਼ਰ ਸੀ। ਇਸ ਲਈ ਦੋਵਾਂ ਵੱਡੇ ਸ਼ਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਉਤੇ ਕੌਮ ਜਿੰਨਾ ਮਾਣ ਕਰ ਸਕੇ, ਉਨ੍ਹਾਂ ਘੱਟ ਹੈ। ਜੇ ਸਾਡੀ ਜੁਆਨੀ ਇਤਿਹਾਸ ਦੇ ਉਨ੍ਹਾਂ ਪੰਨਿਆਂ ਤੋਂ, ਜਿਹੜੇ ਪੰਨੇ ਕੌਮ ਦੀ ਹੋਂਦ ਦੀ ਗਵਾਹੀ ਭਰਦੇ ਹਨ, ਬੇਖ਼ਬਰ ਹੈ ਤਾਂ ਇਸ ਦਾ ਦੋਸ਼ ਇਸ ਜੁਆਨੀ ਦਾ ਪਾਲਣ-ਪੋਸ਼ਣ ਕਰਨ ਵਾਲਿਆਂ ਸਿਰ ਹੈ। ਕੌਮ ਨੇ ਹਾਲਾਂ ਤਕ ਇਸ ਪਾਸੇ ਕਦੇ ਗੰਭੀਰਤਾ ਨਾਲ ਸੋਚਿਆ ਹੀ ਨਹੀਂ ਹੈ।

ਸਿੱਖ ਵਿਹੜੇ 'ਚੋਂ ਡੋਗਰਾ-ਬਿਰਤੀ ਰਾਜਸੀ ਗੰਦ ਨੂੰ ਹੂੰਝਣ ਦੀ ਲੋੜ : ਲੋੜ ਹੈ ਕਿ ਅਸੀਂ ਸਾਡੇ ਧਾਰਮਿਕ ਵਿਹੜੇ 'ਚ ਆ ਚੁੱਕੇ ਰਾਜਸੀ ਗੰਦ ਨੂੰ ਪਹਿਲਾਂ ਸਾਫ਼ ਕਰੀਏ। ਇਸ ਡੋਗਰਾ-ਬਿਰਤੀ ਰਾਜਸੀ ਗੰਦ ਦੀ ਬਦਬੂ ਨੇ ਸਾਡੀ ਮੱਤ ਮਾਰ ਦਿੱਤੀ। ਜਦੋਂ ਤੱਕ ਸਾਡੀ ਕੌਮ ਦੇ ਧਾਰਮਿਕ, ਰਾਜਸੀ ਤੇ ਵਿਦਿਅਕ ਆਗੂ ਸੱਚੇ ਮਨੋ ਨੌਜਵਾਨਾਂ ਦੀ ਸਹੀ ਅਗਵਾਈ ਲਈ, ਉਨ੍ਹਾਂ ਨੂੰ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੇ ਵਾਰਿਸ ਹੋਣ ਦਾ ਅਹਿਸਾਸ ਨਹੀਂ ਕਰਵਾਉਂਦੇ ਅਤੇ ਜੁਆਨੀ ਲਈ ਰੋਲ ਮਾਡਲ ਵਜੋਂ ਉਨ੍ਹਾਂ ਦੀ ਸਖ਼ਸੀਅਤ ਨੂੰ ਹਰ ਨੌਜਵਾਨ ਮੁੰਡੇ ਦੇ ਦਿਲ 'ਚ ਥਾਂ ਪੈਦਾ ਨਹੀਂ ਕੀਤੀ ਜਾਂਦੀ, ਉਦੋਂ ਤਕ ਅਸੀਂ ਜੁਆਨੀ ਦੀ ਭਟਕਣ ਨੂੰ ਖ਼ਤਮ ਨਹੀਂ ਕਰ ਸਕਾਂਗੇ। ਦਿਸ਼ਾਹੀਣ ਹੋਈ ਜੁਆਨੀ ਆਪਣੇ ਵਿਰਸੇ ਦੀ ਵਾਰਿਸ ਬਣਨ ਦੀ ਥਾਂ, ਉਸ ਨੂੰ ਮੇਟਣ ਦੇ ਰਾਹ ਤੁਰੀ ਰਹੇਗੀ। ਇਸ ਲਈ ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ ਸਿਰਫ਼ ਸਲਾਨਾ ਜੋੜ ਮੇਲਾ ਮਨਾ ਕੇ ਆਪਣੀ ਜੁੰਮੇਵਾਰੀ ਤੋਂ ਸੁਰਖ਼ਰੂ ਨਹੀਂ ਹੋਇਆ ਜਾ ਸਕਦਾ। ਲੋੜ ਹੈ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਫਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਦੀਆਂ ਉਹ ਘੋੜੀਆਂ, ਜਿਹੜੀਆਂ ਕਦੇ ਸਾਡੀਆਂ ਦਾਦੀਆਂ, ਨਾਨੀਆਂ, ਹਰ ਬੱਚੇ ਨੂੰ ਲੋਰੀਆਂ ਦੀ ਥਾਂ ਸੁਣਾਉਂਦੀਆਂ ਸਨ, ਉਹ ਮੁੜ ਸੁਣਾਈਆਂ ਜਾਣ ਤੇ ਹਰ ਬੱਚੇ ਤੇ ਉਸ ਦੇ ਜੁਆਨ ਹੋਣ ਤਕ ਸ਼ਾਹਿਬਜ਼ਾਦਿਆਂ ਦੇ ਵਾਰਿਸ ਹੋਣ ਦਾ ਅਹਿਸਾਸ ਮਨ ਤੇ ਉੱਕਰਿਆ ਜਾਵੇ। ਜੁਆਨੀ ਨੂੰ ਵੀ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨੇ ਆਪਣੇ ਪਿਤਾ ਦੇ ਅਵਾਜ਼ ਮਾਰਨ ਤੋਂ ਪਹਿਲਾਂ ਆਪਣੇ ਆਪ ਨੂੰ ਖ਼ੁਦ ਸ਼ਹਾਦਤ ਲਈ ਪੇਸ਼ ਕੀਤਾ ਸੀ। ਛੋਟੇ ਸਾਹਿਬਜ਼ਾਦਿਆਂ ਨੇ ਆਪਣੀ ਉਮਰ ਦੇ ਪਹਿਲੇ ਪਹਿਰ ਵਿਚ ਹੀ ਬਹਾਦਰੀ, ਸਿਦਕ ਤੇ ਸ਼ਹਾਦਤ ਦੀ ਜਿਹੜੀ ਇਬਾਰਤ ਲਿਖ ਦਿੱਤੀ ਗਈ, ਉਸ ਦੀ ਮਿਸਾਲ ਦੁਨੀਆ ਵਿਚ ਕਿਤੇ ਨਹੀਂ ਮਿਲਦੀ। ਇਸ ਲਈ ਅੱਜ ਸਿੱਖ ਜੁਆਨੀ ਨੂੰ ਵੀ ਸਿੱਖ ਸਿਧਾਂਤਾਂ, ਸਿੱਖ ਪ੍ਰੰਪਰਾਵਾਂ ਅਤੇ ਸਿੱਖ ਸੋਚ ਦੀ ਪਹਿਰੇਦਾਰੀ ਲਈ ਖ਼ੁਦ ਆਪਣੇ-ਆਪ ਨੂੰ ਪੇਸ਼ ਕਰਨਾ ਚਾਹੀਦਾ ਹੈ।

## ਟਾਂਵਾ-ਟਾਂਵਾ ਦੀਪ ਜਗੇ...

ਪਿਛਲੇ ਸਮੇਂ ਵਿਚ ਜੋੜ-ਮੇਲ ਉਪਰ ਫ਼ਤਿਹਗੜ੍ਹ ਸਾਹਿਬ ਅਤੇ ਇਸ ਨੂੰ ਆਉਂਦੇ ਸਾਰੇ ਰਾਹਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਲੰਗਰ ਲੱਗਦੇ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਲੰਗਰਾਂ ਵਿਚ ਦਾਲ ਪ੍ਰਸ਼ਾਦੇ ਤੋਂ ਬਿਨਾ ਮਟਰ-ਪਨੀਰ, ਖੀਰ, ਜਲੇਬੀਆਂ, ਗਰਮ ਗੁਲਾਬ ਜਾਮੁਨ, ਮਾਲਪੂੜੇ, ਗੰਨੇ ਦਾ ਰਸ ਆਦਿ ਦੇ ਲੰਗਰ ਲੱਗਦੇ ਰਹੇ ਹਨ। ਇਨ੍ਹਾਂ ਲੰਗਰਾਂ ਵਾਲੇ ਸੰਗਤ ਨੂੰ ਸਪੀਕਰਾਂ ਵਿਚ ਗਲਾ ਫਾੜ ਫਾੜ ਕੇ ਤਿਆਰ ਕੀਤੇ ਪਕਵਾਨਾਂ ਨੂੰ ਛਕਣ ਲਈ ਅਵਾਜ਼ਾਂ ਕੱਸਦੇ ਰਹਿੰਦੇ ਸਨ ਪਰ ਇਸ ਵਾਰ ਬਿਲਕੁਲ ਉਲਟ ਹੋ ਰਿਹਾ ਹੈ, ਜਿਸ ਦਾ ਪ੍ਰਭਾਵ ਫ਼ਤਿਹਗੜ੍ਹ ਸਾਹਿਬ ਜਾਂ ਇਸ ਦੇ ਆਲੇ-ਦੁਆਲੇ ਸੰਗਤਾਂ ਵਲੋਂ ਆਪ ਮੁਹਾਰੇ ਲਗਾਏ ਗਏ ਫਲੈਕਸਾਂ ਤੋਂ ਮਿਲਦਾ ਹੈ। ਇਨ੍ਹਾਂ ਉਪਰ ਸਪਸ਼ਟ ਤੌਰ 'ਤੇ ਲਿਖਿਆ ਗਿਆ ਹੈ ਕਿ ਇਸ ਸ਼ਹੀਦੀ ਸਭਾ ਵਿਚ ਵਰਤਾਉਣ ਲਈ ਤਿਆਰ ਕੀਤੇ ਗਏ ਲੰਗਰ ਉਸੇ ਭਾਵਨਾਵਾਂ ਤਹਿਤ ਤਿਆਰ ਕੀਤੇ ਜਾਣ ਜਿਹੋ ਜਿਹੀ ਭਾਵਨਾ ਨਾਲ ਸੰਗਤ ਇਸ ਜੋੜ-ਮੇਲ ਵਿਚ ਸ਼ਹੀਦਾਂ ਨੂੰ ਨਤਮਸਤਕ ਹੋਣ ਲਈ ਆਉਂਦੀ ਹੈ। ਜਾਪਦਾ ਹੈ ਕਿ ਇਸ ਵਾਰ ਦੀਆਂ ਸ਼ਹੀਦੀ ਸਭਾਵਾਂ ਵਿਚ ਕਈ ਸਾਲਾਂ ਤੋ ਚੱਲ ਆ ਰਹੇ ਉਨ੍ਹਾਂ ਲੰਗਰਾਂ ਦੇ ਪ੍ਰਬੰਧਕ ਵੀ ਸਾਦਾ ਦਾਲ ਪਰਸ਼ਾਦਾ ਆਪਣੇ ਲੰਗਰ ਵਿਚ ਤਿਆਰ ਕਰਨਗੇ ਜਿਹੜੇ ਪਹਿਲਾ ਇਸ ਦੌੜ ਵਿਚ ਸ਼ਾਮਲ ਹੁੰਦੇ ਸਨ ਕਿ ਉਨ੍ਹਾਂ ਦਾ ਲੰਗਰ ਬਾਕੀ ਦੇ ਲੰਗਰਾਂ ਨਾਲੋਂ ਬਿਹਤਰ ਹੋਣਾ ਚਾਹੀਦਾ ਹੈ। ਮੁੱਖ ਬਾਜ਼ਾਰ ਵਿਚ ਬਰੈਡਾਂ ਦੇ ਹੋਲਸੇਲ ਦੇ ਇਕ ਵਿਕ੍ਰੇਤਾ ਨੇ ਦੱਸਿਆ ਕਿ ਪਿਛਲੇ ਸਾਲਾਂ ਵਿਚ ਇਨ੍ਹਾਂ ਦਿਨਾਂ ਵਿਚ ਲੰਗਰਾਂ ਵਾਲੇ ਉਸ ਕੋਲ ਪੱਚੀ ਤੋਂ ਤੀਹ ਹਜ਼ਾਰ ਦੇ ਕਰੀਬ ਬ੍ਰੈਡਾਂ ਦੇ ਪੈਕਟ ਬੁੱਕ ਕਰਵਾ ਜਾਂਦੇ ਸਨ ਪਰ ਇਸ ਵਾਰ ਇਹ ਬੁਕਿੰਗ ਦੋ ਹਜ਼ਾਰ ਦੀ ਵੀ ਨਹੀਂ ਹੋਈ। ਇਸੇ ਤਰ੍ਹਾਂ ਕਰਿਆਨੇ ਦਾ ਹੋਲ ਸੇਲ ਦਾ ਕੰਮ ਕਰਨ ਵਾਲੇ ਇਕ ਹੋਰ ਦੁਕਾਨਦਾਰ ਨੇ ਦੱਸਿਆ ਕਿ ਹਰ ਸਾਲ ਉਸ ਕੋਲ ਲੰਗਰਾਂ ਵਾਲੇ ਘਿਉ ਅਤੇ ਚੀਨੀ ਦੀ ਐਡਵਾਂਸ ਵਿਚ ਇੰਨੀ ਜ਼ਿਆਦਾ ਬੁਕਿੰਗ ਕਰਵਾ ਜਾਂਦੇ ਸਨ ਕਿ ਉਨ੍ਹਾਂ ਨੂੰ ਆਰਡਰ ਭੁਗਤਾਉਣ ਵਿਚ ਮੁਸ਼ਕਲ ਪੇਸ਼ ਆਉਂਦੀ ਸੀ ਪਰ ਇਸ ਵਾਰ ਕੋਈ ਵੀ ਇਨ੍ਹਾਂ ਵਸਤਾਂ ਦੀ ਬੁਕਿੰਗ ਕਰਵਾਉਣ ਲਈ ਉਨ੍ਹਾਂ ਦੀ ਦੁਕਾਨ 'ਤੇ ਨਹੀਂ ਆਇਆ। ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਦੇ ਮੈਨੇਜਰ ਅਮਰਜੀਤ ਸਿੰਘ ਨੇ ਸੰਪਰਕ ਕਰਨ ਤੇ ਦੱਸਿਆ ਕਿ ਇਸ ਵਾਰ ਹੁਣ ਤਕ ਫ਼ਤਿਹਗੜ੍ਹ ਸਾਹਿਬ ਵਿਚ ਲਗਭਗ ਚਾਰ ਸੌ ਲੰਗਰਾਂ ਵਾਲੇ ਉਨ੍ਹਾਂ ਤੋ ਆਗਿਆ ਲੈ ਗਏ ਹਨ ਤੇ ਮਨਜ਼ੂਰੀ ਲੈਣ ਵਾਲੇ ਸਾਰੇ ਹੀ ਸ਼ਰਧਾਲੂਆਂ ਦੀ ਮਨਸ਼ਾ ਸੀ ਕਿ ਉਹ ਬਿਲਕੁਲ ਸਾਦੇ ਲੰਗਰ ਹੀ ਲਗਾਉਣਗੇ।

## ਇੰਡੋਨੇਸ਼ੀਆ ਵਿਚ ਸੁਨਾਮੀ ਨਾਲ ਮੌਤਾਂ ਦੀ ਗਿਣਤੀ 373 ਹੋਈ

ਆਖਦਾ ਸੀ, ਨੂੰ ਨਿਗਲ ਗਈ। ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਆਸੇਪ ਨੇ ਕਿਹਾ, 'ਮੈਨੂੰ ਵੱਡਾ ਝਟਕਾ ਲੱਗਿਆ। ਮੈਂ ਕਦੇ ਵੀ ਅਜਿਹੀ ਆਸ ਨਹੀਂ ਕੀਤੀ ਸੀਸਾਨੂੰ ਕੋਈ ਚੇਤਾਵਨੀ ਵੀ ਨਹੀਂ ਮਿਲੀ,ਪਹਿਲੀ ਨਜ਼ਰੇ ਸਾਨੂੰ ਲੱਗਿਆ ਕਿ ਸ਼ਾਇਦ ਇਹ ਪਾਣੀ ਦੀ ਵੱਡੀ ਸਾਰੀ ਛੱਲ ਸੀ ਪਰ ਫਿਰ ਪਾਣੀ ਦਾ ਪੱਧਰ ਬਹੁਤ ਉੱਚਾ ਪੁੱਜ ਗਿਆ।' ਆਸੇਪ ਦੇ ਉਹਦਾ ਪਰਿਵਾਰ ਸੁਕਰਾਮੇ ਪਿੰਡ ਤੋਂ ਉੱਚੇ ਮੈਦਾਨਾਂ 'ਤੇ ਜਾ ਪੁੱਜਾ ਹੈ ਤੇ ਉਨ੍ਹਾਂ ਕੋਲ ਮਹਿਜ਼ ਕੁਝ ਕੱਪੜੇ ਹੀ ਹਨ ਪਰ ਚੰਗੇ ਭਾਗਾਂ ਨੂੰ ਉਹ ਉਨ੍ਹਾਂ ਕੁਝ ਲੋਕਾਂ 'ਚ ਸ਼ੁਮਾਰ ਹਨ, ਜਿਨ੍ਹਾਂ ਦੀ ਜਾਨ ਬਚ ਗਈ। ਸੁਨਾਰੀਆ ਨੇ ਕਿਹਾ, 'ਮੇਰਾ ਪਰਿਵਾਰ ਤਾਂ ਸੁਰੱਖਿਅਤ ਹੈ, ਪਰ ਮੇਰਾ ਘਰ ਤਬਾਹ ਹੋ ਗਿਆ। ਸਭ ਕੁਝ ਚਲਾ ਗਿਆ।' ਇਹ ਹੋਰ ਪਿੰਡ ਵਾਸੀ ਸੁਨਾਰਤੀ, ਜੋ ਤਬਾਹ ਹੋ ਚੁੱਕੇ ਆਪਣੇ ਘਰ ਦੇ ਬਾਹਰ ਗੋਡੇ-ਗੋਡੇ ਪਾਣੀ ਵਿਚ ਆਪਣਾ ਸਮਾਨ ਭਾਲ ਰਹੀ ਸੀ, ਨੇ ਕਿਹਾ, 'ਮੈਨੂੰ ਹੁਣ ਉਨ੍ਹਾਂ ਦੇਹਾਂ ਦੀ ਤਲਾਸ਼ ਹੈ, ਜੋ ਅਜੇ ਤਕ ਨਹੀਂ ਲੱਭੀਆਂ। ਲੰਘੇ ਦਿਨ ਸਾਨੂੰ ਇਕ ਹੀ ਲਾਸ਼ ਮਿਲੀ ਸੀ ਤੇ ਅਸੀਂ ਉਨ੍ਹਾਂ ਥਾਵਾਂ ਨੂੰ ਵੇਖ ਰਹੇ ਹਾਂ, ਜਿੱਥੇ ਅਜੇ ਕੁਝ ਹੋਰ ਲਾਸ਼ਾਂ ਦੱਬੀਆਂ ਹੋ ਸਕਦੀਆਂ ਹਨ।' ਸੁਨਾਰਤੀ ਨੇ ਕਿਹਾ, ਮੇਰੀ ਜ਼ਿੰਦਗੀ ਤਾਂ ਪਹਿਲਾਂ ਹੀ ਬੜੀ ਔਖੀ ਸੀ। ਅਸੀਂ ਬਹੁਤ ਗਰੀਬ ਹਾਂ ਤੇ ਹੁਣ ਇਹ ਭਾਣਾ ਵਾਪਰ ਗਿਆ।' ਜੁਨਾਇਦੀ ਨਾਂ ਦੇ ਇਕ ਹੋਰ ਸ਼ਖ਼ਸ ਨੇ ਕਿਹਾ ਕਿ ਉਹਨੇ ਕੁਦਰਤ ਦੇ ਕਹਿਰ ਨੂੰ ਅੱਖੀਂ ਵੇਖਿਆ ਹੈ ਤੇ ਸਾਰਾ ਕੁਝ ਅੱਖ ਦੇ ਫੇਰ ਨਾਲ ਹੋ ਗਿਆ।' ਉਂਜ ਇਨ੍ਹਾਂ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਅਜੇ ਤਕ ਉਨ੍ਹਾਂ ਤੱਕ ਕੋਈ ਮਦਦ ਨਹੀਂ ਪੁੱਜੀ।

## ਰਾਜੀਵ ਗਾਂਧੀ ਦੇ ਬੁੱਤ 'ਤੇ ਅਕਾਲੀਆਂ ਨੇ ਮਲੀ ਕਾਲਖ

ਦੋਵਾਂ ਲੀਡਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਤੇ ਨਾ ਹੀ ਕਾਂਗਰਸ ਦੇ ਸੱਤਾ ਵਿੱਚ ਹੋਣ ਦੇ ਬਾਵਜੂਦ ਉਹ ਡਰਦੇ ਹਨ। ਅਕਾਲੀ ਲੀਡਰਾਂ ਵੱਲੋਂ ਕੀਤੀ ਕਾਰਵਾਈ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਦੇ ਇਸ ਕਾਰਨਾਮੇ ਦੀ ਨਿੰਦਾ ਕੀਤੀ ਤੇ ਪੁਲਿਸ ਨੂੰ ਕਾਰਵਾਈ ਦੇ ਨਿਰਦੇਸ਼ ਦਿੱਤੇ। ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਤੇ ਸਥਾਨਕ ਲੀਡਰ ਗੁਰਸਿਮਰਨ ਸਿੰਘ ਮੰਡ ਨੇ ਗਾਂਧੀ ਦੇ ਬੁੱਤ ਨੂੰ ਦੁੱਧ ਨਾਲ ਸਾਫ ਕੀਤਾ। ਲੁਧਿਆਣਾ ਜ਼ਿਲ੍ਹੇ ਦੇ ਕਾਂਗਰਸ ਪ੍ਰਧਾਨ ਗੁਰਪ੍ਰੀਤ ਸਿੰਘ ਗੋਗੀ ਨੇ ਕਿਹਾ ਕਿ ਅਜਿਹਾ ਕਰਨ ਵਾਲੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲਿਸ ਕੋਲ ਇਸ ਮਾਮਲੇ ਦੀ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਬਿੱਟੂ ਨੇ ਵੀ ਅਕਾਲੀਆਂ ਵੱਲੋਂ ਕੀਤੀ ਇਸ ਹਰਕਤ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਹੁਣ ਅਕਾਲੀ ਦਲ ਕੋਲ ਮੁੱਦੇ ਮੁੱਕ ਗਏ ਹਨ ਤੇ ਉਹ ਹੋਛੀ ਸਿਆਸਤ 'ਤੇ ਉੱਤਰ ਆਇਆ ਹੈ।

ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਖ਼ ਮਲਣ ਸਬੰਧੀ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਇਸ ਸਬੰਧੀ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ। ਲੁਧਿਆਣਾ ਪੁਲਿਸ ਨੇ ਅੱਠ ਤੋਂ 10 ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਦੋ ਦੀ ਸ਼ਨਾਖ਼ਤ ਹੋਈ ਹੈ। ਲੁਧਿਆਣਾ ਦੇ ਉਪ ਕਮਿਸ਼ਨਰ ਪੁਲਿਸ ਅਸ਼ਵਨੀ ਕਪੂਰ ਨੇ ਦੱਸਿਆ ਕਿ ਮਾਮਲੇ ਵਿਚ ਐਫਆਈਆਰ ਨੰਬਰ 431, ਭਾਰਤੀ ਸੰਵਿਧਾਨ ਦੀ ਧਾਰਾ 153ਏ (ਆਈਪੀਸੀ) ਅਤੇ 68 ਆਈਟੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਯੂਥ ਅਕਾਲੀ ਆਗੂ ਗੁਰਦੀਪ ਸਿੰਘ ਗੋਸ਼ਾ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ।

ਕਾਂਗਰਸੀ ਆਗੂ ਨੇ ਕੀਤੀ ਦਸਤਾਰ ਦੀ ਬੇਅਦਬੀ : ਰਾਜੀਵ ਗਾਂਧੀ 'ਤੇ ਪੰਜਾਬ ਦੀ ਸਿਆਸਤ ਦਿਨ-ਬ-ਦਿਨ ਭਖ਼ਦੀ ਜਾ ਰਹੀ ਹੈ। ਜਿੱਥੇ ਅਕਾਲੀਆਂ ਨੇ ਲੁਧਿਆਣਾ ਸ਼ਹਿਰ ਵਿੱਚ ਲੱਗੇ ਹੋਏ ਰਾਜੀਵ ਦੇ ਬੁੱਤ 'ਤੇ ਕਾਲਖ਼ ਮਲ਼ ਦਿੱਤੀ, ਉੱਥੇ ਹੀ ਕਾਂਗਰਸੀਆਂ ਨੇ ਰਾਜੀਵ ਗਾਂਧੀ ਦੇ ਬੁੱਤ 'ਤੇ ਲੱਗੇ ਕਾਲੇ ਤੇ ਲਾਲ ਰੰਗ ਨੂੰ ਦੁੱਧ ਨਾਲ ਧੋਤਾ ਅਤੇ ਫਿਰ ਸਿਰ 'ਤੇ ਬੰਨ੍ਹੀ ਦਸਤਾਰ ਨਾਲ ਸਾਫ਼ ਵੀ ਕੀਤਾ।ਦਰਅਸਲ, ਰਾਜੀਵ ਗਾਂਧੀ ਦੇ ਬੁੱਤ ਨਾ ਅਜਿਹਾ ਵਤੀਰਾ ਦੇਖ ਕਾਂਗਰਸ ਦੇ ਲੀਡਰ ਗੁਰਸਿਮਰਨ ਸਿੰਘ ਮੰਡ ਨੇ ਵੀ ਚਾਪਲੂਸੀ ਦੀ ਹੱਦ ਕਰਦਿਆਂ ਹੋਇਆ ਤੁਰੰਤ ਗਾਂਧੀ 'ਤੇ ਬੁੱਤ 'ਤੇ ਲੱਗੀ ਕਾਲਖ਼ ਨੂੰ ਦੁੱਧ ਨਾਲ ਧੋਤਾ ਅਤੇ ਫਿਰ ਸਿਰ 'ਤੇ ਬੰਨ੍ਹੀ ਦਸਤਾਰ ਨਾਲ ਰਾਜੀਵ ਗਾਂਧੀ ਦੇ ਬੁੱਤ ਦੀ ਸਫ਼ਾਈ ਵੀ ਕੀਤੀ। ਇਹ ਸ਼ਖ਼ਸ ਕਾਂਗਰਸ ਦੇ ਪੰਜਾਬ ਸਥਾਨਕ ਸਰਕਾਰਾਂ ਸੈੱਲ ਦਾ ਉਪ-ਪ੍ਰਧਾਨ ਰਹਿ ਚੁੱਕਾ ਹੈ ਅਤੇ ਉੱਤਰ ਭਾਰਤ ਜ਼ੋਨ ਦੇ ਸੈਂਸਰ ਬੋਰਡ ਦਾ ਮੈਂਬਰ ਵੀ ਰਹਿ ਚੁੱਕਾ ਹੈ।

ਚੰਗੇ ਅਹੁਦਿਆਂ 'ਤੇ ਰਹਿ ਚੁੱਕੇ ਗੁਰਸਿਮਰਨ ਸਿੰਘ ਮੰਡ ਨੇ ਦਸਤਾਰ ਦੀ ਅਹਿਮੀਅਤ ਨਾ ਸਮਝੀ ਤੇ ਰਾਜੀਵ ਗਾਂਧੀ ਦੇ ਬੁੱਤ ਦੀ ਸਫ਼ਾਈ ਕਰ ਦਿੱਤੀ। ਉਨ੍ਹਾਂ ਆਪਣੇ ਇਸ 'ਭੱਦਰ ਕਾਰੇ' ਦੀ ਵੀਡੀਓ ਆਪਣੇ ਫੇਸਬੁੱਕ ਖਾਤੇ 'ਤੇ ਲਾਈਵ ਵੀ ਸਾਂਝੀ ਕੀਤੀ ਤੇ ਖ਼ੁਦ ਨੂੰ ਗਾਂਧੀ ਪਰਿਵਾਰ ਦਾ ਸੱਚਾ ਸਿਪਾਹੀ ਦੱਸਿਆ ਅਤੇ ਬੁੱਤ 'ਤੇ ਕਾਲਖ਼ ਮਲਣ ਦੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਉਂਝ, ਕਿਸੇ ਜ਼ਖ਼ਮੀ ਵਿਅਕਤੀ ਦਾ ਵਹਿੰਦਾ ਖ਼ੂਨ ਰੋਕਣ ਜਾਂ ਕਿਸੇ ਡੁੱਬਦੇ ਨੂੰ ਬਚਾਉਣ ਲਈ ਪੱਗ ਦੀ ਵਰਤੋਂ ਕੀਤੇ ਜਾਣ ਦੀਆਂ ਖ਼ਬਰਾਂ ਅਕਸਰ ਸੁਣੀਆਂ ਹਨ ਅਤੇ ਲੋਕ ਅਜਿਹੇ ਕਾਰਨਾਮਿਆਂ ਦੀ ਤਾਰੀਫ਼ ਵੀ ਕਰਦੇ ਹਨ ਪਰ ਮੰਡ ਵੱਲੋਂ ਦਸਤਾਰ ਦੀ ਮਰਿਆਦਾ ਦਾ ਖ਼ਿਆਲ ਨਾ ਰੱਖਣ ਕਰ ਕੇ ਉਨ੍ਹਾਂ ਦੇ ਇਸ ਕਾਰੇ ਦੀ ਸੋਸ਼ਲ ਮੀਡੀਆ 'ਤੇ ਰੱਜ ਕੇ ਆਲੋਚਨਾ ਹੋ ਰਹੀ ਹੈ। ਉਨ੍ਹਾਂ ਦੇ ਕਈ ਸਮਰਥਕ ਵੀ ਵੀਡੀਓ ਹੇਠ ਕੁਮੈਂਟ ਵਿਚ ਇਹੋ ਸਲਾਹ ਦੇ ਰਹੇ ਹਨ ਕਿ ਪੱਗ ਦੀ ਥਾਂ ਕੱਪੜੇ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਪਰ ਗੁਰਸਿਮਰਨ ਸਿੰਘ ਮੰਡ ਵੱਲੋਂ ਲਿਖੇ ਵਾਕ, 'ਗਾਂਧੀ ਪਰਿਵਾਰ ਨੂੰ ਮੇਰਾ ਸਲੂਟ! ਮੈਂ ਹਾਂ ਸੱਚਾ ਕਾਂਗਰਸੀ' ਤੋਂ ਮਾਮਲਾ ਸਿਆਸੀ ਲਾਹਾ ਲੈਣ ਵਾਲਾ ਜਾਪਦਾ ਹੈ।

## ਵਿਸ਼ਵ ਭਰ 'ਚ ਇਸਾਈ ਭਾਈਚਾਰੇ ਨੇ ਉਤਸ਼ਾਹ ਨਾਲ ਮਨਾਇਆ ਕ੍ਰਿਸਮਸ ਦਾ ਤਿਉਹਾਰ

ਫਲਸਤੀਨ ਦੀ ਸੈਰ ਸਪਾਟਾ ਮੰਤਰੀ ਰੂਲਾ ਮੈਯਾ ਨੇ ਦੱਸਿਆ ਕਿ ਬੈਥਲੇਹਮ ਦੇ ਸਾਰੇ ਹੋਟਲ ਬੁੱਕ ਸਨ ਅਤੇ ਸੁਰੱਖਿਆ ਸਥਿਤੀ ਵੀ ਪੂਰੀ ਤਰ੍ਹਾਂ ਕੰਟਰੋਲ ਹੇਠ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਕਦੇ ਵੀ ਇੰਨੀ ਵੱਡੀ ਗਿਣਤੀ ਵਿਚ ਲੋਕ ਫਲਸਤੀਨ ਨਹੀਂ ਆਏ ਸਨ। ਟਰੈਵਲ ਏਜੰਟ ਫਾਦੀ ਖਤਾਨ ਨੇ ਕਿਹਾ ਕਿ ਆਉਣ ਵਾਲੇ ਕੁਝ ਦਿਨਾਂ ਤਕ ਸ਼ਹਿਰ ਦੇ ਸਾਰੇ ਹੋਟਲ ਬੁੱਕ ਹਨ। ਕ੍ਰਿਸਮਸ ਤੋਂ ਇੱਕ ਦਿਨ ਪਹਿਲਾਂ ਸ਼ਰਧਾਲੂ ਬੈਥਲੇਹਮ ਪੁੱਜੇ ਅਤੇ ਗ੍ਰੋਟੋ (ਕੁਦਰਤੀ ਗੁਫਾ) ਦੇ ਦਰਸ਼ਨ ਲਈ ਕਤਾਰਾਂ ਵਿਚ ਲੱਗੇ। ਅਜਿਹਾ ਮੰਨਿਆ ਜਾਂਦਾ ਹੈ ਕਿ ਭਗਵਾਨ ਯਸ਼ੂ ਦਾ ਜਨਮ ਇਸੇ ਅਸਥਾਨ ਉੱਤੇ ਹੋਇਆ ਸੀ।

ਪੋਪ ਨੇ ਲਾਲਚ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ : ਪੋਪ ਫਰਾਂਸਿਸ ਨੇ ਕ੍ਰਿਸਮਸ ਦੇ ਜਸ਼ਨ ਦੀ ਸ਼ੁਰੂਆਤ ਮੌਕੇ ਵੈਟੀਕਨ ਸਿਟੀ ਵਿਚ ਇਕੱਤਰ ਲੋਕਾਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਮੌਜੂਦਾ ਸਮੇਂ ਵਧ ਰਹੇ ਲਾਲਚ ਦੀ ਨਿਖੇਧੀ ਕੀਤੀ। ਵੈਟੀਕਨ ਦੇ ਸੇਂਟ ਪੀਟਰ ਬੈਸਿਲਿਕਾ ਗਿਰਜਾਘਰ ਵਿਚ ਕ੍ਰਿਸਮਸ ਤੋਂ ਇਕ ਦਿਨ ਪਹਿਲਾਂ ਹਜ਼ਾਰਾਂ ਸ਼ਰਧਾਲੂ ਇਕੱਤਰ ਹੋਏ ਜਿੱਥੇ ਪੋਪ ਫਰਾਂਸਿਸ ਨੇ ਕ੍ਰਿਸਮਸ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ।

## 'ਅਬ ਨਹੀਂ' : ਪਰਵਾਸੀ ਪਤੀਆਂ ਦੀਆਂ ਸਤਾਈਆਂ ਪੰਜਾਬਣਾਂ ਦੇ ਦਰਦ ਦੀ ਹੂਕ

ਖ਼ਰਚੇ ਤਾਂ ਬੰਨ੍ਹਵਾ ਲਏ ਪਰ ਪੱਲੇ ਕਿਸੇ ਦੇ ਅੱਜ ਤੱਕ ਫੁੱਟੀ ਕੌਡੀ ਵੀ ਨਹੀਂ ਪਈ। ਸਰਕਾਰਾਂ ਨੇ ਅਨੇਕ ਵਾਰ ਬਿਆਨ ਤਾਂ ਦਿੱਤੇ ਹਨ ਕਿ ਅਜਿਹੇ ਪ੍ਰਵਾਸੀ ਪੰਜਾਬੀ ਲਾੜਿਆਂ ਨੂੰ ਵਾਪਸ ਲਿਆਂਦਾ ਜਾਵੇਗਾ ਪਰ ਹਵਾਲਗੀ ਲਈ ਅੱਜ ਤਕ ਇਕ ਵੀ ਕੇਸ ਸਾਹਮਣੇ ਨਹੀਂ ਆਇਆ।

'ਅਬ ਨਹੀਂ' ਦੀ ਪ੍ਰਧਾਨ ਸਤਵਿੰਦਰ ਕੌਰ ਸੱਤੀ ਨੇ ਦੱਸਿਆ ਕਿ ਉਨ੍ਹਾਂ ਨੇ ਲੋਕ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਧਿਰਕਾਰੀਆਂ ਧੀਆਂ ਦੇ ਕੇਸ 6 ਮਹੀਨੇ 'ਚ ਨਿਪਟਾਏ ਜਾਣ ਲਈ ਫ਼ਾਸਟ ਟਰੈਕ ਅਦਾਲਤਾਂ ਬਣਨ ਤੇ ਧੋਖਾ ਦੇਣ ਵਾਲੇ ਪਤੀਆਂ ਨੂੰ ਵਾਪਸ ਲਿਆਉਣ ਲਈ ਸਖ਼ਤ ਕਾਨੂੰਨ ਬਣੇ।

ਪਤੀਆਂ ਤੇ ਸਹੁਰਿਆਂ ਵਲੋਂ ਧਿਰਕਾਰੇ ਜਾਣ ਕਾਰਨ ਬੇਸਹਾਰਾ ਹੋਈਆਂ ਇਨ੍ਹਾਂ ਔਰਤਾਂ ਦੇ ਮੁੜ ਵਸੇਬੇ ਲਈ ਕਾਨੂੰਨ ਪਾਸ ਹੋਵੇ ਜਿਸ ਤਹਿਤ ਹਰ ਔਰਤ ਨੂੰ ਗੁਜ਼ਾਰਾ ਭੱਤਾ, ਸਰਕਾਰੀ ਘਰ (ਰੈਣ ਬਸੇਰਾ) ਅਤੇ ਬੱਚਿਆਂ ਦੀ ਪੜ੍ਹਾਈ ਦਾ ਮੁਫ਼ਤ ਪ੍ਰਬੰਧ ਹੋਵੇ।

ਉਨ੍ਹਾਂ ਕਿਹਾ ਕਿ ਧਾਰਾ 497 ਖ਼ਤਮ ਕਰਕੇ ਪੱਛਮੀ ਦੇਸ਼ਾਂ ਦੀ ਨਕਲ ਕੀਤੀ ਗਈ ਹੈ ਪਰ ਪੱਛਮੀ ਦੇਸ਼ਾਂ ਵਾਂਗ ਸਰਕਾਰ ਨਿਆਸਰਾ ਔਰਤਾਂ ਤੇ ਬੱਚਿਆਂ ਦੇ ਵਸੇਬੇ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲਵੇ। ਉਨ੍ਹਾਂ ਕਿਹਾ ਕਿ ਅਸੀਂ ਹਰ ਜ਼ਿਲ੍ਹੇ ਵਿਚ ਜਾ ਕੇ ਔਰਤਾਂ ਨੂੰ ਲਾਮਬੰਦ ਕਰਾਂਗੀਆਂ ਅਤੇ ਚੋਣਾਂ ਦੌਰਾਨ ਵੋਟਾਂ ਮੰਗਣ ਵਾਲੀਆਂ ਪਾਰਟੀਆਂ ਸਾਹਮਣੇ ਵੀ ਪੱਖ ਰੱਖਾਂਗੀਆਂ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin 637 Esplanade Dr. Mountain House, CA 95391, Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

SUNPREME Premium Bifacial Thin Film Solar



Satnam Singh Khalsa
510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM